
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ
VOL - 5 ISSUE - 21
August 31, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਭਾਰਤ ਅਤੇ ਅਮਰੀਕਾ ਹੋਰ ਨੇੜੇ ਆਏ

### ਦੁਵੱਲੇ ਰਣਨੀਤਿਕ ਸਬੰਧਾਂ ਨੂੰ ਮਿਲਿਆ ਵੱਡਾ ਹੁਲਾਰਾ

**ਵਾਸ਼ਿੰਗਟਨ (ਬਿਊਰੋ)–** ਭਾਰਤ ਅਤੇ ਅਮਰੀਕਾ ਨੇ ਦੁਵੱਲੇ ਰਣਨੀਤਿਕ ਸਬੰਧਾਂ ਨੂੰ ਹੁਲਾਰਾ ਦਿੰਦਿਆਂ ਸਾਜ਼ੋ-ਸਾਮਾਨ ਅਦਾਨ-ਪ੍ਰਦਾਨ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ, ਜਿਸ ਨਾਲ ਦੋਵਾਂ ਦੇਸ਼ਾਂ ਦੀਆਂ ਫੌਜਾਂ ਸਾਜ਼ੋ-ਸਾਮਾਨ ਦੀ ਮੁਰੰਮਤ ਅਤੇ ਸਪਲਾਈ



ਲਈ ਇਕ ਦੂਜੇ ਨੂੰ ਸਹੂਲਤਾਂ ਦੇਣ ਦੇ ਨਾਲ ਨਾਲ ਇੱਕ ਦੂਜੇ ਦੇ ਟਿਕਾਣਿਆਂ ਦੀ ਵਰਤੋਂ ਕਰ ਸਕਣਗੀਆਂ। ਇਸ ਦੇ ਨਾਲ ਸਾਂਝੇ ਅਪਰੇਸ਼ਨਾਂ ਦੀ ਸਮਰੱਥਾ ਵਿੱਚ ਵਾਧਾ ਹੋਵੇਗਾ। ਰੱਖਿਆ ਮੰਤਰੀ ਮਨੋਹਰ ਪਰੀਕਰ ਅਤੇ ਅਮਰੀਕੀ ਰੱਖਿਆ ਮੰਤਰੀ ਐਸ਼ਟਨ ਕਾਰਟਰ ਨੇ 'ਸਾਜ਼ੋ-ਸਾਮਾਨ ਅਦਾਨ-ਪ੍ਰਦਾਨ ਸਹਿਮਤੀ ਕਰਾਰ'(ਐਲ ਈ ਐਮ ਓਏ) 'ਤੇ ਸਹੀ ਪਾਈ। ਉਨ੍ਹਾਂ ਕਿਹਾ ਕਿ ਇਸ ਨਾਲ ਵਿਵਹਾਰਕ ਸਬੰਧ ਅਤੇ ਅਦਾਨ-ਪ੍ਰਦਾਨ ਲਈ ਮੌਕੇ ਪੈਦਾ ਹੋਣਗੇ।

ਪੈਂਟਾਗਨ ਵਿੱਚ ਬੀਤੇ ਦਿਨ ਸ੍ਰੀ ਕਾਰਟਰ ਨਾਲ ਗੱਲਬਾਤ ਤੋਂ ਬਾਅਦ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਸ੍ਰੀ ਪਰੀਕਰ ਨੇ ਸਪਸ਼ਟ ਕੀਤਾ, 'ਭਾਰਤ ਵਿੱਚ ਕਿਸੇ ਤਰ੍ਹਾਂ ਦਾ ਬੇਸ ਬਣਾਉਣ ਜਾਂ ਬੇਸ ਬਣਾਉਣ ਲਈ ਕਿਸੇ ਤਰ੍ਹਾਂ ਦੀ ਗਤੀਵਿਧੀ ਚਲਾਉਣ ਦੀ ਇਸ ਵਿੱਚ ਕੋਈ ਵਿਵਸਥਾ ਨਹੀਂ ਹੈ। ਐਲਈਐਮਓਏ ਨਾਲ ਭਾਰਤ ਅਤੇ ਅਮਰੀਕਾ ਵਿਚਾਲੇ ਸਾਜ਼ੋ-ਸਾਮਾਨ ਸਹਿਯੋਗ, ਸਪਲਾਈ ਅਤੇ ਸੇਵਾਵਾਂ ਦੀ ਮੁੜ ਪੂਰਤੀ ਦੇ ਅਧਾਰ 'ਤੇ ਵਿਵਸਥਾ ਹੈ ਅਤੇ ਉਨ੍ਹਾਂ ਨੂੰ ਸੰਚਾਲਿਤ ਕਰਨ ਲਈ ਇਕ

(ਬਾਕੀ ਸਫਾ 7 ਤੇ)

## ਯੂਬਾ ਸਿਟੀ ਗੁਰਦੁਆਰਾ ਸਾਹਿਬ ਦੀ ਚੋਣ ਦੌਰਾਨ "ਪੰਥਕ ਸਲੇਟ" ਦੀ ਭਾਰੀ ਜਿੱਤ

### ਦਿਦਾਰ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਗੁਰਨਾਮ ਸਿੰਘ ਪੰਮਾ, ਤੇ ਪਰਮਿੰਦਰ ਸਿੰਘ ਗਰੇਵਾਲ ਧੜਾ ਜੇਤੂ


ਗੁਰਨਾਮ ਸਿੰਘ ਪੰਮਾ


ਜਸਵੰਤ ਬੈਂਸ


ਸਰਬ ਥਿਆੜਾ


ਕੁਲਦੀਪ ਸਿੰਘ ਅਟਵਾਲ


ਪ੍ਰਮਿੰਦਰ ਸਿੰਘ ਗਰੇਵਾਲ


ਯੂਬਾ ਸਿਟੀ ਸਿੱਖ ਪਰੇਡ ਦੇ ਬਾਨੀ ਦੀਦਾਰ ਸਿੰਘ ਬੈਂਸ


ਗੁਰਮੇਜ ਸਿੰਘ ਗਿੱਲ

**ਯੁਬਾ ਸਿਟੀ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਯੁਬਾ ਸਿਟੀ, ਕੈਲੀਫੋਰਨੀਆ ਦੇ ਟਾਇਰਾ ਬਿਉਨਾ ਗੁਰਦੁਆਰਾ ਸਾਹਿਬ ਵਿੱਚ ਹੋਈ ਇਲੈਕਸ਼ਨ ਦੌਰਾਨ "ਪੰਥਕ ਸਲੇਟ" ਦੀ ਹੋਈ ਵਕਾਰੀ ਜਿੱਤ ਦੀ ਖਿੱਤੇ 'ਚ ਜੁੜੇ ਸਿੱਖ ਭਾਈਚਾਰੇ ਵਿੱਚ ਕਾਫੀ ਚਰਚਾ ਹੈ। ਇਹ ਜਿੱਤ ਕਈ ਮਾਇਨਿਆਂ 'ਚ ਅਹਿਮ ਹੈ ਕਿਓ ਕਿ ਇਸ ਗੁਰੂ ਘਰ ਵਿੱਚ ਕਢਿਆ ਜਾਂਦੇ ਨਗਰ ਕੀਰਤਨ ਦੀ ਦੁਨੀਆਂ ਵਿੱਚ ਚਰਚਾ ਹੈ ਤੇ ਪੰਥਕ ਹਲਕਿਆਂ ਵਿੱਚ ਇਥੋਂ ਦੀ ਸਿਆਸਤ ਦਾ ਨਾਂ ਹੈ। ਯੁਬਾ ਸਿਟੀ, ਕੈਲੀਫੋਰਨੀਆ, ਟਾਇਰਾ ਬਿਉਨਾ ਰੋਡ ਗੁਰਦੁਆਰਾ ਸਾਹਿਬ ਦੀ ਇਸ ਚੋਣ ਦੌਰਾਨ ਸਾਧ ਸੰਗਤ ਸਲੇਟ ਦੀ ਅਗਵਾਈ ਕਰਦੇ ਤੇਜਿੰਦਰ ਦੁਸਾਂਝ ਨੂੰ ਭਾਰੀ ਹਾਰ ਕਾਰਨ ਕਾਫੀ ਨਿਮੋਸ਼ੀ ਦਾ ਸਾਹਮਣਾ ਕਰਨਾ ਪਿਆ ਤੇ ਉਸਦਾ ਇਕ ਵੀ ਮੈਂਬਰ ਜਿੱਤ ਨਹੀ ਸਕਿਆ। ਇਨਾਂ ਚੋਣਾ ਵਿੱਚ ਹਾਰ ਨੂੰ ਦੇਖਦਿਆਂ ਐਤਕਾਂ ਦੁਸਾਂਝ ਦੀ ਬਾਹਰੋਂ ਕੋਈ ਸਹਿਯੋਗੀ ਪਾਰਟੀ ਉਸਦੀ ਮੱਦਦ ਕਰਨ ਵੀ ਨਹੀ ਆਈ ਤੇ ਹੈਰਾਨੀ ਹੋਈ ਕਿ ਇਸ ਧੜੇ ਨੂੰ ਯੁਬਾ ਸਿਟੀ ਵਿੱਚੋਂ 73 ਉਮੀਦਵਾਰ ਵੀ ਨਹੀਂ ਮਿਲੇ ਤੇ ਲਗਭਗ 43 ਵਿਆਕਤੀ ਹੀ ਲੱਭੇ ਉਹ ਵੀ ਸਾਰੇ ਹਾਰ ਗਏ। ਇਸ ਚੋਣ ਦੌਰਾਨ "ਪੰਥਕ ਸਲੇਟ" ਦੇ ਸਾਰੇ ਦੇ ਸਾਰੇ 73 ਉਮੀਦਵਾਰ ਜਿੱਤ ਗਏ। ਜਿਸ ਦੀ ਅਗਵਾਈ ਸਰਦਾਰ ਦਿਦਾਰ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਗੁਰਨਾਮ ਸਿੰਘ ਪੰਮਾ, ਤੇ ਪਰਮਿੰਦਰ ਸਿੰਘ ਗਰੇਵਾਲ ਕਰ ਰਹੇ ਸਨ। ਇਸ ਦੌਰਾਨ "ਯੁਬਾ ਸਿਟੀ" ਦੀਆਂ ਸੰਗਤਾਂ ਨੇ ਅੱਠ ਸਾਲ ਤੋਂ ਜਬਰੀ ਕਾਬਜ ਧੜੇ ਨੂੰ ਹਰਾਇਆ।

ਨਵੀਂ ਜਿੱਤੀ ਪ੍ਰਬੰਧਕ ਕਮੇਟੀ "ਪੰਥਕ ਸਲੇਟ" ਦੇ ਆਗੂਆਂ ਨੇ ਸੰਗਤਾਂ ਨੂੰ ਵਿਸ਼ਵਾਸ਼ ਦੁਵਾਉਦਿਆਂ ਕਿਹਾ ਕਿ ਅਮਰੀਕਾ ਦੇ ਇਸ ਖਿੱਤੇ 'ਚ ਸਿੱਖ ਸੰਗਤ ਤੋਂ ਸਿੱਖੀ ਦੀ ਚੜਦੀ ਕਲਾ ਤੇ ਸਿੱਖੀ ਮੁਰਿਆਦਾ ਲਈ ਵੱਖ ਵੱਖ ਕਾਰਜ ਕੀਤੇ ਜਾਣਗੇ ਇਸ ਲਈ ਸੰਗਤਾਂ ਤੋਂ ਸਹਿਯੋਗ ਦੀ ਹਮੇਸ਼ਾ ਆਸ ਵੀ ਰਹੇਗੀ। ਉਨਾਂ ਕਿਹਾ ਕਿ ਵਿਸ਼ਵ ਭਰ ਵਿੱਚ ਚਰਚਿੱਤ ਨਗਰ ਕੀਰਤਨ ਐਤਕਾਂ ਹੋਰ ਵੀ ਜਾਹੋ ਜਲੌਅ ਨਾਲ ਮਨਾਇਆ ਜਾਵੇਗਾ ਤੇ ਹਰ ਕਾਰਜ ਸ੍ਰੀ ਅਕਾਲ ਤਖਤ ਸਹਿਬ ਜੀ ਦੀ ਓਟ ਥੱਲੇ ਹੋਵੇਗਾ।



ਮੁੱਖ ਮਹਿਮਾਨ ਡਾ. ਰੌਣਕੀ ਰਾਮ ਜੀ ਨੂੰ ਡਾ. ਕਰਮਜੀਤ ਸਿੰਘ ਅਤੇ ਧੀਮਾਨ ਸਾਹਿਬ ਸਨਮਾਨਿਤ ਕਰਦੇ ਹੋਏ

"ਦਲਿਤ ਅਤੇ ਪ੍ਰਗਤੀਵਾਦੀ ਚਿੰਤਨ: ਸਾਂਝੇ ਸੂਤਰ" ਵਿਸ਼ੇ ਉਪਰ ਹੋਇਆ ਰਾਸ਼ਟਰੀ ਸੈਮੀਨਾਰ (ਦੇਖੋ ਸਫਾ 5 ਤੇ)

## ਅਕਾਲੀ ਦਲ ਵਿਚੋਂ ਮੁੱਕ ਚੱਲੀ ਟੌਹੜਾ ਪਰਿਵਾਰ ਦੀ ਵਿਰਾਸਤ

**ਚੰਡੀਗੜ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 27 ਸਾਲ ਪ੍ਰਧਾਨ ਰਹੇ ਪੰਥ ਰਤਨ ਮਰਹੂਮ ਗੁਰਚਰਨ ਸਿੰਘ ਟੌਹੜਾ ਦੀ ਧੀ ਕੁਲਦੀਪ ਕੌਰ ਟੌਹੜਾ ਅਤੇ ਜਵਾਈ ਤੇ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਦੀ ਕਮੇਟੀ ਦੇ ਮੈਂਬਰ ਹਰਮੇਲ ਸਿੰਘ ਟੌਹੜਾ ਆਪਣੇ ਪੁੱਤਰ ਹਰਿੰਦਰਪਾਲ ਸਿੰਘ ਟੌਹੜਾ ਸਮੇਤ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਗਏ ਹਨ। 'ਆਪ' ਦੇ ਪੰਜਾਬ ਇੰਚਾਰਜ ਸੰਜੈ ਸਿੰਘ, ਸੰਸਦ ਮੈਂਬਰ ਭਗਵੰਤ ਮਾਨ, ਮੈਨੀਫੈਸਟੋ ਕਮੇਟੀ ਦੇ ਮੁਖੀ ਕੰਵਰ ਸੰਧੂ, ਸੁਨਾਮ ਤੋਂ ਪਾਰਟੀ ਉਮੀਦਵਾਰ ਅਮਨ ਅਰੋੜਾ, ਕਾਨੂੰਨੀ ਸੈੱਲ ਦੇ ਮੁਖੀ ਹਿੰਮਤ ਸਿੰਘ



ਸ਼ੇਰਗਿੱਲ, ਗੁਰਪ੍ਰੀਤ ਘੁੱਗੀ, ਕਿਸਾਨ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਕਰਨਵੀਰ ਸਿੰਘ ਟਿਵਾਣਾ ਅਤੇ ਪਟਿਆਲਾ ਜ਼ੋਨ ਦੇ ਇੰਚਾਰਜ ਡਾ. ਬਲਬੀਰ ਸਿੰਘ ਦੀ ਹਾਜ਼ਰੀ ਵਿੱਚ ਕੁਲਦੀਪ ਕੌਰ ਤੇ ਹਰਮੇਲ ਸਿੰਘ ਨੇ 'ਆਪ' ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਕੁਲਦੀਪ ਕੌਰ ਅਤੇ ਹਰਮੇਲ ਸਿੰਘ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਹੁਣ ਟਕਸਾਲੀ ਤੇ ਇਮਾਨਦਾਰ ਆਗੂਆਂ ਦੀ ਲੋੜ ਨਹੀਂ ਹੈ। ਅਕਾਲੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਸਾਫ਼ ਕਹਿ ਦਿੱਤਾ ਕਿ ਜੇ ਉਨ੍ਹਾਂ ਕੋਲ ਪੈਸੇ ਨਹੀਂ ਹਨ ਤਾਂ ਪਾਰਟੀ 'ਚ ਉਨ੍ਹਾਂ ਦੀ ਕੋਈ ਥਾਂ ਨਹੀਂ ਹੈ। ਇਸੇ ਕਾਰਨ ਅਕਾਲੀ ਆਗੂਆਂ ਨੇ ਇਕ ਪੁਲੀਸ ਅਫ਼ਸਰ ਦੇ ਪੁੱਤਰ ਸਤਬੀਰ ਸਿੰਘ ਖੱਟੜਾ ਨੂੰ

(ਬਾਕੀ ਸਫਾ 7 ਤੇ)



SANDHU IMMIGRATION CONSULTANT
ਇਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, I-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
MANDEEP SANDHU
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

ONE REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409



MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਦਾ ਤੀਆਂ ਦਾ ਮੇਲਾ ਸ਼ਾਨੋ-ਸ਼ੌਕਤ ਨਾਲ ਮਨਾਇਆ






















ਪੰਜਾਬੀ ਅਮੈਰਿਕਨ ਸਿੱਖ ਸੁਸਾਇਟੀ ਵੱਲੋਂ ਵਿਸਾਖੀ ਦਾ ਮੇਲਾ ਸਫਲਤਾ ਪੂਰਵਕ ਮਨਾਏ ਜਾਣ ਤੋਂ ਬਾਅਦ ਪਹਿਲੀ ਵਾਰ ਤੀਆਂ ਦਾ ਮੇਲਾ (ਤੀਆਂ 2016) ਰੈਡਿੰਗ (ਕੈਲੇਫੋਰਨੀਆ) ਵਿਖੇ ਬਹੁਤ ਹੀ ਸਫਲਤਾ ਪੂਰਵਕ ਮਨਾਇਆ ਗਿਆ, ਜਿਸ ਵਿਚ ਨੌਜਵਾਨ ਲੜਕੀਆਂ ਅਤੇ ਔਰਤਾਂ ਤੋਂ ਇਲਾਵਾ ਬਜ਼ੁਰਗ ਔਰਤਾਂ ਨੇ ਵੀ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਮੇਲੇ 'ਚ ਪੇਸ਼ ਕੀਤੀਆਂ ਆਈਟਮਾਂ ਨੂੰ ਖ਼ੂਬ ਸ਼ਲਾਘਾ ਮਿਲੀ।

ਮੇਲੇ ਦੀ ਸਫਲਤਾ ਨੂੰ ਚਾਰ ਚੰਨ ਲਾਉਣ ਵਾਲੀਆਂ ਬੀਬੀਆਂ ਕੁਲਦੀਪ ਸਿੱਧੂ, ਬਲਜੀਤ ਗਰੇਵਾਲ, ਪਰਮਜੀਤ ਸੋਹਲ, ਨਵਰੀਤ ਸੇਖੋਂ, ਅਮਨਦੀਪ ਸਪਰਾਏ ਅਤੇ ਮਨਦੀਪ ਜੌਹਲ ਨੇ ਬਹੁਤ ਹੀ ਸੁਚਾਰੂ ਢੰਗ ਨਾਲ ਸੰਚਾਲਨ ਕੀਤਾ। ਇਸ ਮੇਲੇ ਦੌਰਾਨ ਕੋਈ 40 ਤੋਂ ਵੱਧ ਛੋਟੀਆਂ ਬੱਚੀਆਂ ਨੇ ਕੋਈ 20 ਤੋਂ ਜ਼ਿਆਦਾ ਆਈਟਮਾਂ ਬਾਖ਼ੂਬੀ ਨਾਲ ਨਿਭਾਅ ਕੇ ਖ਼ੂਬ ਵਾਹ-ਵਾਹ ਖੱਟੀ, ਜਿਸ ਵਿਚ ਪੰਜਾਬੀ ਬੋਲੀਆਂ, ਪੰਜਾਬੀ ਗਿੱਧਾ ਅਤੇ ਭੰਗੜੇ ਤੋਂ ਇਲਾਵਾ ਬਹੁਤ ਸਾਰੀਆਂ ਕਾਮੇਡੀ ਆਈਟਮਾਂ ਪੇਸ਼ ਕੀਤੀਆਂ ਗਈਆਂ, ਜਿਸ ਵਿਚ ਰੈਡ ਬਲਫ ਦੀਆਂ ਬੀਬੀਆਂ ਦੀ ਪ੍ਰਫਾਰਮੈਂਸ ਅੱਵਲ ਰਹੀ ਇਸ ਮੌਕੇ ਪੰਜਾਬੀ ਖਾਣੇ ਦੇ ਨਾਲ ਬਹੁਤ ਸਾਰੀਆਂ ਚਾਹ, ਸੋਡਾ, ਛੋਲੇ-ਭਟੂਰੇ, ਮਠਿਆਈਆਂ ਆਦਿ ਦਾ ਪ੍ਰਬੰਧ ਵੀ ਕੀਤਾ ਗਿਆ। ਅਖੀਰ ਵਿਚ ਮੇਲੇ ਦੀ ਪ੍ਰਬੰਧਕ ਕਮੇਟੀ ਨੇ ਸਭ ਬੱਚੀਆਂ, ਬੀਬੀਆਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਅਗਲੇ ਸਾਲ ਫਿਰ ਇਸ ਤੋਂ ਵੀ ਵੱਧ ਉਤਸ਼ਾਹ ਨਾਲ ਇਕੱਠੇ ਹੋਵਾਂਗੀਆਂ।

# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:
650-642-0697

## 3525 Highway 99, West Corning, CA 96021

Across the Street from TA Truck Stop

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## ਸਾਧ ਸੰਗਤਿ ਸਮਾਗਮ

**Morning Session**

5:00 - 6:00 Naam Simran
6:00 – 7:15 Nitnem
7:15 – 12:00 Akhand Kirtan
12:00 – Ardaas and Samapti

## ਸਤੰਬਰ 2 to 5, 2016

**Evening Session**

3:30 – 4:30 Naam Simran
4:30 – 5:00 Gurbani Vichar
5:00 – 5:30 Rehraas Sahib
5:30 – 9:00 Akhand Kirtan
9:00 – Ardaas and Samapti

Note: Samagam will start on Sept 2nd at 5 PM with "Naam Simran" and 4 days samagam will end on Sept 5th at 12 PM.



## Speak to a SolarCity energy consultant to save on your monthly electricity bill

**With no upfront cost and predictable energy rates, SolarCity makes switching to solar easy**



Dilwinder Ralh

ਨੋਟ: ਤੁਸੀਂ ਮੇਰੇ ਨਾਲ ਪੰਜਾਬੀ ਅਤੇ ਹਿੰਦੀ ਵਿਚ ਵੀ ਗੱਲ ਕਰ ਸਕਦੇ ਹੋ।

ਸਾਡੇ ਕੋਲ ਲੀਜ਼ ਪ੍ਰੋਗਰਾਮ ਵੀ ਉਪਲੱਬਧ ਹਨ

SolarCity

Free Installation, Maintenance, Repair & Monitoring by SolarCity for 20 years

* 10 ਸਾਲਾਂ ਲਈ ਕਰਜ਼ਾ 2.99 ਪ੍ਰਤੀਸ਼ਤ ਵਿਆਜ, 0 ਡਾਲਰ ਡਾਊਨ ਪੇਮੈਂਟ
* 20 ਸਾਲਾਂ ਲਈ ਕਰਜ਼ਾ 4.99 ਪ੍ਰਤੀਸ਼ਤ ਵਿਆਜ, 0 ਡਾਲਰ ਡਾਊਨ ਪੇਮੈਂਟ

There are special own program options 2016:

1. 10 years loan term @2.99% interest $0 down payment
2. 20 years loan term @4.99% interest $0 down payment
3. We have also speacial lease programme.
4. Also 30% off Federal Tax Credit.

ਜੇਕਰ ਕੋਈ ਸਾਨੂੰ ਕਸਟਮਰ ਰੈਫਰ ਕਰਦਾ ਹੈ ਤਾਂ ਕੰਪਨੀ ਉਸ ਨੂੰ 200 ਡਾਲਰ ਦੇਵੇਗੀ

For more information call me:



## Dilwinder Ralh

Field Energy Consultant (FEC)
Yuba City. CA 95993
dralh@solarcity.com Ph: 530-933-3938





Green CLEANING

# Elm Discount Dry Cleaners

$3.50 Most Garments Dry Clean
$1.25 Laundered Shirts

Bring in 6 Garments, 1 Regulat Garment is Free
Addition 10% OFF on Business Accounts

6 ਗਾਰਮੈਂਟਸ ਲਿਆਓ, ਇਕ ਰੈਗੂਲਰ ਗਾਰਮੈਂਟ ਮੁਫਤ
10 ਫੀਸਦੀ ਬਿਜਨਸ ਅਕਾਊਂਟਸ ਤੇ ਛੋਟ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7 ਤੋਂ ਸ਼ਾਮ 7 ਵਜੇ ਤੱਕ,
ਸ਼ਨਿਚਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ

Service Includes : Expert Alterations, Rugs, Draperies, Gowns, Shoes, Comforters Households, Leather & Swede

Manager Shobhna Singh (650) 995-0785

www.elmdiscountdrycleaners.com

ਪੰਜਾਬੀ ਸੂਟ ਵੀ ਇੱਥੇ ਡ੍ਰਾਈਕਲੀਨ ਕੀਤੇ ਜਾਂਦੇ ਹਨ

4207 Elverta Road, Suite 111, Antelope CA 95843

(916) 729-7900 Customer Satisfaction Guaranteed

# "ਦਲਿਤ ਅਤੇ ਪ੍ਰਗਤੀਵਾਦੀ ਚਿੰਤਨ: ਸਾਂਝੇ ਸੂਤਰ" ਵਿਸ਼ੇ ਉਪਰ ਹੋਇਆ ਰਾਸ਼ਟਰੀ ਸੈਮੀਨਾਰ












**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ 'ਦਲਿਤ ਅਤੇ ਪ੍ਰਗਤੀਵਾਦੀ ਚਿੰਤਨ:ਸਾਂਝੇ ਸੂਤਰ' ਵਿਸ਼ੇ ਉਪਰ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਰੌਣਕੀ ਰਾਮ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਕੀਤੀ। ਪ੍ਰਮੁੱਖ ਬੁਲਾਰੇ ਸਨ ਡਾ. ਬਜਰੰਗ ਬਿਹਾਰੀ ਤਿਵਾੜੀ ਦੇਸ਼ ਬੰਧੂ ਕਾਲਜ ਦਿੱਲੀ, ਡਾ. ਸਰਬਜੀਤ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਸ਼ਾਇਰ ਮਦਨਵੀਰਾ।ਡਾ. ਬਜਰੰਗ ਬਿਹਾਰੀ ਤਿਵਾੜੀ ਨੇ ਭਾਰਤ ਦੀ ਅਗਾਂਹਵਧੂ ਲਹਿਰ ਦੁਆਰਾ ਇਤਿਹਾਸ ਵਿਚ ਦਲਿਤਾਂ ਦੇ ਹੱਕ ਵਿਚ ਕੀਤੇ ਗਏ ਉਪਰਾਲਿਆਂ ਉਪਰ ਝਾਤ ਪਾਉਂਦਿਆਂ ਕਿਹਾ ਕਿ ਅੱਜ ਸਿਰਫ ਧਰਮ ਗ੍ਰੰਥਾਂ ਉਪਰ ਹਮਲੇ ਕਰਨ ਨਾਲ ਕੰਮ ਨਹੀਂ ਚੱਲੇਗਾ। ਸਗੋਂ ਮੂਲ਼ਵਾਦੀਆਂ ਵਲੋਂ ਕੀਤੇ ਜਾ ਰਹੇ ਹਮਲਿਆਂ ਦਾ ਸਖਤੀ ਨਾਲ ਜਵਾਬ ਦੇਣਾ ਪਵੇਗਾ। ਇਸ ਵਿਚ ਇੱਕੋ ਵੇਲੇ ਜਾਤ ਪਾਤ ਦੇ ਖਿਲਾਫ, ਮਰਦ ਪ੍ਰਧਾਨਤਾ ਦੇ ਖ਼ਿਲਾਫ ਅਤੇ ਨਾਰੀ ਵਾਦੀ ਮੁਦਿਆਂ ਨੂੰ ਲੈ ਕੇ ਦਲਿਤ ਅਤੇ ਪ੍ਰਗਤੀਵਾਦੀ ਸਾਂਝਾ ਅੰਦੋਲਨ ਖੜਾ ਕਰਨ ਦੀ ਜਰੂਰਤ ਹੈ। ਡਾ. ਸਰਬਜੀਤ ਸਿੰਘ ਨੇ ਕੇਂਦਰੀ ਸਭਾ ਵਲੋਂ ਸਾਂਝੇ ਸੂਤਰ ਲੱਭਣ ਨੂੰ ਪਹਿਲਾ ਯਤਨ ਕਹਿੰਦਿਆਂ ਹੋਇਆਂ ਦੋਨਾਂ ਧਿਰਾਂ ਵਿਚ ਸੰਵਾਦ ਰਚਾ ਕੇ ਇੱਕ ਦੂਜੇ ਦੀ ਪਛਾਣ ਨੂੰ ਕਾਇਮ ਰੱਖਦਿਆਂ ਹੋਇਆਂ ਸਾਂਝਾ ਅੰਦੋਲਨ ਖੜਾ ਕਰਨ ਉਪਰ ਬਲ ਦਿੱਤਾ। ਉਸਨੇ ਪ੍ਰਗਤੀਵਾਦੀਆਂ ਵਲੋਂ ਰਹਿ ਗਈਆਂ ਊਣਤਾਈਆਂ ਉਪਰ ਵੀ ਉਂਗਲ ਧਰੀ ਜਿਸ ਪਾਸੇ ਵੱਲ ਉਹਨਾਂ ਨੇ ਪੂਰਾ ਧਿਆਨ ਨਹੀਂ।ਸ਼ਾਇਰ ਮਦਨਵੀਰਾ ਨੇ ਪੰਜਾਬੀ ਸੰਦਰਭ ਵਿਚ ਦਲਿਤ ਸਾਹਿਤ ਦੀਆਂ ਵਿਸ਼ੇਸ਼ਤਾਈਆਂ ਅਤੇ ਪ੍ਰਗਤੀਵਾਦੀ ਸਾਹਿਤ ਦੀਆਂ ਸਾਂਝਾ ਨੂੰ ਵਿਸਥਾਰ ਵਿਚ ਵਿਚਾਰਿਆ। ਤਿੰਨਾਂ ਪਰਚਿਆਂ ਨੂੰ ਸਮੇਟਦਿਆਂ ਡਾ. ਰੌਣਕੀ ਰਾਮ ਨੇ ਕਿਹਾ ਕਿ ਦਲਿਤ ਸਮੱਸਿਆ ਦਾ ਹੱਲ ਨਾ ਤਾਂ ਕੇਵਲ ਧਰਮ ਪਰਿਵਰਤਨ ਨਾਲ ਸੰਭਵ ਹੈ ਅਤੇ ਨਾ ਹੀ ਸੰਸਕ੍ਰਿਤੀ ਦੀ ਤਬਦੀਲੀ ਨਾਲ ਇਹ ਸਮੱਸਿਆ ਹੱਲ ਹੋ ਸਕਦੀ ਹੈ।

ਸਗੋਂ ਇਹ ਸਮੱਸਿਆ ਬਹੁਮੁਖੀ ਹੈ। ਜਿਸ ਲਈ ਇਕੋ ਵੇਲੇ ਬ੍ਰਾਹਮਣਵਾਦੀ ਸੋਚ ਨਾਲ ਵੀ ਲੜਨਾ ਪਵੇਗਾ ਤੇ ਪੂੰਜੀਵਾਦੀ ਵਿਵਸਥਾ ਨਾਲ ਵੀ। ਇੱਕੋ ਵੇਲੇ ਜਾਤ ਤੇ ਜਮਾਤ ਦੇ ਪ੍ਰਸ਼ਨ ਨੂੰ ਸੰਬੋਧਿਤ ਹੋਣਾ ਪਵੇਗਾ। ਇਸ ਸਮੇਂ ਦਰਸ਼ਨ ਸਿੰਘ ਦਰਸ਼ਨ ਦੇ ਦੋ ਨਾਵਲ: ਤਪੱਸਵਣ, ਧੁੱਪ ਦਾ ਸਫਰ, ਪ੍ਰੋ. ਮਲਕੀਤ ਜੌੜਾ ਦੀ ਪੁਸਤਕ: ਦਲਿਤ ਕਾਵਿ ਸੰਵਾਦ ਅਤੇ ਐੱਸ. ਐਲ਼. ਵਿਰਦੀ ਦੀ ਸਵੈ ਜੀਵਨੀ ਅਤੇ ਪੈਂਫਲਿਟ ਲੋਕਅਰਪਣ ਕੀਤੇ ਗਏ। ਡਾ. ਮਨਮੋਹਨ ਸਿੰਘ ਤੀਰ ਦੁਆਰਾ ਤਿਆਰ ਕੀਤੀ ਗਈ ਸੰਗੀਤਕ ਧੁੰਨਾਂ ਦੀ ਸੀ. ਡੀ. 'ਜਾਨੇ ਕਹਾਂ ਗਏ ਵੋ ਦਿਨ' ਵੀ ਲੋਕ ਅਰਪਣ ਕੀਤੀ ਗਈ।

ਆਏ ਹੋਏ ਮਹਿਮਾਨਾਂ ਨੂੰ ਗਦਰੀ ਸਾਹਿਤ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ।ਆਰੰਭ ਵਿਚ ਡਾ. ਕਰਮਜੀਤ ਸਿੰਘ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਸੈਮੀਨਾਰ ਦੇ ਉਦੇਸ਼ ਤੇ ਚਾਨਣਾ ਪਾਉਂਦਿਆਂ ਮੁਖ ਬੁਲਾਰਿਆਂ ਬਾਰੇ ਜਾਣਕਾਰੀ ਦਿੰਦਿਆਂ ਵਿਸ਼ੇ ਨਾਲ ਸੰਬੰਧਿਤ ਸੰਖੇਪ ਟਿੱਪਣੀ ਵੀ ਸਰੋਤਿਆਂ ਨਾਲ ਸਾਂਝੀ ਕੀਤੀ। ਸੈਮੀਨਾਰ ਦਾ ਸੰਚਾਲਨ ਡਾ. ਜਸਵੰਤ ਰਾਏ ਵਲੋਂ ਕੀਤਾ ਗਿਆ।

ਅੰਤ ਵਿਚ ਜਸਬੀਰ ਸਿੰਘ ਧੀਮਾਨ ਨੇ ਆਏ ਹੋਏ ਵਿਦਵਾਨਾਂ ਲਈ ਧੰਨਵਾਦੀ ਸ਼ਬਦ ਆਖੇ। ਜਸਵੀਰ ਬੇਗਮਪੁਰੀ, ਸਤਨਾਮ ਮੇਘੋਵਾਲ ਅਤੇ ਵਿਰਦੀ ਹੁਰਾਂ ਵਲੋਂ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਵਿਚ ਸਰੋਤਿਆਂ ਨੇ ਬਹੁਤ ਦਿਲਚਸਪੀ ਦਿਖਾਈ। ਇਸ ਮੌਕੇ ਪ੍ਰੋ. ਬਲਦੇਵ ਬੱਲੀ, ਪ੍ਰੋ. ਸੰਧੂ ਵਰਿਆਣਵੀ, ਕਾਮਰੇਡ ਮੰਗਤ ਰਾਮ ਪਾਸਲਾ, ਮਾਸਟਰ ਹਰਕੰਵਲ ਸਿੰਘ, ਉਂਕਾਰ ਸਿੰਘ ਝੱਮਟ, ਮੱਖਣ ਕੁਹਾੜ, ਲਾਲ ਸਿੰਘ ਕਹਾਣੀਕਾਰ, ਮੰਗਤ ਚੰਚਲ, ਪ੍ਰੀਤਨੀਤ ਪੁਰ, ਅਵਤਾਰ ਸੰਧੂ, ਡਾ. ਅਵਤਾਰ ਹੇਠੀ, ਡਾ. ਸੁਖਦੇਵ ਸਿੰਘ ਢਿੱਲੋਂ, ਸੁਖਦੇਵ ਨਡਾਲੋਂ, ਮੋਹਨ ਪੇਂਟਰ, ਡਾ. ਸਰਦੂਲ ਸਿੰਘ, ਐੱਡਵੋਕੇਟ ਰਣਜੀਤ ਸਿੰਘ, ਡਾ. ਪਰਮਜੀਤ ਕੌਰ, ਡਾ. ਸੁਖਦੀਪ ਕੌਰ, ਸੋਮਾ ਸਬਲੋਕ, ਹਰਬੰਸ ਹਿਓਂ, ਭਗਵਾਨ ਦਾਸ, ਰਾਮ ਲਾਲ ਭਗਤ, ਪ੍ਰੋ. ਲ਼ਾਲ ਸਿੰਘ, ਯੋਗਾ ਸਿੰਘ ਬਠੁੱਲਾ, ਸਤੀਸ਼ ਕੁਮਾਰ, ਕੁਲਤਾਰ ਸਿੰਘ ਕੁਲਤਾਰ, ਅਮਨਗੀਤ ਸਿੰਘ, ਕੇ ਤ੍ਰਿਪਤਾ, ਪ੍ਰਿੰ. ਸਤਵੰਤ ਕਲੋਟੀ, ਪ੍ਰਿੰ. ਧਾਸ ਭਾਰਤੀ, ਪ੍ਰਿੰ. ਗੁਰਿਆਲ ਸਿੰਘ, ਡਾ. ਰਵਿੰਦਰ ਕੌਰ, ਸੁਰਿੰਦਰ ਸੱਲ੍ਹਣ, ਮਾਸਟਰ ਲਖਵਿੰਦਰ ਰਾਮ, ਨੀਤੂ ਰਾਣੀ, ਕਮਲਜੀਤ, ਡਾ. ਬਲਵਿੰਦਰ ਚਾਹਲ, ਚੰਡੀਗੜ੍ਹ ਯੁਨੀਵਰਸਿਟੀ ਦੇ ਖੋਜ ਵਿਦਿਆਰਥੀ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ,**
**ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ,**
(91-98158-25999)

# 'ਡਾ: ਅੰਬੇਡਕਰ ਦਾ ਦੇਸ਼ ਅਤੇ ਸਮਾਜ ਦੇ ਨਵ-ਨਿਰਮਾਣ ਵਿੱਚ ਯੋਗਦਾਨ' ਵਿਸ਼ੇ ਤੇ ਸੈਮੀਨਾਰ ਆਯੋਜਿਤ ਕੀਤਾ





**ਹੁਸ਼ਿਆਰਪੁਰ–** ਅੰਬੇਡਕਰ ਭਵਨ ਹੁਸ਼ਿਆਰਪੁਰ ਵਿਖੇ ਬੇਗਮਪੁਰਾ ਕਲਚਰਲ ਐਂਡ ਐਜੂਕੇਸ਼ਨ ਸੋਸਾਇਟੀ ਯੂ. ਐੱਸ. ਏ. (ਰਜਿ:) ਨਾਲ ਸੰਬੰਧਿਤ ਡਾ: ਬੀ. ਆਰ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ (ਰਜਿ:) ਪੰਜਾਬ ਵੱਲੋਂ ਭਲਾਈ ਵਿਭਾਗ ਦੇ ਸਹਿਯੋਗ ਨਾਲ, 'ਡਾ: ਅੰਬੇਡਕਰ ਦਾ ਦੇਸ਼ ਅਤੇ ਸਮਾਜ ਦੇ ਨਵ-ਨਿਰਮਾਣ ਵਿੱਚ ਯੋਗਦਾਨ' ਵਿਸ਼ੇ ਤੇ ਸੈਮੀਨਾਰ ਆਯੋਜਿਤ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਵਿਦਵਾਨਾਂ ਨੇ ਭਾਰਤ ਰਤਨ ਡਾ: ਬੀ. ਆਰ. ਅੰਬੇਡਕਰ ਦੀ ਵਿਚਾਰਧਾਰਾ ਦੇ ਵੱਖ-ਵੱਖ ਪਹਿਲੂਆਂ ਤੇ ਰੌਸ਼ਨੀ ਪਾਈ।

ਡਾ: ਕਰਮਜੀਤ ਸਿੰਘ ਜਨਰਲ ਸੱਕਤਰ ਕੇਂਦਰੀ ਪੰਜਾਬੀ ਲੇਖਕ ਸਭਾ ਇਸ ਸੈਮੀਨਾਰ ਵਿੱਚ ਬਤੌਰ ਮੁੱਖ ਮਹਿਮਾਨ ਵੱਜੋਂ ਹਾਜ਼ਰ ਹੋਏ ਜਦੋਂ ਕਿ ਕਨਵੀਨਰ ਐੱਮ. ਐੱਸ. ਧਾਮੀ ਐਨ. ਆਰ. ਆਈ. ਐਡਵੋਕੇਟ ਚਮਨ ਸਿੰਘ ਭਟੋਆ, ਡਾ: ਬਹਾਦਰ ਸਿੰਘ ਸੁਨੇਤ ਅਤੇ ਪ੍ਰੋਫੈਸਰ ਬੀ. ਐੱਸ. ਬੱਲੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਸਨ।

ਭਾਰਤ ਰਤਨ ਡਾ: ਬੀ. ਆਰ. ਅੰਬੇਡਕਰ ਦੀ ਵਿਚਾਰਧਾਰਾ ਬਾਰੇ ਸੈਮੀਨਾਰ ਵਿੱਚ ਆਪਣੇ ਵਿਚਾਰ ਪੇਸ਼ ਕਰਦਿਆ ਡਾ: ਕਰਮਜੀਤ ਸਿੰਘ ਨੇ ਕਿਹਾ ਕਿ ਡਾ: ਸਾਹਿਬ ਦੀ ਵਿਚਾਰਧਾਰਾ ਮਨੁੱਖੀ ਕਲਿਆਣ ਵਾਸਤੇ ਹੈ ਅਤੇ ਮਨੁੱਖਵਾਦੀ ਵਿਚਾਰਧਾਰਾ ਨਾਲ ਹੀ ਸਮਾਜ ਬਦਲੇਗਾ ਅਤੇ ਦੇਸ਼ ਦਾ ਨਵ-ਨਿਰਮਾਣ ਹੋਵੇਗਾ। ਦੇਸ਼ ਵਿੱਚ ਉਭਰ ਰਹੀਂ ਨਵੀਂ ਚੇਤਨਾ ਬਾਰੇ ਗੱਲ ਕਰਦਿਆ ਉਨ੍ਹਾਂ ਕਿਹਾ ਕਿ ਮਾਨਵਵਾਦੀ ਅਤੇ ਅਗਾਂਹਵਧੁ ਵਿਚਾਰਧਾਰਾ ਅੰਬੇਡਕਰ ਚਿੰਤਨ ਦਾ ਆਧਾਰ ਹੈ। ਉਨ੍ਹਾਂ ਡਾ: ਬੀ. ਆਰ. ਅਬੇਡਕਰ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਅਮਲ ਕਰਨ ਦੀ ਲੋੜ੍ਹ ਬਾਰੇ ਆਖਦਿਆ ਕਿਹਾ ਕਿ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਪੜ੍ਹਣਾ ਹੀ ਡਾ: ਅੰਬੇਡਕਰ ਦੇ ਵਿੱਦਿਆ ਬਾਰੇ ਵਿਚਾਰ ਨੂੰ ਸਮਝਣਾ ਹੈ।

ਕਨਵੀਨਰ ਐਮ. ਐੱਸ. ਧਾਮੀ ਨੇ ਇਸ ਮੌਕੇ ਤੇ ਡਾ: ਅੰਬੇਡਕਰ ਦੀ ਵਿਚਾਰਧਾਰਾ ਬਾਰੇ ਵਿਚਾਰ ਪੇਸ਼ ਕੀਤੇ ਅਤੇ ਡਾ: ਬੀ. ਆਰ. ਅੰਬੇਡਕਰ ਪੀਪਲ ਐਜੂਕੇਸ਼ਨ ਐਂਡ ਵੈਲਫੇਅਰ ਸੋਸਾਇਟੀ (ਰਜਿ:) ਪੰਜਾਬ ਦੇ ਕੰਮਾਂ ਅਤੇ ਟੀਚਿਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਡਾ: ਬੀ. ਆਰ. ਅੰਬੇਡਕਰ ਨੂੰ ਵਿਸ਼ਵ ਦਾ ਮਹਾਨ ਬੁੱਧੀਜੀਵੀ ਕਿਹਾ।ਐਡਵੋਕੇਟ ਰਣਜੀਤ ਕੁਮਾਰ ਨੇ ਡਾ: ਅੰਬੇਡਕਰ ਦੇ ਸੁਪਨਿਆਂ ਦਾ ਦੇਸ਼ ਸਿਰਜਣ ਦੀ ਲੋੜ ਬਾਰੇ ਆਖਦਿਆ ਭਾਰਤੀ ਸਮਾਜ ਅਤੇ ਦੇਸ਼ ਦਾ ਨਵ-ਨਿਰਮਾਣ ਡਾ: ਅੰਬੇਡਕਰ ਦੇ ਮਾਨਵਵਾਦੀ ਵਿਚਾਰਾਂ ਤੇ ਕਰਨ ਦੀ ਲੋੜ੍ਹ ਬਾਰੇ ਆਖਿਆ।

ਇਸ ਮੌਕੇ ਤੇ ਆਪਣੇ ਵਿਚਾਰ ਪੇਸ਼ ਕਰਦਿਆ ਐਡਵੋਕੇਟ ਚਮਨ ਸਿੰਘ ਭਟੋਆ ਨੇ ਡਾ: ਅੰਬੇਡਕਰ ਦੇ ਸੰਘਰਸ਼ੀ ਜੀਵਨ ਬਾਰੇ ਚਾਨਣਾ ਪਾਇਆ ਅਤੇ ਨੋਜਵਾਨਾਂ ਨੂੰ ਉਨ੍ਹਾਂ ਦੇ ਵਿਚਾਰਾ ਤੋਂ ਸੇਧ ਲੈਣ ਲਈ ਕਿਹਾ। ਉਨ੍ਹਾਂ ਕਿਹਾ ਕਿ ਡਾ: ਅੰਬੇਡਕਰ ਕਰੋੜਾ ਦਲਿਤਾਂ ਦੇ ਮਾਰਗ ਦਰਸ਼ਕ ਹਨ। ਇਸ ਮੌਕੇ ਤੇ ਪੋ. ਬੀ. ਐਸ. ਬੱਲੀ ਨੇ ਅੱਜ ਦੇ ਸੰਦਰਭ ਵਿੱਚ ਡਾ: ਅੰਬੇਡਕਰ ਦੀ ਵਿਚਾਰਧਾਰਾ ਨੂੰ ਸਮਝ ਕੇ ਉਨ੍ਹਾਂ ਵੱਲੋਂ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੇ ਦਿੱਤੇ ਵਿਚਾਰ ਨੂੰ ਸਮਾਜ ਅਤੇ ਦੇਸ਼ ਦੇ ਨਵ-ਨਿਰਮਾਣ ਦਾ ਅਧਾਰ ਬਣਾਉਣ ਦੀ ਲੋੜ ਤੇ ਜੋਰ ਦਿੱਤਾ। ਸਾਹਿਤਕਾਰ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਨੇ ਕਿਹਾ ਕਿ ਡਾ: ਅੰਬੇਡਕਰ ਨੇ ਭਾਰਤੀ ਸਮਾਜ ਵਿੱਚਲੇ ਵਿਗਾੜਾਂ ਨੂੰ ਠੀਕ ਕਰਨ ਵਾਸਤੇ ਅਤੇ ਕਰੋੜਾ ਦਲਿਤਾਂ ਨੂੰ ਮੁਕਤੀ ਦਵਾਉਣ ਵਾਸਤੇ ਇੱਕ ਬਰਾਬਰਤਾ ਦਾ ਮਾਨਵਵਾਦੀ ਵਿਚਾਰ ਦਿੱਤਾ ਜਿਸ ਨੂੰ ਗਿਆਨ ਪ੍ਰਾਪਤੀ ਰਾਹੀਂ ਸਮਝਣ ਦੀ ਅਤੀ ਲੋੜ੍ਹ ਹੈ। ਸਾਹਿਤਕਾਰ ਮਦਨ ਵੀਰਾਂ ਨੇ ਕਿਹਾ ਕਿ ਡਾ: ਅੰਬੇਡਕਰ ਦੇ ਵਿਚਾਰਾਂ ਦੀ ਊਰਜਾ ਲੋਕਾਂ ਵਿੱਚ ਮਹਿਸੂਸ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਅੰਬੇਡਕਰ ਚਿੰਤਨ ਦਾ ਆਧਾਰ ਸੱਚ ਅਤੇ ਵਿਵੇਕ ਹੈ ਜਿਸ ਨਾਲ ਜੁੜਣ ਦੀ ਜਰੂਰਤ ਹੈ। ਇਸ ਸੈਮੀਨਾਰ ਦੌਰਾਨ ਡਾ: ਬਹਾਦਰ ਸਿੰਘ ਸੁਨੇਤ, ਐਡਵੋਕੇਟ ਪਲਵਿੰਦਰ ਪਲਵ, ਪੋ. ਰਤਨ ਚੰਦ, ਸੁਸਾਇਟੀ ਦੇ ਉਪ ਜਨਰਲ ਸਕੱਤਰ ਸ੍ਰੀ ਵਰਿੰਦਰ ਕੁਮਾਰ, ਉਪ-ਪ੍ਰਧਾਨ ਟੀ ਆਰ. ਗੰਗੜ, ਅਤੇ ਕੁਲਦੀਪ ਭੱਟੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਅੰਬੇਡਕਰ ਚਿੰਤਨ ਸੰਬੰਧੀ ਕਿਤਾਬਾਂ ਪੜ੍ਹਣ ਤੇ ਜੋਰ ਦਿੱਤਾ।

ਇਸ ਮੌਕੇ ਤੇ ਸੁਸਾਇਟੀ ਦੇ ਵਿੱਤ ਸਕੱਤਰ ਸਰਦਾਰ ਸੁੱਚਾ ਸਿੰਘ, ਸਹਾਇਕ ਉਪ-ਪ੍ਰਧਾਨ ਬਲਦੇਵ ਰਾਜ ਭਰਦਵਾਜ, ਮੈਂਬਰ ਸਰਪੰਚ ਸੰਤੋਖ ਸਿੰਘ, ਐਡਵੋਕੇਟ ਆਰ. ਡੀ. ਬੱਧਣ, ਰਾਜ ਕੁਮਾਰ, ਭੁਪਿੰਦਰ ਸਿੰਘ, ਸ਼ਿਵਦੇਵ ਸਿੰਘ, ਡਾ: ਐਸ. ਪੀ. ਸਿੰਘ ਤੋਂ ਇਲਾਵਾ ਹੋਰ ਵਿਚਾਰਵਾਨ ਇਸ ਸੈਮੀਨਾਰ ਵਿੱਚ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਦੇਸ਼ ਦੁਆਬਾ


# ਆਮ ਆਦਮੀ ਪਾਰਟੀ ਦੇ ਅੰਦਰ ਘਮਾਸਾਣ

ਪੰਜਾਬ ਵਿਚ ਜਿਉਂ-ਜਿਉਂ ਚੋਣਾਂ ਦੇ ਦਿਨ ਨੇੜੇ ਆਉਂਦੇ ਜਾ ਰਹੇ ਹਨ, ਤਿਉਂ-ਤਿਉਂ ਸਿਆਸੀ ਹਲਚਲ ਤੇਜ਼ ਹੋ ਰਹੀ ਹੈ। ਇਕ ਦੂਜੀ ਪਾਰਟੀ ਦੇ ਲੀਡਰਾਂ ਵੱਲੋਂ ਪਾਲਾ ਬਦਲਣ ਦੀਆਂ ਘਟਨਾਵਾਂ ਵੀ ਸਾਹਮਣੇ ਆ ਰਹੀਆਂ ਹਨ ਅਤੇ ਇਸ ਵਾਰ ਸਭ ਤੋਂ ਜ਼ਿਆਦਾ ਦਿਲਚਸਪ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਜਾ ਰਹੀ ਨਵੀਂ ਪਾਰਟੀ, ਆਮ ਆਦਮੀ ਪਾਰਟੀ ਬਣੀ ਹੋਈ ਹੈ। ਇਸ ਪਾਰਟੀ ਨੇ ਸਭ ਤੋਂ ਪਹਿਲਾਂ 10 ਟਿਕਟਾਂ ਦੀ ਵੰਡ ਕੀਤੀ ਪਰ ਇਸ ਤੋਂ ਬਾਅਦ ਵਿਵਾਦ ਖੜ੍ਹਾ ਹੋ ਗਿਆ ਅਤੇ ਪਾਰਟੀ ਦੇ ਪੰਜਾਬ ਵਿਚ ਪਹਿਲੇ ਪ੍ਰਧਾਨ (ਕਨਵੀਨਰ) ਸੁੱਚਾ ਸਿੰਘ ਛੋਟੇਪੁਰ ਨੂੰ ਹੀ ਬਾਹਰ ਦਾ ਰਸਤਾ ਦਿਖਾ ਦਿੱਤਾ। ਸੁੱਚਾ ਸਿੰਘ ਛੋਟੇਪੁਰ ਇਕ ਹੰਢੇ-ਵਰਤੇ ਸਿਆਸਤਦਾਨ ਹਨ ਅਤੇ ਉਹਨਾਂ ਨੇ ਪਾਰਟੀ ਨੂੰ ਸੰਗਠਿਤ ਕਰਨ ਲਈ ਕਾਫੀ ਮਿਹਨਤ ਵੀ ਕੀਤੀ ਪਰ ਹੁਣ ਆਮ ਆਦਮੀ ਪਾਰਟੀ ਦੇ ਅੰਦਰ ਇਕ ਅਜਿਹਾ ਤੂਫਾਨ ਆਇਆ ਹੈ ਕਿ ਟਿਕਟਾਂ ਦੀ ਵੰਡ ਉਤੇ ਰੁੱਸੇ ਲੀਡਰਾਂ ਨੂੰ ਬਾਹਰ ਦਾ ਰਸਤਾ ਦਿਖਾਇਆ ਜਾ ਰਿਹਾ ਹੈ। ਇਹ ਰੁੱਸੇ ਲੀਡਰਾਂ ਨੇ ਪਾਰਟੀ ਦੇ ਵਿਚ ਹੀ ਇਕ ਹੋਰ ਧੜਾ ਬਣਾ ਲਿਆ ਹੈ, ਜਿਸ ਨੇ ਚੋਣਾਂ ਲੜਨ ਦਾ ਵੀ ਐਲਾਨ ਕਰ ਦਿੱਤਾ ਹੈ।

ਆਮ ਆਦਮੀ ਪਾਰਟੀ ਦੇ ਅੰਦਰ ਘਮਾਸਾਨ ਨੇ ਇਸ ਪਾਰਟੀ ਦੀ ਸਥਿਤੀ ਨੂੰ ਵੀ ਹਾਸੋਹੀਣਾ ਬਣਾ ਦਿੱਤਾ ਹੈ। ਪਾਰਟੀ ਦੇ ਅੰਦਰ ਮੁੱਖ ਮੰਤਰੀ ਅਤੇ ਵਿਧਾਇਕ ਬਣਨ ਦੀ ਅਜਿਹੀ ਦੌੜ ਲੱਗੀ ਹੈ ਕਿ ਉਪਰੋ-ਥਲੀ ਹੋਏ ਟਿਕਟਾਂ ਦੇ ਚਾਹਵਾਨਾਂ ਅਤੇ ਮੁੱਖ ਮੰਤਰੀ ਦਾ ਉਮੀਦਵਾਰ ਬਣਨ ਦੇ ਚਾਹਵਾਨਾਂ ਵਿਚਕਾਰ ਆਪਸ ਵਿਚ ਹੀ ਮੁਕਾਬਲਾ ਆਰੰਭ ਹੋ ਗਿਆ ਹੈ। ਸੁੱਚਾ ਸਿੰਘ ਛੋਟੇਪੁਰ ਚਾਹੁੰਦੇ ਸਨ ਕਿ ਉਹ ਅਜਿਹੇ ਉਮੀਦਵਾਰ ਉਤਾਰਨ ਜਿਹੜੇ ਪੰਜਾਬ ਨਾਲ ਸਬੰਧਤ ਹੋਣ ਅਤੇ ਪਾਰਟੀ ਨੂੰ ਮਜਬੂਤ ਕਰਨ ਲਈ ਜਿਹਨਾਂ ਦਾ ਯੋਗਦਾਨ ਸਭ ਤੋਂ ਵੱਧ ਹੋਵੇ, ਪਰ ਇਸ ਪਾਰਟੀ ਦੀਆਂ ਟਿਕਟਾਂ ਦੇ ਚਾਹਵਾਨਾਂ ਵਿਚ ਅੱਧੇ ਤੋਂ ਜ਼ਿਆਦਾ ਤਾਂ ਬਾਹਰਲੇ ਸੂਬਿਆਂ ਦੇ ਲੋਕ ਹੀ ਕਸ਼ਮਕਸ਼ ਕਰ ਰਹੇ ਹਨ। ਹਾਲੇ ਪਾਰਟੀ ਨੇ ਚੋਣਾਂ ਲੜੀਆਂ ਨਹੀਂ, ਜਿੱਤੀਆਂ ਨਹੀਂ, ਪਰ ਪਹਿਲਾਂ ਹੀ ਆਪਣੀ ਸਰਕਾਰ ਬਣਨ ਦੀਆਂ ਕਿਆਸ-ਅਰਾਈਆਂ ਇੰਨੀਆਂ ਪ੍ਰਬੱਲ ਕਰ ਲਈਆਂ ਗਈਆਂ ਹਨ ਕਿ ਕਈ ਲੀਡਰਾਂ ਨੂੰ ਲੱਗਦਾ ਹੈ ਕਿ ਉਹਨਾਂ ਦੇ ਲਈ ਮੁੱਖ ਮੰਤਰੀ ਬਣਨ ਦਾ ਵਧੀਆ ਮੌਕਾ ਹੱਥ ਆ ਗਿਆ ਹੈ। ਪਾਰਟੀ ਦੇ ਐਮ. ਪੀ. ਭਗਵੰਤ ਮਾਨ ਅਤੇ ਕਨਵੀਨਰ ਰਹੇ ਸੁੱਚਾ ਸਿੰਘ ਛੋਟੇਪੁਰ ਵਿਚਕਾਰ ਸ਼ੀਤ ਯੁੱਧ ਤਾਂ ਕਦੋਂ ਦਾ ਚੱਲ ਰਿਹਾ ਹੈ, ਇਸ ਦਰਮਿਆਨ ਨਵਜੋਤ ਸਿੱਧੂ ਦੇ ਵੀ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦੇ ਚਰਚੇ ਹੋਏ। ਇਸ ਪਾਰਟੀ ਦੇ ਉਤੇ ਕੇਜਰੀਵਾਲ ਦਾ ਗਲਬਾ ਪੂਰੀ ਤਰ੍ਹਾਂ ਪਿਆ ਹੋਇਆ ਹੈ। ਹੁਣ ਪੰਜਾਬ ਦੇ ਕਈ ਲੀਡਰ ਆਪਣੇ ਆਪ ਨੂੰ ਅਣਗੌਲਿਆ ਵੀ ਮਹਿਸੂਸ ਕਰਨ ਲੱਗੇ ਹਨ। ਅਜਿਹੀ ਸਥਿਤੀ ਵਿਚ ਜੇਕਰ ਇਸ ਪਾਰਟੀ ਦੇ ਅੰਦਰ ਖਾਨਾਜੰਗੀ ਹੋਰ ਤੇਜ਼ ਹੁੰਦੀ ਹੈ ਤਾਂ ਨਤੀਜੇ ਕੁਝ ਹੋਰ ਵੀ ਨਿਕਲ ਸਕਦੇ ਹਨ ਕਿਉਂਕਿ ਪਾਰਟੀ ਜਿਹੜੀ ਮਰਜ਼ੀ ਹੋਵੇ, ਪੰਜਾਬ ਦੇ ਲੋਕੀ ਪੰਜਾਬੀਆਂ ਨੂੰ ਹੀ ਉਮੀਦਵਾਰਾਂ ਵਜੋਂ ਪਸੰਦ ਕਰਦੇ ਹਨ।

ਹੋਰ ਪਾਰਟੀਆਂ ਵਿਚ ਕਾਂਗਰਸ ਹਾਲੇ ਸ਼ਾਂਤ ਨਜ਼ਰ ਆ ਰਹੀ ਹੈ, ਜਦਕਿ ਅਕਾਲੀ ਦਲ ਨੇ ਆਪਣੇ ਪੱਤੇ ਨਹੀਂ ਖੋਲ੍ਹੇ ਹਨ। ਬਸਪਾ ਆਪਣੇ ਆਪ ਨੂੰ ਉਪਰਲੇ ਜੋੜਾਂ 'ਚ ਸਮਝਦੀ ਹੈ ਅਤੇ ਚਾਹੁੰਦੀ ਹੈ ਕਿ ਕਿਸੇ ਪਾਰਟੀ ਦੇ ਨਾਲ ਗੱਠਜੋੜ ਕਰਕੇ ਚੋਣਾਂ ਲੜੀਆਂ ਜਾਣ, ਪਰ ਬਸਪਾ ਨੂੰ ਕਾਂਗਰਸ ਵੱਲੋਂ ਫਿਲਹਾਲ ਹਾਂ-ਪੱਖੀ ਹੁੰਗਾਰਾ ਮਿਲਦਾ ਨਜ਼ਰ ਨਹੀਂ ਆ ਰਿਹਾ। ਕਾਂਗਰਸ ਚਾਹੁੰਦੀ ਹੈ ਕਿ ਬਸਪਾ ਪਹਿਲਾਂ ਉਤਰ ਪ੍ਰਦੇਸ਼ ਵਿਚ ਉਸ ਨਾਲ ਗੱਠਜੋੜ ਕਰੇ, ਪਰ ਇਹ ਸੰਭਵ ਹੁੰਦਾ ਨਜ਼ਰ ਨਹੀਂ ਆ ਰਿਹਾ, ਕਿਉਂਕਿ ਉਤਰ ਪ੍ਰਦੇਸ਼ ਦੀ ਰਾਜਨੀਤੀ ਪੰਜਾਬ ਨਾਲੋਂ ਵੱਖਰੀ ਹੈ। ਉਥੇ ਬਸਪਾ ਇਕ ਵੱਡੀ ਪਾਰਟੀ ਹੈ ਅਤੇ ਪੰਜਾਬ ਵਿਚ ਉਤਰ ਪ੍ਰਦੇਸ਼ ਜਿੰਨੀ ਵੋਟ ਬਸਪਾ ਨੂੰ ਮਿਲਣ ਦੀ ਉਮੀਦ ਘੱਟ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ



## ਪੁਣਛਾਣ

### ਸਿਆਸਤ ਦੀ ਪੁਣਛਾਣ

# 'ਆਪ' ਪਾਰਟੀ ਕਿ ਸ਼ਰਾਪ ਪਾਰਟੀ!



ਪੰਮੀ ਲਾਲੋ ਮਜਾਰਾ
91-95011-43755

ਪਾਰਟੀਆਂ ਤਾਂ ਬਹੁਤ ਵੇਖੀਆਂ, ਪਰ ਆਪ ਵਰਗੀ ਕੋਈ ਨਹੀਂ ਵੇਖੀ, ਜੋ ਪੰਜਾਬੀਆਂ ਨੂੰ ਧੋਖੇਬਾਜ਼, ਬੇਈਮਾਨ ਤੇ ਬੇਗੈਰਤ ਸਿੱਧ ਕਰਨ 'ਤੇ ਤੁਲੀ ਹੋਈ ਹੈ। ਮਤਲਬ ਇਹ ਕਿ ਪਾਰਟੀ ਪੰਜਾਬੀਆਂ ਲਈ ਸ਼ਰਾਪ ਸਿੱਧ ਹੋ ਰਹੀ ਹੈ। ਜਿਹੜਾ ਵੀ ਪੰਜਾਬੀ ਕੇਂਦਰੀ ਲੀਡਰਸ਼ਿਪ ਦੇ ਖਿਲਾਫ ਪੰਜਾਬ ਦੇ ਹੱਕਾਂ ਦੀ ਗੱਲ ਕਰਦਾ ਹੈ, ਉਹਨੂੰ ਫਰੇਬੀ, ਧੋਖੇਬਾਜ਼ ਤੇ ਬੇਈਮਾਨ ਕਹਿ ਕੇ ਬਾਹਰ ਕਰ ਦਿਓ, ਉਹ ਚਾਹੇ ਹਰਦੀਪ ਸਿੰਘ ਕਿੰਗਰਾ ਆਈ. ਏ. ਐਸ. ਹੋਵੇ, ਚਾਹੇ ਸੁੱਚਾ ਸਿੰਘ ਛੋਟੇਪੁਰ, ਚਾਹੇ ਹਰਿੰਦਰ ਖਾਲਸਾ ਤੇ ਚਾਹੇ ਧਰਮਵੀਰ ਗਾਂਧੀ ਹੋਵੇ। ਉਨੇ ਆਗੂ ਤਾਂ ਪਿਛਲੇ 10 ਸਾਲਾਂ ਵਿਚ ਕਾਂਗਰਸ, ਬਸਪਾ ਤੇ ਅਕਾਲੀ ਦਲ ਨੇ ਵੀ ਨਹੀਂ ਕੱਢੇ ਹੋਣੇ, ਜਿੰਨੇ ਆਪ ਨੇ ਇਕ ਸਾਲ ਦੇ ਵਕਫੇ ਵਿਚ ਹੀ ਪੰਜਾਬ 'ਚੋਂ ਬਾਹਰ ਕੱਢ ਦਿੱਤੇ। ਜਿਹੜੇ ਆਗੂ ਕੇਂਦਰੀ ਲੀਡਰਸ਼ਿਪ ਦੀ ਚਾਪਲੂਸੀ ਕਰਦੇ ਹਨ, ਉਹਨਾਂ ਤੇ ਕੋਈ ਵੀ ਆਂਚ ਨਹੀਂ ਆਵੇਗੀ। ਕੀ ਪੰਜਾਬੀਆਂ ਦੀ ਮਾਨਸਿਕਤਾ ਨੂੰ ਗੁਲਾਮ ਬਣਾਉਣ ਦੀ 'ਆਪ' ਦੀ ਕੇਂਦਰੀ ਲੀਡਰਸ਼ਿਪ ਦੀ ਕੋਈ ਡੂੰਘੀ ਸਾਜਿਸ਼ ਹੈ। ਵੋਟਾਂ ਪੰਜਾਬ ਵਿਚ ਪੈਣੀਆਂ, ਪਾਉਣੀਆਂ ਵੀ ਪੰਜਾਬੀਆਂ ਨੇ। ਮੁੱਖ ਮੰਤਰੀ ਵੀ ਪੰਜਾਬ ਦਾ ਹੀ ਬਣਨਾ। ਫਿਰ ਸਾਡੇ ਬਹੁਤੇ ਪੰਜਾਬੀ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਦੀਆਂ ਕਿਉਂ ਲਾਲ੍ਹਾਂ ਚੱਟਦੇ ਫਿਰਦੇ ਹਨ, ਸਿਰਫ ਇਕ ਐਮ. ਐਲ. ਏ. ਬਣਨ ਦੀ ਖਾਤਰ। ਕੀ ਅੱਜ ਤੋਂ ਪਹਿਲਾਂ ਕਦੇ ਪੰਜਾਬ 'ਚ ਐਮ. ਐਲ. ਏ. ਨਹੀਂ ਬਣੇ ਕਿ ਮੁੱਖ ਮੰਤਰੀ ਨਹੀਂ ਬਣੇ। ਸਾਰੀ ਤਾਕਤ ਗੈਰ ਪੰਜਾਬੀਆਂ ਦੇ ਹੱਥ ਵਿਚ ਹੀ ਕਿਉਂ! ਯੂਥ ਮੈਨੀਫੈਸਟੋ ਬਣਾ ਕੇ ਜਾਰੀ ਕਰਨ ਲੱਗਿਆਂ ਵੀ ਕਿਸੇ ਪੰਜਾਬੀ ਨੇਤਾ ਨੂੰ ਨਹੀਂ ਪੁੱਛਿਆ। ਟਿਕਟਾਂ ਦੀ ਵੰਡ ਵੇਲੇ ਵੀ ਕਿਸੇ ਨਾਲ ਕੋਈ ਸਲਾਹ ਮਸ਼ਵਰਾ ਨਹੀਂ। ਫਿਰ ਸੋਚ ਲਓ ਕਿ ਜੇ ਭੁੱਲ-ਭੁਲੇਖੇ ਆਪ ਦੀ ਪੰਜਾਬ ਵਿਚ ਸਰਕਾਰ ਬਣ ਵੀ ਗਈ ਤਾਂ ਸਾਰੇ ਫੈਸਲੇ ਦਿੱਲੀ ਵਿਚ ਬੈਠ ਕੇ ਹੋਣਗੇ। ਜੇ ਕੋਈ ਸ਼ਲਾਘਾਯੋਗ ਫੈਸਲਾ ਹੋਇਆ ਤਾਂ ਸਾਰਾ ਕਰੈਡਿਟ ਕੇਜਰੀਵਾਲ ਦੇ ਸਿਰ 'ਤੇ ਜੇ ਕਿਸੇ ਫੈਸਲੇ ਦੀ ਘੋਰ ਵਿਰੋਧਤਾ ਹੋਵੇਗੀ ਤਾਂ ਸਾਰਾ ਭਾਂਡਾ ਪੰਜਾਬੀਆਂ ਦੇ ਸਿਰ ਭੰਨ ਦਿੱਤਾ ਜਾਵੇਗਾ। ਲੱਗਦਾ ਆਪ ਵਿਚ ਸਿਆਸਤਦਾਨਾਂ ਦੀ ਨਹੀਂ ਕਮੇਡੀਅਨ ਕਲਾਕਾਰਾਂ ਦੀ ਜ਼ਿਆਦਾ ਪੁੱਛਗਿੱਛ ਹੈ। ਚਾਹੇ ਭਗਵੰਤ ਮਾਨ ਹੋਵੇ ਜਾਂ ਗੁਰਪ੍ਰੀਤ ਘੁੱਗੀ ਤੇ ਜਾਂ ਫਿਰ ਗੁਰਚੇਤ ਚਿੱਤਰਕਾਰ।

**ਜੇ ਬਸਪਾ ਤੇ ਕਾਂਗਰਸ ਦਾ ਸਮਝੌਤਾ ਨਾ ਹੋਇਆ ਤਾਂ ...**

ਹੁਣ ਤੱਕ ਦੇ ਪੰਜਾਬ ਵਿਚ ਹੋਏ ਖੁਫੀਆ ਚੋਣ ਸਰਵਿਆਂ ਮੁਤਾਬਕ ਕਾਂਗਰਸ ਦੀ ਹਾਲਤ ਵੀ ਕੋਈ ਬਹੁਤੀ ਵਧੀਆ ਨਹੀਂ ਹੈ। ਬਸਪਾ ਕੋਲ ਗੁਆਉਣ ਲਈ ਬਹੁਤਾ ਕੁਝ ਨਹੀਂ ਹੈ। ਪਰ ਇਸਦੇ ਵਿਚ ਕੋਈ ਸ਼ੱਕ ਨਹੀਂ ਹੈ ਕਿ ਬਸਪਾ ਦੁਆਬੇ ਵਿਚ ਇਕ ਮਜ਼ਬੂਤ ਆਧਾਰ ਰੱਖਦੀ ਹੈ। ਜੇ ਬਸਪਾ ਤੇ ਕਾਂਗਰਸ ਦਾ ਗੱਠਜੋੜ ਹੋ ਜਾਵੇ ਤਾਂ ਬਾਕੀ ਸਾਰੀਆਂ ਪਾਰਟੀਆਂ ਦਾ ਦੁਆਬੇ 'ਚੋਂ ਮੁਕੰਮਲ ਸਫਾਇਆ ਹੋ ਜਾਵੇਗਾ ਤੇ ਇਹ ਗੱਠਜੋੜ ਦੋ-ਤਿਹਾਈ ਬਹੁਮਤ ਦੇ ਜਾਦੂਮਈ ਅੰਕੜੇ ਨੂੰ ਆਸਾਨੀ ਨਾਲ ਪਾਰ ਕਰ ਸਕਦਾ ਹੈ। ਗੱਠਜੋੜ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਇਹ ਰੱਟ ਛੱਡਣੀ ਪਵੇਗੀ ਕਿ ਬਸਪਾ ਪਹਿਲਾਂ ਕਾਂਗਰਸ ਨਾਲ ਉਤਰ ਪ੍ਰਦੇਸ਼ ਵਿਚ ਗੱਠਜੋੜ ਕਰੇ। ਤੇ ਪੰਜਾਬ ਬਸਪਾ ਦੇ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਤਾਂ ਪਹਿਲਾਂ ਹੀ ਇਸ਼ਾਰਾ ਕਰ ਚੁੱਕੇ ਹਨ ਕਿ ਬਸਪਾ, ਕਾਂਗਰਸ ਨਾਲ ਬਿਨਾਂ ਸ਼ਰਤ ਗੱਠਜੋੜ ਕਰਨ ਨੂੰ ਤਿਆਰ ਹੈ। ਇਹ ਵੀ ਨਹੀਂ ਕਿ ਬਸਪਾ ਕਾਂਗਰਸ ਦੇ ਭਰੋਸੇ ਬੈਠੀ ਹੈ, ਬਸਪਾ ਸਮਝੌਤਾ ਜ਼ਰੂਰ ਕਰੇਗੀ, ਭਾਵੇਂ ਉਹ ਕਿਸੇ ਨਾਲ ਵੀ ਕਰੇ।

**ਅਮਰ ਸਿੰਘ ਦੀ ਨਰਾਜ਼ਗੀ ਕਿਸ ਤਣ ਪੱਤਣ ਲੱਗੂ**

ਸਿਆਸੀ ਬਨਵਾਸ ਕੱਟਣ ਤੋਂ ਬਾਅਦ ਮੁੜ ਸਪਾ ਵਿਚ ਸ਼ਾਮਲ ਹੋ ਕੇ ਸੱਤਾ ਦੇ ਦਲਾਲ ਕਹਾਉਣ ਵਾਲੇ ਰਾਜ ਸਭਾ ਮੈਂਬਰ ਅਮਰ ਸਿੰਘ ਅੱਜਕਲ੍ਹ ਫਿਰ ਆਪਣੀ ਪਾਰਟੀ ਦੇ ਨੇਤਾਵਾਂ ਨਾਲ ਨਰਾਜ਼ ਦੱਸੇ ਜਾਂਦੇਹਨ। ਉਹ ਰਾਜ ਸਭਾ ਵਿਚ ਤਾਂ ਹਨ, ਪਰ ਉਹਨਾਂ ਨੂੰ ਬੋਲਣ ਦੀ ਮਨਾਹੀ ਹੈ। ਪੈਰ ਪੈਰ ਤੇ ਸ਼ੇਅਰੋ-ਸ਼ਾਇਰੀ ਤੇ ਹਰ ਸਿਆਸੀ ਵਿਰੋਧੀ ਤੇ ਕੁਮੈਂਟ ਕਰਨ ਵਾਲੇ ਨੂੰ ਅਗਰ ਗੂੰਗਾ ਬਣਨ ਲਈ ਕਹਿ ਦਿੱਤਾ ਜਾਵੇ ਤਾਂ ਫਿਰ ਕਿਸੇ ਬੁੱਤ ਵਰਗੀ ਪ੍ਰਸਥਿਤੀ ਪੈਦਾ ਹੋਣੀ ਲਾਜ਼ਮੀ ਹੀ ਹੈ। ਸਿੰਘਾਪੁਰ ਤੋਂ ਕਿਡਨੀ ਟਰਾਂਸਪਲਾਂਟ ਕਰਵਾਉਣ ਵਾਲਾ ਅਮਰ ਸਿੰਘ ਬੇਸ਼ੱਕ ਸਿਹਤ ਪੱਖੋਂ ਠੀਕ ਹੈ, ਪਰ ਸਿਆਸੀ ਤੌਰ ਤੇ ਆਪਣੇ ਆਪ ਨੂੰ ਬਿਮਾਰ ਸਮਝਣ ਵਾਲਾ ਅਮਰ ਸਿੰਘ ਹੁਣ ਕੁਝ ਵੀ ਨਹੀਂ ਕਰ ਸਕਦਾ। ਕਿਉਂਕਿ ਨਾ ਤਾਂ ਉਹਦੇ ਕੋਲ ਹੁਣ ਕੋਈ ਸਿਆਸੀ ਕੰਮ ਹੈ ਤੇ ਸਿਹਤ ਵੀ ਉਮਰ ਦੇ ਆਖਰੀ ਪੜਾਅ 'ਤੇ ਹੈ ਤੇ ਦੂਸਰਾ ਹੋਰ 6 ਮਹੀਨੇ ਹਨ, ਸਮਾਜਵਾਦੀ ਸਰਕਾਰ ਦਾ ਸਫਾਇਆ ਵੀ ਹੋਣ ਵਾਲਾ ਹੈ। ਹਾਂ ਅਮਰ ਸਿੰਘ ਦੀ ਦੋਸਤ ਹੈ ਜੈਪ੍ਰਦਾ, ਜਿਸਨੂੰ ਕੈਬਨਿਟ ਮੰਤਰੀ ਦੀਆਂ ਸਹੂਲਤਾਂ ਦੇ ਕੇ ਕੁਝ ਨਰਾਜ਼ਗੀ ਨੂੰ ਘੱਟ ਕਰਨ ਦੀ ਕੋਸ਼ਿਸ਼ ਜ਼ਰੂਰ ਹੋਈ ਹੈ।

**ਨਵਜੋਤ ਸਿੱਧੂ ਤੇ ਸੁੱਚਾ ਸਿੰਘ ਛੋਟੇਪੁਰ ਦਾ ਭਵਿੱਖ ਦੀ ਹੋਵੇਗਾ**

ਸਿਆਸੀ ਮਾਹਿਰ ਹੁਣ ਜੋ ਮਰਜ਼ੀ ਅੰਦਾਜ਼ਾ ਲਾਉਣ ਪਰ ਸਿਆਸੀ ਕੈਰੀਅਰ ਦੋਵਾਂ ਦਾ ਹੀ ਸੰਕਟ ਵਿਚ ਹੈ। ਨਵਜੋਤ ਸਿੰਘ ਕਾਂਗਰਸ ਵਿਚ ਵੀ ਨਹੀਂ ਜਾ ਸਕਦਾ, ਬੇਸ਼ੱਕ ਕੈਪਟਨ ਨੇ ਉਹਨਾਂ ਨੂੰ ਉਪ ਮੁੱਖ ਮੰਤਰੀ ਦੀ ਕੁਰਸੀ ਦੀ ਪੇਸ਼ਕਸ਼ ਕੀਤੀ ਹੈ, ਕਿਉਂਕਿ ਕੈਪਟਨ ਵੀ ਕਹਿ ਚੁੱਕਿਆ ਹੈ ਕਿ ਕਾਂਗਰਸ ਪਰਿਵਾਰ 'ਚੋਂ ਸਿਰਫ ਇਕ ਜਣੇ ਨੂੰ ਹੀ ਟਿਕਟ ਦੇਵੇਗੀ। ਪਰ ਉਧਰ ਨਵਜੋਤ ਸਿੱਧੂ ਦਾ ਕਹਿਣਾ ਹੈ ਕਿ ਜਿੱਥੇ ਚੱਲੇਗਾ, ਚੱਲੂੰਗੀ ਨਾਲ ਤੇਰੇ, ਮੁਤਾਬਕ ਸਿੱਧੂ ਜੋੜੇ ਨੂੰ ਕਾਂਗਰਸ ਵੀ ਫਿੱਟ ਨਹੀਂ ਬੈਠਦੀ। ਆਪ ਵਿਚ ਵੀ ਇਹੀ ਸ਼ਰਤ ਹੈ। ਸਿੱਧੂ ਦਾ ਸਿਆਸੀ ਨੁਕਸਾਨ ਜਿਹੜਾ ਹੋਣਾ ਸੀ, ਹੋ ਚੁੱਕਿਆ ਹੈ, ਇਸ ਤੋਂ ਵੱਧ ਹੋਰ ਕੋਈ ਨੁਕਸਾਨ ਨਾ ਹੋਵੇ, ਚੰਗਾ ਹੈ ਭਾਜਪਾ ਵਿਚ ਹੀ ਬਣਿਆ ਰਹੇ। ਉਧਰ ਛੋਟੇਪੁਰ ਲਈ ਅਕਾਲੀ ਦਲ ਦੇ ਬੂਹੇ ਪੂਰੀ ਤਰ੍ਹਾਂ ਬੰਦ ਹਨ। ਸੁੱਚੇ ਦੇ ਕਾਂਗਰਸ ਵਿਚ ਜਾਣ ਦੇ ਆਸਾਰ ਹੋ ਸਕਦੇ ਹਨ, ਬਸ਼ਰਤੇ ਕਿ ਸੁੱਚੇ ਨੂੰ ਤੇ ਉਹਦੇ ਸਾਥੀਆਂ ਨੂੰ ਕੋਈ ਵੱਡੀ ਪੇਸ਼ਕਸ਼ ਆਵੇ। ਜੇ ਸੁੱਚੇ ਨੇ ਕੋਈ ਵੱਖਰਾ ਗਰੁੱਪ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਆਪ ਦਾ ਪੂਰੇ ਪੰਜਾਬ ਵਿਚ ਸਿਆਸੀ ਨੁਕਸਾਨ ਵੱਧ ਹੋਵੇਗਾ ਤੇ ਸੁੱਚੇ ਦਾ ਆਪਣਾ ਸਿਆਸੀ ਨਫਾ ਬਹੁਤ ਘੱਟ। ਬਿਹਤਰ ਇਹੀ ਹੈ ਕਿ ਮਨਪ੍ਰੀਤ ਬਾਦਲ ਵਾਂਗ ਕੋਈ ਜੱਗੋਂ ਤੇਰਵੀਂ ਹੋਵੇ, ਪਹਿਲਾਂ ਹੀ ਕਾਂਗਰਸ ਦਾ ਪੱਲਾ ਫੜ ਲਵੇ।

**'ਆਪ' ਦੀ ਬੇੜੀ 'ਚ ਵੱਟੇ ਹੋਰ ਪੈਣਗੇ ਹਾਲੇ**

ਜਿਵੇਂ-ਜਿਵੇਂ ਆਮ ਆਦਮੀ ਪਾਰਟੀ ਵਿਚ ਟਿਕਟਾਂ ਦੀ ਵੰਡ ਹੁੰਦੀ ਜਾਵੇਗੀ, ਉਵੇਂ-ਉਵੇਂ ਆਪ ਨੂੰ ਨਰਾਜ਼ ਉਮੀਦਵਾਰਾਂ ਦੀ ਨਰਾਜ਼ਗੀ ਦਾ ਸਾਹਮਣਾ ਕਰਨਾ ਪਵੇਗਾ। ਨਹੀਂ ਤਾਂ ਨਰਾਜ਼ ਉਮੀਦਵਾਰਾਂ (ਜਿਹਨਾਂ ਨੂੰ ਟਿਕਟ ਨਹੀਂ ਮਿਲੇਗੀ) ਇੱਧਰ-ਉਧਰ ਪਾਰਟੀਆਂ 'ਚ ਸ਼ਿਰਕਤ ਕਰ ਜਾਣਗੇ ਤੇ ਕਈ ਹਰੇ ਘਾਹ ਦੇ ਵਿਚ ਲੁਕ ਕੇ ਬੈਠੇ ਸੱਪਾਂ ਵਾਂਗ ਪਾਰਟੀ ਦੇ ਵਿਚ ਰਹਿ ਗਏ ਹੀ ਗੁੱਸੇ ਡੰਗ ਮਾਰਨਗੇ। ਬਹੁਤੇ ਚਾਹੁਣਗੇ ਕਿ ਪਾਰਟੀ ਸਾਨੂੰ ਖੁਦ ਬਾਹਰ ਦਾ ਰਸਤਾ ਦਿਖਾਵੇ ਤਾਂ ਜੋ ਅਸੀਂ ਸ਼ਹੀਦ ਕਹਾ ਸਕੀਏ।

ਜਿਵੇਂ ਧਰਮਵੀਰ ਗਾਂਧੀ ਤੇ ਹਰਿੰਦਰ ਸਿੰਘ ਖਾਲਸਾ ਚਾਹੁੰਦੇ ਹਨ। ਪਰ ਪਾਰਟੀ ਚੋਣਾਂ ਨੂੰ ਵੇਖਦਿਆਂ ਸ਼ਾਇਦ ਅਜਿਹਾ ਫੈਸਲਾ ਲੈਣ ਤੋਂ ਗੁਰੇਜ਼ ਕਰੇ। ਆਖਿਰ ਇਹੀ ਲੋਕ ਪਾਰਟੀ ਨਾਲ ਆਤਮਘਾਤ ਕਰਨਗੇ ਤੇ ਆਪ ਦੇ ਚੀਥੜੇ ਉਡ ਜਾਣਗੇ। ਆਪ ਦੇ ਬੁਲਾਰੇ ਸੁਖਪਾਲ ਖਹਿਰਾ ਨੇ ਵੀ ਮੰਨਿਆ ਕਿ ਛੋਟੇਪੁਰ ਦੇ ਖਿਲਾਫ ਕਾਰਵਾਈ ਕਾਹਲੀ ਵਿਚ ਕੀਤੀ ਗਈ।

**ਕੀ ਚੈਨਲਾਂ ਨੂੰ ਚੜ੍ਹਾਵਾ ਚੜ੍ਹਨਾ ਆਰੰਭ ਹੋ ਗਿਆ ਹੈ**

ਮਹੀਨਾ ਕੁ ਪਹਿਲਾਂ ਜਿਹੜੇ ਚੈਨਲ ਬਸਪਾ ਨੂੰ ਸੰਭਾਵਿਤ ਚੋਣ ਸਰਵਿਆਂ ਵਿਚ ਸਪਸ਼ਟ ਬਹੁਮਤ ਦਿਖਾ ਰਹੇ ਹਨ, ਹੁਣ ਉਹੀ ਚੈਨਲ ਬਸਪਾ ਨੂੰ 100 ਸੀਟਾਂ ਦੇ ਆਸ ਪਾਸ ਦਿਖਾ ਰਹੇ ਹਨ। ਜਦਕਿ ਮਾਇਆਵਤੀ ਵੱਲੋਂ ਪੱਛਮੀ ਉਤਰ ਪ੍ਰਦੇਸ਼ ਤੇ ਆਜ਼ਮਗੜ੍ਹ ਵਿਚ ਕੀਤੀਆਂ ਮਹਾਂਰੈਲੀਆਂ ਵਿਚ ਲੱਖਾਂ ਲੋਕਾਂ ਨੇ ਸ਼ਿਰਕਤ ਕੀਤੀ ਹੈ। ਕੀ ਹੁਣ ਉਹਨਾਂ ਚੈਨਲਾਂ ਨੂੰ ਕਰੋੜਾਂ ਦਾ ਚੜ੍ਹਾਵਾ ਚੜ੍ਹ ਗਿਆ ਹੈ। ਇਹ ਦੇਸ਼ ਦੇ ਗਿਣੇ ਚੁਣੇ ਕੁਝ ਉਦਯੋਗਪਤੀਆਂ ਦੀ ਗਿਣੀ-ਮਿੱਥੀ ਸਾਜਿਸ਼ ਹੈ। ਪਰ ਹੁਣ ਉਹ ਜ਼ਮਾਨਾ ਗੁਜ਼ਰ ਗਿਆ ਜਦ ਥੈਲੀਆਂ ਦੇ ਮੂੰਹ ਖੋਲ੍ਹ ਕੇ ਚੋਣਾਂ ਦੀ ਹਵਾ ਨੂੰ ਪ੍ਰਭਾਵਿਤ ਕਰ ਦਿੱਤਾ ਜਾਂਦਾ ਸੀ। ਜੇ ਅਜਿਹਾ ਹੀ ਹੁੰਦਾ ਤਾਂ ਸ਼ਾਇਦ ਮਾਇਆਵਤੀ, ਨਿਤਿਸ਼ ਕੁਮਾਰ, ਲਾਲੂ ਯਾਦਵ, ਬੀਜੂ ਪਟਨਾਇਕ ਤੇ ਮਮਤਾ ਬੈਨਰਜੀ ਕਦੇ ਵੀ ਆਪਣੇ ਦਮ 'ਤੇ ਆਪਣੇ-ਆਪਣੇ ਰਾਜਾਂ ਦੇ ਮੁੱਖ ਮੰਤਰੀ ਨਾ ਬਣ ਸਕਦੇ।

**ਆਪ ਦਾ ਗਰਾਫ ਤੇਜ਼ੀ ਨਾਲ ਗਿਰਨਾ ਸ਼ੁਰੂ**

ਹੁਣ ਤੱਕ ਤਾਂ ਸਭ ਕੁਝ ਆਪ ਵਿਚ ਠੀਕ ਠਾਕ ਚੱਲ ਰਿਹਾ ਸੀ, ਪਰ ਸੁੱਚਾ ਸਿੰਘ ਛੋਟੇਪੁਰ ਦੇ ਖਿਲਾਫ ਬਿਨਾ ਸੋਚੇ ਸਮਝੇ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਨੇ ਗਲਤ ਕਾਰਵਾਈ ਕੀਤੀ ਹੈ, ਉਸ ਨਾਲ ਪਾਰਟੀ ਦੇ ਵਰਕਰਾਂ ਵਿਚ ਇਹ ਗਲਤ ਸੰਦੇਸ਼ ਗਿਆ ਹੈ ਕਿ ਹੁਣ ਕਿਸੇ ਨਾਲ ਵੀ ਛੋਟੇਪੁਰ ਵਾਂਗ ਹੋ ਸਕਦਾ ਹੈ। ਇਹ ਕੋਈ ਐਡਾ ਮਸਲਾ ਨਹੀਂ ਸੀ ਜੋ ਅੰਦਰਖਾਤੇ ਨਾ ਸੁਲਝਾਇਆ ਜਾਂਦਾ। ਮਤਲਬ ਛੋਟੀ ਗਲਤੀ ਦੀ ਵੱਡੀ ਸਜ਼ਾ। ਹੁਣ ਤਾਂ ਤੀਰ ਕਮਾਨ 'ਚੋਂ ਨਿਕਲ ਚੁੱਕਾ ਹੈ, ਵੇਖਦੇ ਹਾਂ ਕਿ ਕਿਸ ਕਦਰ ਜਾ ਕੇ ਲੱਗਦਾ ਹੈ।

# ਬਾਬਾ ਰਾਮਦੇਵ ਨੇ ਆਪਣਾ ਇਸ਼ਤਿਹਾਰ ਬਦਲਿਆ




ਬਾਬਾ ਰਾਮਦੇਵ ਨੇ ਆਪਣੇ ਉਤਪਾਦਾਂ ਦੀ ਮਸ਼ਹੂਰੀ ਦੀ ਆੜ ਵਿਚ ਈਸਾਈ ਧਰਮ ਨੂੰ ਬਦਨਾਮ ਕਰਨ ਲਈ ਵੱਖ ਵੱਖ ਟੀ. ਵੀ. ਚੈਨਲਾਂ ਤੇ ਲਾਏ ਆਪਣੇ ਇਸ਼ਤਿਹਾਰ ਵਿਚੋਂ ਨਾ ਕੇਵਲ ਸਲੀਬ ਦਾ ਨਿਸ਼ਾਨ ਹੀ ਹਟਾ ਲਿਆ ਹੈ ਬਲਕਿ ਇਸ ਦੇਸ਼ ਵਿਚ ਕੰਮ ਕਰ ਰਹੀਆਂ ਵਿਦੇਸ਼ੀ ਕੰਪਨੀਆਂ ਵਿਰੁੱਧ ਬੋਲਣਾ ਵੀ ਬੰਦ ਕਰ ਦਿੱਤਾ ਹੈ। ਚੰਗਾ ਹੁੰਦਾ ਉਹ ਸਲੀਬ ਦੇ ਨਿਸ਼ਾਨ ਦੀ ਦੁਰਵਰਤੋਂ ਕਰਨ ਤੋਂ ਪਹਿਲਾਂ ਇਸ ਨਿਸ਼ਾਨ ਦੇ ਮਹੱਤਵ ਨੂੰ ਸਮਝਦੇ ਤੇ ਵਿਦੇਸ਼ੀ ਕੰਪ-ਨੀਆਂ ਦੀ ਇਸ ਦੇਸ਼ ਨੂੰ ਦੇਣ ਦੀ ਸਟੱਡੀ ਕਰਦੇ। ਉਹ ਅਜਿਹਾ ਕਰਦੇ ਤਾਂ ਇਸ ਸੰਸਾਰ ਦੇ ਅਰਬਾਂ ਈਸਾਈਆਂ ਦੇ ਧਾਰਮਿਕ ਜਜ਼ਬਾਤ ਵਲੂੰਧਰੇ ਨਾ ਜਾਂਦੇ ਅਤੇ ਇਕ ਸੰਲਿਆਸੀ ਲਈ ਉਨ੍ਹਾਂ ਦੇ ਦਿਲ ਵਿਚੋਂ ਸਤਿਕਾਰ ਨਾ ਘਟਦਾ।

ਇਕ ਭਗਵੇਂ ਕੱਪੜੇ ਪਹਿਨਣ ਵਾਲਾ ਸੰਨਿਆਸੀ ਪੂਰੇ ਸੰਸਾਰ ਦੇ ਲੋਕਾਂ ਨੂੰ ਖੁਦਾ ਦਾ ਪਰਿਵਾਰ ਸਮਝਦਾ ਹੈ। ਇਕ ਸੰਨਿਆਸੀ ਲਈ ਕੋਈ ਧਰਮ ਦੇਸੀ ਜਾਂ ਵਿਦੇਸ਼ੀ ਨਹੀਂ ਹੁੰਦਾ। ਉਹ ਮਨੁੱਖ ਨੂੰ ਮਨੁੱਖ ਦੇ ਰੂਪ ਵਿਚ ਦੇਖਦਾ ਹੈ, ਉਸਦੇ ਧਰਮ ਦੇ ਪੱਖੋਂ ਨਹੀਂ। ਉਸਦੇ ਲਈ ਇਨਸਾਨੀਅਤ ਹੀ ਧਰਮ ਹੁੰਦਾ ਹੈ।

(ੳ) ਸੰਨਿਆਸੀ ਸਾਰੀ ਜ਼ਿੰਦਗੀ ਗਰੀਬ ਰਹਿਣ ਦਾ ਪ੍ਰਣ ਕਰਦਾ ਹੈ। ਇਕ ਗਰੀਬ

**(ਬਾਕੀ ਸਫਾ 11 ਤੇ)**

## ਪਵਿੱਤਰ ਬਾਈਬਲ

ਪਵਿੱਤਰ ਬਾਈਬਲ ਸੰਸਾਰ ਦੀ ਸਭ ਤੋਂ ਵੱਧ ਛਪਣ ਵਾਲੀ, ਸਭ ਤੋਂ ਵੱਧ ਵਿਕਣ ਵਾਲੀ, ਸਭ ਤੋਂ ਉੱਚੀ ਕੀਮਤ ਤੇ ਵਿਕਣ ਵਾਲੀ ਅਤੇ ਸਭ ਤੋਂ ਵੱਧ ਮੁਫਤ ਵੰਡੀ ਜਾਣ ਵਾਲੀ ਪੁਸਤਕ ਹੈ। ਇਹ ਸੰਸਾਰ ਦੀਆਂ 2300 ਤੋਂ ਵੱਧ ਭਾਸ਼ਾਵਾਂ ਅਤੇ ਉਪ ਭਾਸ਼ਾਵਾਂ ਵਿਚ ਛਪ ਚੁੱਕੀ ਹੈ। ਇਸ ਨੂੰ ਨਸ਼ਟ ਕਰਨ ਲਈ ਕਈ ਹਕੂਮਤਾਂ ਨੇ ਯਤਨ ਕੀਤੇ ਪਰ ਇਹ ਲਗਾਤਾਰ ਸੰਸਾਰ ਤੇ ਵਧਦੀ ਰਹੀ ਹੈ ਅਜੇ ਵੀ ਵੱਧ ਰਹੀ ਹੈ।

ਇਹ ਪੁਸਤਕ ਜਿਸ ਕੌਮ ਦੇ ਹੱਥ ਆਈ ਉਹ ਪਤਾਲ ਵਿਚੋਂ ਨਿਕਲ ਕੇ ਅਕਾਸ਼ ਨਾਲ ਗੱਲਾਂ ਕਰਨ ਲੱਗ ਪਈ। ਬਰਤਾਨੀਆ ਦੇ ਲੋਕਾਂ ਨੇ ਤੀਸਰੀ ਸਦੀ ਦੇ ਅੰਤ ਵਿਚ ਪਵਿੱਤਰ ਬਾਈਬਲ ਨੂੰ ਫੜਿਆ ਜਦ ਉਹ ਰੋਮ ਦੇ ਗੁਲਾਮ ਸਨ। ਪਵਿੱਤਰ ਬਾਈਬਲ ਹੱਥ ਆਉਂਦਿਆਂ ਹੀ ਇਹ ਕੌਮ ਅਕਾਸ਼ ਨਾਲ ਗੱਲਾਂ ਕਰਨ ਲੱਗ ਪਈ। ਇਹੀ ਇਤਿਹਾਸ ਸੰਸਾਰ ਦੇ 164 ਦੇਸ਼ਾਂ ਦਾ ਹੈ ਜੋ ਕਿ ਪਹਿਲਾਂ ਬਹੁਤ ਕੰਗਾਲ ਸਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਯੂਥ ਅਕਾਲੀ ਦਲ ਕੈਲੀਫੋਰਨੀਆਂ ਦੇ ਮੈਂਬਰਾਂ ਦੀ ਮੀਟਿੰਗ ਕਰਮਨ ਵਿਖੇ ਹੋਈ

## 'ਨਵੇਂ ਮੈਂਬਰਾਂ ਦਾ ਕੀਤਾ ਸਵਾਗਤ'






**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ /ਨੀਟਾ ਮਾਛੀਕੇ):** ਯੂਥ ਅਕਾਲੀ ਦਲ ਵੈਸ਼ਟ ਕੌਸ਼ਟ ਇਕਾਈ ਦੀ ਮੀਟਿੰਗ ਕਰਮਨ ਸ਼ਹਿਰਿ ਵਖੇ ਹੋਈ। ਜਿਸ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਅਤੇ ਅਗਲੇਰੀ ਚੋਣ ਲਈ ਵਿਚਾਰਾਂ ਹੋਈਆਂ।

ਇਸ ਸਮੇਂ ਵੈਸ਼ਟ ਕੌਸ਼ਟ ਕੈਲੀਫੋਰਨੀਆਂ ਦੀ ਇਕਾਈ ਵਿੱਚ ਨਵੇਂ ਵਰਕਰਾਂ ਨੂੰ ਜੀ ਆਇਆ ਕਹਿੰਦੇ ਹੋਏ ਸਰੋਪੇ ਦੇ ਕੇ ਸਨਮਿਨਤ ਕੀਤਾ ਗਿਆ। ਅਗਲੇਰੀ 2017 ਵਿੱਚ ਆ ਰਹੀ ਚੋਣ ਲਈ ਹਰ ਤਰ੍ਹਾਂ ਨਾਲ ਮਦਦ ਕਰਨ ਦੀ ਵਚਨਬੱਧਤਾ ਪ੍ਰਗਟਾਈ ਗਈ। ਇਸ ਮੀਟਿੰਗ ਵਿੱਚ ਪ੍ਰਮੁੱਖ ਅਰਵਿੰਦਰ ਸਿੰਘ ਲਾਖਨ (ਕੋਆਰਡੀਨੇਟਰ), ਰਵਿੰਦਰ ਸਿੰਘ ਬੋਇਲ (ਪ੍ਰਧਾਨ) ਪਰਵਿੰਦਰਪਾਲ ਸਿੰਘ ਰਠੌਰ (ਜਨਰਲ ਸਕੱਤਰ), ਸਤਵੀਰ ਸਿੰਘ ਹੀਰ (ਮੀਡੀਆ ਸਕੱਤਰ), ਵਿਨੇ ਵੋਹਰਾ (ਸੀਨੀਅਰ ਮੀਤ ਪ੍ਰਧਾਨ), ਸ਼ੇਰ ਸਿੰਘ ਚੌਹਾਨ (ਮੀਤ ਪ੍ਰਧਾਨ), ਭੁਪਿੰਦਰ ਸਿੰਘ ਜਾਡਲਾ (ਸਲਾਹਕਾਰ), ਗੁਲਬਿੰਦਰ ਗੈਰੀ ਢੇਸੀ, ਗੁਰਦਿਆਲ ਸਿੰਘ ਚੋਹਾਨ, ਸਤਨਾਮ ਸਿੰਘ ਗਿੱਲ, ਧਰਮਿੰਦਰ ਸਿੰਘ ਮੀਰਪੁਰ, ਕੁਲਵੰਤ ਸਿੰਘ ਸਿੱਧੂ, ਦਲਜੀਤ ਸਿੰਘ ਜਾਡਲਾ, ਗੁਰਨਾਮ ਸਿੰਘ ਸਤੋਵਾਲ ਢੇਰੀ, ਵੰਸ਼ਦੀਪ ਸਿੱਧੂ, ਅਵਤਾਰ ਸਿੰਘ ਗਰੇਵਾਲ, ਅਮ੍ਰਿਤਪਾਲ ਸਿੰਘ ਸਿੱਧੂ, ਹਰਜੀਤ ਸਿੰਘ ਗਰੇਵਾਲ, ਕਾਬੁਲ ਸਿੰਘ ਰੱਕੜ, ਰਣਮੇਘ ਸਿੰਘ ਢੇਸੀ, ਏਵਨ ਢੇਸੀ, ਅਰਮਾਨ ਥਾਂਦੀ, ਗੁਰਕੀਰਤ ਸਿੰਘ ਹੀਰ, ਬਲਰਾਜ ਸਿੰਘ ਬੱਲਾ ਬੱਲ੍ਹਾਂ, ਗਿਆਨ ਸਿੰਘ ਰੱਕੜ, ਕਾਬੁਲ ਸਿੰਘ ਰੱਕੜ ਆਦਿਕ ਬਹੁਤ ਸਾਰੇ ਸੱਜਣਾਂ ਨੇ ਹਾਜ਼ਰੀ ਭਰੀ।

# ਗੁਰਬਖਸ਼ ਸਿੰਘ ਧਾਲੀਵਾਲ ਹੁਣਾਂ ਦੀ 11 ਵੀਂ ਬਰਸੀ ਫਰਿਜਨੋ ਵਿਚ ਮਨਾਈ ਗਈ







**ਫਰਿਜਨੋ-** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਦੇ ਬਾਨੀ ਮੈਂਬਰ ਅਤੇ ਹਲਕਾ ਨਿਹਾਲ ਸਿੰਘ ਵਾਲਾ ਤੋਂ ਐਮ ਐਲ ਏ ਰਹਿ ਚੁਕੇ ਸ੍ਰ ਗੁਰਬਖਸ਼ ਸਿੰਘ ਧਾਲੀਵਾਲ ਹੁਣਾ ਦੀ 11 ਵੀ ਬਰਸੀ ਉਨਾ ਦੇ ਬੇਟੇ ਨਵਦੀਪ ਸਿੰਘ ਧਾਲੀਵਾਲ ਦੇ ਘਰ ਵਿਚ ਮਨਾਈ ਗਈ। ਇਸ ਮੌਕੇ ਤੇ ਸ਼ਾਮਲ ਹੋਏ ਪਰਿਵਾਰ ਦੇ ਰਿਸ਼ਤੇਦਾਰ, ਦੋਸਤ ਮਿਤਰ ਅਤੇ ਹੋਰ ਇਲਾਕੇ ਦੇ ਲੋਕਾਂ ਨੇ ਗੁਰਬਖਸ਼ ਸਿੰਘ ਧਾਲੀਵਾਲ ਹੋਣਾ ਦੀ ਲੋਕ ਪੱਖੀ ਸੋਚ ਪ੍ਰਤੀ ਦਰਿੜਤਾ ਪਰਗਟਾਈ। ਪ੍ਰੋਗਰਾਮ ਦੀ ਸੁਰੂਆਤ ਸਟੇਜ ਸਕੱਤਰ ਹਰਮਨ ਗਿੱਲ ਨੇ ਉਨਾਂ ਦੀ ਸੋਚ ਨੂੰ ਸਲਾਮ ਕਰਦਿਆ ਅਤੇ ਪਹੁੰਚੇ ਹੋਏ ਦੋਸਤਾਂ ਦਾ ਧੰਨਵਾਦ ਕਰਦਿਆ ਕੀਤਾ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜਨੋ ਦੇ ਸਕੱਤਰ ਸੁੰਰਿਦਰ ਸਿੰਘ ਮੰਢਾਲੀ ਨੇ ਗੁਰਬਖਸ਼ ਸਿੰਘ ਧਾਲੀਵਾਲ ਹੋਣਾ ਨਾਲ ਫੋਰਮ ਦੇ ਸ਼ੁਰੂਆਤੀ ਦਿਨਾ ਦੇ ਸਮੇ ਦੀਆਂ ਆਪਣੀਆਂ ਯਾਦਾ ਨੂੰ ਸਾਝਾਂ ਕੀਤਾ। ਯਮਲਾ ਜੱਟ ਦੇ ਹੋਣਹਾਰ ਸ਼ਾਗਿਰਦ ਰਾਜ ਬਰਾੜ ਹੋਣਾ ਨੇ ਦੇਸ਼ ਭਗਤੀ ਦਾ ਇਕ ਗੀਤ ਗਾ ਕੇ ਗੁਰਬਖਸ਼ ਸਿੰਘ ਧਾਲੀਵਾਲ ਹੋਣਾ ਨੂੰ ਸ਼ਰਧਾਜਲੀ ਭੇਟ ਕੀਤੀ। ਆਚਲ ਹੇਅਰ ਨੇ ਇਕ ਨਵੀਂ ਕਵਿਤਾ ਸੁਣਾਈ ਅਤੇ ਹਰਿੰਦਰ ਮੰਢਾਲੀ ਅਤੇ ਸ਼ਰਨਜੀਤ ਧਾਲੀਵਾਲ ਨੇ ਵੀ ਇਕ ਇਕ ਕਵਿਤਾ ਨਾਲ ਹਾਜ਼ਰੀ ਲਵਾਈ। ਸ੍ਰ ਗੁਰਦੀਪ ਸਿੰਘ ਅਣਖੀ ਨੇ ਪਹੁੰਚੇ ਹੋਏ ਸਾਰੇ ਮਹਿਮਾਨਾ ਦਾ ਧੰਨਵਾਦ ਕੀਤਾ ਅਤੇ ਸਾਰਿਆ ਨੂੰ ਸ੍ਰ ਗੁਰਬਖਸ ਸਿੰਘ ਹੋਰਾ ਦੀ ਸੋਚ ਨਾਲ ਜੁੜਣ ਦਾ ਸੱਦਾ ਦਿਤਾ।

ਉਨਾਂ ਨੇ ਸਮੂਹ ਲੋਕਾਂ ਨੂੰ ਆਉਣ ਵਾਲੀਆਂ ਚੋਣਾ ਵਿਚ ਮਸਲਿਆ ਅਤੇ ਉਮੀਦਵਾਰਾਂ ਨੂੰ ਸਮਝ ਸੋਚ ਕੇ ਵੋਟਾ ਪਾਉਣ ਦੀ ਤਗੀਦ ਕੀਤੀ। ਇਸ ਇਕੱਤਰਤਾ ਦੇ ਖਾਸ ਮਹਿਮਾਨ ਭਾਰਤੀ ਫੋਜ ਦੇ ਮੇਜਰ ਜਨਰਲ ਰਹਿ ਚੁੱਕੇ ਸ੍ਰ ਭੁਪਿੰਦਰ ਸਿੰਘ ਸਨ। ਉਹ ਫੋਜ ਵਿਚ ਆਪਣੀਆਂ ਸਵੇਵਾਂ ਤੋਂ ਬਾਅਦ ਅੰਡੇਮਾਨ ਨਿਕੋਬਾਰ ਅਤੇ ਪਾਡੀਚਰੀ ਦੇ ਗਵਰਨਰ ਜਨਰਲ ਵੀ ਰਹਿ ਚੁਕੇ ਹਨ। ਉਨਾਂ ਨੇ ਅੱਜ ਦੇ ਰਾਜਨੀਤਕ ਲੀਡਰਾਂ ਤੇ ਗਿਲਾ ਕੀਤਾ ਕਿ ਉਹ ਲੋਕਾ ਦੇ ਮਸਲਿਆ ਨੂੰ ਭੁਲਾ ਕੇ ਆਪਣੇ ਫਾਇਦੇ ਵਿਚ ਜੁਟੇ ਹੋਏ ਹਨ। ਉਨਾਂ ਨੇ ਸ੍ਰ ਗੁਰਬਖਸ ਸਿੰਘ ਧਾਲੀਵਾਲ ਅਤੇ ਉਨਾ ਜਿਹੇ ਹੋਰ ਦੇਸ ਭਗਤਾਂ ਅਤੇ ਗਦਰੀ ਬਾਬਿਆ ਨੂੰ ਲੋਕਾਂ ਦੇ ਅਸਲੀ ਹੀਰੋ ਦੱਸਿਆ ਜਿਨਾਂ ਨੇ ਨਿਜ ਤੋਂ ਉਪਰ ਉਠ ਕੇ ਲੋਕਾਂ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਬੁਲਾਰਿਆ ਵਿਚ ਸ੍ਰ ਪਿਸ਼ੌਰਾ ਸਿੰਘ ਢਿਲੋਂ, ਕਰਨਲ ਹਰਦੇਵ ਸਿੰਘ ਗਿੱਲ, ਡਾ ਮਲਕੀਤ ਸਿੰਘ ਕਿੰਗਰਾਂ ਨੇ ਗੁਰਬਖਸ ਸਿੰਘ ਧਾਲੀਵਾਲ ਦੀ ਸੋਚ ਨੂੰ ਸਿਜਦਾ ਕੀਤਾ। ਸਮੂਹ ਧਾਲੀਵਾਲ ਪਰਿਵਾਰ ਵਲੋਂ ਸ਼ਾਮਲ ਹੋਏ ਸਾਰੇ ਲੋਕਾਂ ਲਈ ਚਾਹ ਪਾਣੀ ਅਤੇ ਲੰਗਰ ਦਾ ਪਰਬੰਧ ਕੀਤਾ ਗਿਆ। ਸਟੇਜ ਸਕੱਤਰ ਹਰਮਨ ਗਿੱਲ ਨੇ ਆਏ ਹੋਏ ਸਮੂਹ ਦੋਸਤਾਂ ਦਾ ਪਰਿਵਾਰ ਵਲੋ ਧੰਨਵਾਦ ਕਰਦਿਆ ਪ੍ਰੋਗਰਾਮ ਦੀ ਸਮਾਪਤੀ ਕੀਤੀ।

# ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਨਗਰ ਕੀਰਤਨ 23 ਅਕਤੂਬਰ ਨੂੰ



**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ-** ਇਥੋ ਦੇ ਸਥਾਨਿਕ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਵਿੱਚ ਪਿਛਲੇ ਦਿਨੀਂ ਪ੍ਰਬੰਧਕਾਂ ਦੀ ਇੱਕ ਅਹਿੰਮ ਮੀਟਿੰਗ ਹੋਈ, ਜਿਸ ਦੌਰਾਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਆਗਮਨ ਪੁਰਬ ਸਬੰਧੀ ਹੋਣ ਵਾਲੇ ਛੇਵੇਂ ਸਲਾਨਾਂ ਨਗਰ ਕੀਰਤਨ ਦੇ ਸਬੰਧ ਵਿੱਚ ਵਿਚਾਰਾਂ ਹੋਈਆਂ ਅਤੇ ਫੈਸਲਾ ਲਿਆ ਗਿਆ ਕਿ ਇਹ ਮਹਾਨ ਨਗਰ ਕੀਰਤਨ ਇਸ ਵਾਰ 23 ਅਕਤੂਬਰ ਦਿਨ ਐਤਵਾਰ ਨੂੰ ਸਜਾਇਆ ਜਾਵੇਗਾ ਅਤੇ ਇਸ ਵਿੱਚ ਸ਼ਾਮਲ ਹੋ ਰਹੇ ਜਥਿਆ ਅਤੇ ਵਿਦਵਾਨਾਂ ਸਬੰਧੀ ਜਾਣਕਾਰੀ ਆਉਣ ਵਾਲੇ ਦਿਨਾਂ ਦੌਰਾਂਨ ਨਸ਼ਰ ਕੀਤੀ ਜਾਵੇਗੀ।

ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਅਵਤਾਰ ਸਿੰਘ ਨੇ ਦੱਸਿਆ ਕਿ ਆਉਦੇ ਦਿਨਾਂ ਦੌਰਾਂਨ ਸੰਗਤਾ ਨਾਲ ਇਸ ਨਗਰ ਕੀਰਤਨ ਦੇ ਸਬੰਧ ਵਿੱਚ ਵਿਚਾਰਾਂ ਹੋਣਗੀਆਂ, ਤਾਂ ਜੋਂ ਪਿਛਲੀਆਂ ਕਮੀਆਂ-ਪੇਸੀਆਂ ਨੂੰ ਦੂਰ ਕਰਕੇ ਇਸ ਨਗਰ ਕੀਰਤਨ ਨੂੰ ਸੰਗਤਾਂ ਦੀ ਸਹੂਲਤ ਮੁਤਾਬਕ ਹੋਰ ਸੁਚੱਜੇ ਤਰੀਕੇ ਨਾਲ ਸਜਾਇਆ ਜਾ ਸਕੇ।

# ਅਮਰੀਕੀ ਪੰਜਾਬੀ ਕਵੀਆਂ ਨੇ ਧਾਰਮਿਕ ਕਵੀ ਦਰਬਾਰ ਸਜਾਇਆ

**ਸੈਕਰਾਮੈਂਟੋ (ਪ੍ਰਵਾਨਾ)-** ਹਫਤਾਵਾਰੀ ਸਜਦੇ ਦੀਵਾਨਾਂ ਵਿਚ ਧਾਰਮਿਕ ਕਵੀ ਦਰਬਾਰ ਦੀ ਸੱਜਦੀ ਕੜੀ ਵਿਚ ਸਿੱਖ ਇਤਿਹਾਸ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸੱਚਖੰਡ ਈਸ਼ਰ ਦਰਬਾਰ ਸੈਕਰਾਮੈਂਟੋ ਵਿਖੇ ਬੜੀ ਸ਼ਰਧਾ ਨਾਲ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਦੀ ਕਾਰਵਾਈ ਸੰਭਾਲੀ। ਇਸ ਦਰਮਿਆਨ ਗੁਰਦਿਅਲ ਸਿੰਘ ਨੂਰਪੁਰੀ, ਦਰਸ਼ਨ ਸਿੰਘ ਜਲੰਧਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਫੱਗਣ ਸਿੰਘ ਧਾਮੀ, ਬੀਬੀ ਗੁਰਮੇਲ ਕੌਰ, ਬਾਬਾ ਗਿੰਦਰ ਸਿੰਘ, ਸੁਲੱਖਣ ਸਿੰਘ ਸੰਧੂ, ਦਰਸ਼ਨ ਸਿੰਘ ਆਦਿ ਨੇ ਸ਼ਹੀਦਾਂ ਦੇ ਇਤਿਹਾਸ ਦੀਆਂ ਜੋਸ਼ੀਲੀਆਂ ਰਚਨਾਵਾਂ ਪੜ੍ਹੀਆਂ।



# ਅਕਾਲੀ ਦਲ ਵਿਚੋਂ ਮੁੱਕ ਚੱਲੀ ਟੌਹੜਾ ਪਰਿਵਾਰ ਦੀ ਵਿਰਾਸਤ

**(ਪਹਿਲੇ ਸਫੇ ਦੀ ਬਾਕੀ)** ਪਿਛਲੀਆਂ ਚੋਣਾਂ ਦੌਰਾਨ ਕੁਲਦੀਪ ਕੌਰ ਖ਼ਿਲਾਫ਼ ਆਜ਼ਾਦ ਉਮੀਦਵਾਰ ਵਜੋਂ ਖੜ੍ਹਾ ਕਰਕੇ ਉਨ੍ਹਾਂ ਨੂੰ ਹਰਾਇਆ ਸੀ ਅਤੇ ਹੁਣ ਉਨ੍ਹਾਂ ਦੀ ਥਾਂ ਪਟਿਆਲਾ ਦਿਹਾਤੀ ਤੋਂ ਸ੍ਰੀ ਖੱਟੜਾ ਨੂੰ ਪਾਰਟੀ ਦਾ ਇੰਚਾਰਜ ਬਣਾ ਕੇ ਟੌਹੜਾ ਪਰਿਵਾਰ ਨੂੰ ਹਾਸ਼ੀਏ 'ਤੇ ਧੱਕਿਆ। ਉਹ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਦੀ ਲੁੱਟ-ਖਸੁੱਟ ਦੀ ਨੀਤੀ ਤੋਂ ਦੁਖੀ ਹੋ ਕੇ 'ਆਪ' ਵਿੱਚ ਆਏ ਹਨ।

ਸੰਜੈ ਸਿੰਘ ਨੇ ਸਾਬਕਾ ਸੰਸਦ ਮੈਂਬਰ ਜਗਮੀਤ ਬਰਾੜ ਵੱਲੋਂ ਬਿਨਾਂ ਸ਼ਰਤ 'ਆਪ' ਵਿੱਚ ਸ਼ਾਮਲ ਕਰਨ ਦੇ ਦਿੱਤੇ ਬਿਆਨ ਦਾ ਸਵਾਗਤ ਕਰ ਕੇ ਸੰਕੇਤ ਦਿੱਤਾ ਹੈ ਕਿ ਇਸ ਆਗੂ ਨੂੰ ਵੀ ਪਾਰਟੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਉਨ੍ਹਾਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੋਂ 'ਆਪ' ਨੂੰ ਵਿਦੇਸ਼ੀ ਤੋਂ ਮਿਲ ਰਹੇ ਫੰਡਾਂ ਸਬੰਧੀ ਉਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਇਸ ਪੜਤਾਲ ਦੌਰਾਨ ਕੁੱਝ ਨਾ ਨਿਕਲਿਆ ਤਾਂ ਸੁਖਬੀਰ ਬਾਦਲ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਨੀਲੇ ਕਾਰਡ ਬਣਾ ਕੇ ਲੋਕਾਂ ਨੂੰ ਭਿਖਾਰੀ ਬਣਾਉਣ ਦੇ ਰਾਹ ਪਈ ਹੈ ਪਰ ਬੇਰੁਜ਼ਗਾਰਾਂ ਨੂੰ ਨੌਕਰੀ ਦਿੱਤੇ ਬਿਨਾਂ ਪੰਜਾਬ ਦਾ ਕਲਿਆਣ ਸੰਭਵ ਨਹੀਂ ਹੈ।

# ਭਾਰਤ ਅਤੇ ਅਮਰੀਕਾ ਹੋਰ ਨੇੜੇ ਆਏ

**(ਪਹਿਲੇ ਸਫੇ ਦੀ ਬਾਕੀ)**

ਢਾਂਚਾ ਵੀ ਮੁਹੱਈਆ ਕਰਵਾਇਆ ਜਾਵੇਗਾ। ਇਸ ਵਿੱਚ ਖਾਣਾ, ਪਾਣੀ, ਰਿਹਾਇਸ਼, ਟਰਾਂਸਪੋਰਟ, ਪੈਟਰਲੀਅਮ, ਤੇਲ, ਲੁਬਰੀਕੈਂਟ, ਕੱਪੜੇ, ਸਿਹਤ ਸੇਵਾਵਾਂ, ਕਲਪੁਰਜ਼ੇ, ਮੁਰੰਮਤ ਅਤੇ ਦੇਖਭਾਲ ਸੇਵਾਵਾਂ, ਟਰੇਨਿੰਗ ਸੇਵਾਵਾਂ ਅਤੇ ਹੋਰ ਸਾਜ਼ੋ-ਸਾਮਾਨ ਦੀਆਂ ਵਸਤਾਂ ਤੇ ਸੇਵਾਵਾਂ ਸ਼ਾਮਲ ਹਨ।' ਕਰਾਰ 'ਤੇ ਦਸਤਖ਼ਤ ਹੋਣ ਬਾਅਦ ਇਕ ਸਾਂਝੇ ਬਿਆਨ ਵਿੱਚ ਕਿਹਾ ਗਿਆ,'ਉਹ ਇਸ ਗੱਲ 'ਤੇ ਸਹਿਮਤ ਹੋਏ ਹਨ ਕਿ ਇਹ ਢਾਂਚਾ ਰੱਖਿਆ ਤਕਨੀਕ ਅਤੇ ਵਪਾਰ ਸਹਿਯੋਗ ਵਿੱਚ ਸ਼ਾਨਦਾਰ ਤੇ ਆਧੁਨਿਕ ਮੌਕੇ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਅਮਰੀਕਾ ਇਸ ਸਬੰਧ ਵਿੱਚ ਭਾਰਤ ਦੇ ਨਾਲ ਰੱਖਿਆ ਵਪਾਰ ਅਤੇ ਤਕਨੀਕ ਭਾਈਵਾਲੀ ਨੂੰ ਉਸ ਪੱਧਰ ਤੱਕ ਲਿਜਾਣ ਲਈ ਸਹਿਮਤ ਹੋਇਆ ਹੈ ਜੋ ਉਸ ਦੇ ਨਜ਼ਦੀਕੀ ਸਹਿਯੋਗੀ ਤੇ ਭਾਈਵਾਲਾਂ ਨੂੰ ਹਾਸਲ ਹੈ।' ਬਿਆਨ ਮੁਤਾਬਕ ਦੋਵਾਂ ਦੇਸ਼ਾਂ ਵਿਚਾਲੇ ਰੱਖਿਆ ਸਬੰਧ ਉਨ੍ਹਾਂ ਦੇ 'ਸਾਂਝੀਆਂ ਕਦਰਾਂ ਕੀਮਤਾਂ ਅਤੇ ਹਿੱਤਾਂ' ਅਤੇ 'ਕੌਮਾਂਤਰੀ ਅਤੇ ਸੁਰੱਖਿਆ ਪ੍ਰਤੀ ਉਨ੍ਹਾਂ ਦੀ ਸਥਾਈ ਪ੍ਰਤੀਬੱਧਤਾ' ਉਪਰ ਅਧਾਰਿਤ ਹੈ। ਸ੍ਰੀ ਪਰੀਕਰ ਨੇ ਪੱਤਰਕਾਰਾਂ ਨੂੰ ਕਿਹਾ,'ਸਮਝੌਤੇ ਰਾਹੀਂ ਇਹ ਗੱਲ ਯਕੀਨ ਬਣਾਈ ਗਈ ਹੈ ਕਿ ਲੋੜ ਪੈਣ 'ਤੇ ਦੋਵਾਂ ਦੇਸ਼ਾਂ ਦੀਆਂ ਜਲ ਸੈਨਾਵਾਂ ਸਾਂਝੇ ਅਪਰੇਸ਼ਨਾਂ ਲਈ ਇਕ ਦੂਜੇ ਨੂੰ ਸਹਿਯੋਗੀ ਦੇਣ।' ਅਮਰੀਕੀ ਰੱਖਿਆ ਮੰਤਰੀ ਨੇ ਕਿਹਾ ਕਿ ਐਲਈਐਮਓਏ ਦੋਵਾਂ ਦੇਸ਼ਾਂ ਦੇ ਕੰਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਸ੍ਰੀ ਕਾਰਟਰ ਨੇ ਕਿਹਾ ਸਮਝੌਤਾ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਿਚਾਲੇ ਸਾਂਝੇ ਅਪਰੇਸ਼ਨਾਂ ਨੂੰ ਸਾਜ਼ੋ-ਸਾਮਾਨ ਦੇ ਹਿਸਾਬ ਨਾਲ ਅਸਾਨ ਤੇ ਕੁਸ਼ਲ ਬਣਾਏਗਾ। ਇਹ ਸਮਝੌਤਾ ਪੂਰੀ ਤਰ੍ਹਾਂ ਦੁਵੱਲੀ ਸਹਿਮਤੀ 'ਤੇ ਅਧਾਰਿਤ ਹੈ।

### ਪਾਕਿ ਬਾਰੇ ਭਾਰਤ ਦੀ ਮੰਗ ਦਾ ਅਮਰੀਕਾ ਵੱਲੋਂ ਸਮਰਥਨ

ਨਵੀਂ ਦਿੱਲੀ: ਭਾਰਤ ਵੱਲੋਂ ਪਾਕਿਸਤਾਨ ਤੋਂ ਅਤਿਵਾਦੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਕੀਤੀ ਜਾ ਰਹੀ ਮੰਗ ਦਾ ਅੱਜ ਅਮਰੀਕਾ ਨੇ ਪੂਰਾ ਸਮਰਥਨ ਕੀਤਾ ਹੈ।

ਅਮਰੀਕਾ ਦੇ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਹਰ ਤਰ੍ਹਾਂ ਦੇ ਅਤਿਵਾਦ ਖ਼ਿਲਾਫ਼ ਭਾਰਤ ਨਾਲ ਮਜ਼ਬੂਤ ਭਾਈਵਾਲ ਵਜੋਂ ਖੜ੍ਹਾ ਹੈ। ਸ੍ਰੀ ਕੈਰੀ ਨਾਲ ਇਥੇ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਵਿਦੇਸ਼ ਮੰਤਰੀ ਸੁਸ਼ਮਾ ਸਵਾਰਜ ਨੇ ਕਿਹਾ, 'ਅਸੀਂ ਪਾਕਿਸਤਾਨ ਨੂੰ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹ-'ਮਦ ਅਤੇ ਡੀ ਕੰਪਨੀ ਸਮੇਤ ਅਪਰਾਧਕ ਨੈੱਟਵਰਕਾਂ ਅਤੇ ਅਤਿਵਾਦੀਆਂ ਦੀਆਂ ਪਨਾਹਗਾਹ ਨੂੰ ਨਸ਼ਟ ਕਰਨ ਦੀ ਲੋੜ ਬਾਰੇ ਮੁੜ ਦ੍ਰਿੜਤਾ ਨਾਲ ਕਹਿੰਦੇ ਹਾਂ।




**Special Features**

Watch & Record
Make it a PVR (USB Required)
LED Screen
Know what your box is doing

Press & Play
Press a number to change the channel
Apps from Market

Shahzad Choudury
Cell. (770) 815-8315

# DEALERS IN CALIFORNIA USA

Keney Rassul
Cell. (909) 213-7081

Kenny (909)-213-7081, (909) 498 6132
S. Chauhdry (770) 815 8315
BOMBAY MUSIC (BERKELEY)

***

Mr. Anil Ajmany,
1006 University Ave., BERKELEY, CA 94710, USA
PHONE: 510-845-3311
E-MAIL; 1bombaymusic@gmail.com

***

HI-TECH INTERNATIONAL
(W. SACRAMANTO)
1449 SACRAMENTO AVENUE,
WEST SACRAMENTO, CA 95605
PHONE :916-995-8525
E-MAIL: sohaziz@gmail.com

***

INDIA BAZZAR (STOCKTON)
Mr. Happy, Mr. Jai Ram Ji
1304 E. Hammer Lane, Stockton, CA 95210
PHONE :209-478-0285 , 209-594-8473

***

MR. AVTAR SINGH PHONE :707-703-1451
(BSONS TRAVEL & TEXAS SERVICE)
1652 WEST TEXAS STREET 189, SUITE 205,
FAIRFIELD, CA 94533,

***

Shak (510-290-0786)
HALAL FOOD MARKET IN BERKELEY

***

Mr. Ali 1964 SAN PABLO AVE, BERKELEY,
CA 94702 (PH) :510 845 2000 , 925 914 1498
Mr. SINGH Phone:209-450-1365
Indian Grocery and General Store
C-3230 Mitchell Rd Ceres, CA 95307
bigdepotindian@hotmail.com
MR. ATUL MALIK (BERKELEY)
1962 San Pablo Avenue, Berkeley,CA 94702
Phone: 510 649 7777
E-mail: infinitytravels@sbcglobal.net

***

MR. KARIM,
SMOKE FOR LESS
1652 N. Texas Street, Fairfield, CA 94533
PHONE :510-684-9586E
mail:karimhotaki@gmail.com

***

MR. NAVEEN KHOSLA
(SHALIMAR INDIAN GROCERY)
32120 ALVARADO BLVD, UNION CITY, CA 94587
PHONE :510 487 7752 , 209 678 5004

***

MR. SHAFI (HALAL MEATS)
1538 S. DE ANZA BLVD, SAN JOSE, CA 95129,
PHONE :408 865 1222

***

RAVI
Phone: 661 835 8930
All India Sweet, 3150 Panama Slane # K,
Bakersfield, CA 93313 usakamboj@yahoo.com

****

SHARMA JI,
BOMBAY VIDEO (YUBA CITY)
1410 Bridge Street, Yuba City, CA 95993
PHONE :530-673-7150

***

TARIQ Phone # 315 542 5615
17 Sola Court, Sacramento, CA 95835
Email:hemo7863@gmail.com

***

Prince Barber Shop
37477 Fremont Blvd. suite C CA
Ph:5106779942, 5105059605

***

MR. PARSAD (FIJI INDIAN STORE)
117 WEST MAIN STREET, WOODLAND, CA 95695
PHONE : 530 668 8333

***

Mr. Shakeel Phone. 510 234 1700
BEST TIRES & WHEELS,
12826, SAN PABLO AVE. RICHMOND CA 94805

*****

SHUJA SIDDIQI Phone: 510 364 7595
Halal Meat and Grocery,
583 Saratoga Ave., Santa Clara, CA 95050
shuja_siddi@hotmail.com

*****

SMOKE ZONE, (FREEMONT)
Mir Wais
PHONE :510-656-9663 , 510-688-5878
46699 Mission Blvd, Freemont, CA 94534

Mr. Waqas,
CURRY KING , PAKISTAN AND INDIAN CUISINE,
34579 ALVARADO NILES ROAD,
UNION CITY, CA 94587
510 200 1730
waqaskhawaja85@yahoo.com

***

Amar Fashion Grocery Bazar
Lande Ave., Turlock CA

***

MadinaZabiha
Halal Foods Fremont 510 445 0786

***

Raavi Restaurant (San Francisco)
Jackson St. San Francisco
PH:510 290 0786

***

Rakesh
Phone: 925-778-7860,
Email: rakesh.sahni@yahoo.com
101 Railroad Ave. Antioch, CA 94509

www.shavatv.com
info@shavatv.com

# ‘ਅੰਬੇਡਕਰ ਵਿਚਾਰਧਾਰਾ’ ਪੁਸਤਕ ਐੱਸ.ਆਰ.ਲੱਧੜ ਵੱਲੋਂ ਰਿਲੀਜ

## ਪੰਜਾਬ ਸਰਕਾਰ ਡੀਸੀ ਦਫਤਰਾਂ ਵਿੱਚ ਅੰਬੇਡਕਰ ਦੇ ਆਦਮਕੱਦ ਬੁੱਤ ਸਥਾਪਿਤ ਕਰੇਗੀ








**ਮੁਹਾਲੀ, (ਕੁਲਵੰਤ ਸਿੰਘ ਟਿੱਬਾ)–** ਭਾਰਤ ਰਤਨ, ਸੰਵਿਧਾਨ ਨਿਰਮਾਤਾ ਡਾ. ਭੀਮ ਰਾਉ ਅੰਬੇਡਕਰ ਦੀ 125ਵੀਂ ਜੈਅੰਤੀ ਸਬੰਧੀ ਇੱਕ ਵਿਸੇਸ ਸਮਾਗਮ ਸ੍ਰੀ ਗੁਰੂ ਰਵਿਦਾਸ ਟੈਂਪਲ,ਫੇਜ 7 ਮੁਹਾਲੀ ਵਿਖੇ ਅਯੋਜਿਤ ਕੀਤਾ ਗਿਆ। ਜਿਸ ਵਿੱਚ ਬਤੌਰ ਮੁੱਖ ਮਹਿਮਾਨ ਯੋਜਨਾ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਐੱਸ.ਆਰ. ਲੱਧੜ ਨੇ ਸਮੂਲੀਅਤ ਕੀਤੀ ਜਦਕਿ ਸ੍ਰੀ ਹੁਕਮ ਚੰਦ ਰਿਟਾ. ਜੱਜ, ਬਲਵੰਤ ਸਿੰਘ ਡਰਾਇਕੈਟਰ ਯੋਜਨਾ ਵਿਭਾਗ ਪੰਜਾਬ,ਕਰਨਲ ਪ੍ਰਿਥਵੀ ਰਾਜ ਕੁਮਾਰ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਮੌਕੇ ਐੱਸ.ਆਰ. ਲੱਧੜ ਨੇ ਸੰਵਿਧਾਨ ਨਿਰਮਾਤਾ ਡਾ.ਭੀਮ ਰਾਉ ਅੰਬੇਡਕਰ ਦੇ ਜੀਵਨ, ਸੰਘਰਸ਼ ਅਤੇ ਭਾਰਤ ਦੇ ਨਿਰਮਾਣ ਵਿੱਚ ਪਾਏ ਯੋਗਦਾਨ ਸੰਬੰਧੀ ਕੁਲਵੰਤ ਸਿੰਘ ਟਿੱਬਾ ਵੱਲੋਂ ਪ੍ਰਕਾਸ਼ਿਤ ਲੇਖ ਸੰਗ੍ਰਹਿ 'ਅੰਬੇਡਕਰ ਵਿਚਾਰਧਾਰਾ’ ਨੂੰ ਲੋਕ ਅਰਪਣ ਕਰਦਿਆਂ ਕਿਹਾ ਕਿ ਅੰਬੇਡਕਰ ਨੇ ਦੇਸ ਦੀ ਉੱਨਤੀ ਅਤੇ ਨਵਨਿਰਮਾਣ ਵਿੱਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਅੰਬੇਡਕਰ ਨੇ ਸੰਵਿਧਾਨ ਦੇ ਨਿਰਮਾਣ ਸਮੇਂ ਹਰ ਵਰਗ ਅਤੇ ਧਰਮ ਦੇ ਹਿਤਾਂ ਦਾ ਧਿਆਨ ਰੱਖਿਆ ਅਤੇ ਉਨ੍ਹਾਂ ਦੀ ਦੂਰ ਅੰਦੇਸ਼ੀ ਸੋਚ ਸਦਕਾ ਹੀ ਭਾਰਤ ਵਿੱਚ ਲੋਕਤੰਤਰ ਕਾਇਮ ਹੈ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਡਾ. ਬੀ.ਆਰ. ਅੰਬੇਡਕਰ ਦੀ 125ਵੀਂ ਜੈਅੰਤੀ ’ਤੇ ਸੂਬੇ ਅੰਦਰ ਜਿਲ੍ਹਾ ਹੈੱਡਕੁਆਟਰਾਂ ’ਤੇ ਅੰਬੇਡਕਰ ਦੇ ਆਦਮ ਕੱਦ ਬੁੱਤ ਸਥਾਪਿਤ ਕਰੇਗੀ ਅਤੇ ਵਿੱਤ ਵਿਭਾਗ ਵੱਲੋਂ ਇਸ ਸਬੰਧੀ ਗ੍ਰਾਂਟ ਜਾਰੀ ਕੀਤੀ ਜਾ ਚੁੱਕੀ ਹੈ। ਹੁਕਮ ਚੰਦ ਰਿਟਾ.ਜੱਜ ਨੇ ਕਿਹਾ ਕਿ ਅੰਬੇਡਕਰਵਾਦ ਹੀ ਭਾਰਤ ਦੇ ਕਿਰਤੀ ਵਰਗ ਦੀਆਂ ਸਭ ਸਮੱਸਿਆਵਾਂ ਦਾ ਹੱਲ ਹੈ। ਉਨ੍ਹਾਂ ਕਿਹਾ ਕਿ ਅੰਬੇਡਕਰ ਨੇ ਸਿਰਫ਼ ਦਲਿਤਾਂ ਦੇ ਹਿੱਤਾ ਦੀ ਰੱਖਿਆ ਹੀ ਨਹੀਂ ਕੀਤੀ ਸਗੋਂ ਔਰਤਾਂ ਦੇ ਹੱਕਾਂ ਲਈ ਬੇਮਿਸਾਲ ਕੰਮ ਕੀਤੀ ਹੈ, ਜਿਸ ਦੇ ਸਿੱਟੇ ਵਜੋਂ ਅੱਜ ਔਰਤਾਂ ਨੇ ਹਰ ਖੇਤਰ ਵਿੱਚ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕਰਨਲ ਪ੍ਰਿਥਵੀ ਰਾਜ ਕੁਮਾਰ, ਕੁਲਵੰਤ ਸਿੰਘ ਟਿੱਬਾ,ਆਰ.ਏ.ਸੁਮਨ, ਸੰਤ ਰਾਜਵਰਿੰਦਰ ਸਿੰਘ ਟਿੱਬੇ ਵਾਲੇ, ਦਲਿਤ ਚਿੰਤਕ ਦਰਸਨ ਸਿੰਘ ਬਾਜਵਾ, ਨਰਿੰਦਰ ਸਿੰਘ ਮੁਹਾਲੀ,ਮੋਹਨ ਲਾਲ ਫਿਲੌਰੀਆ, ਬਲਵੰਤ ਸਿੰਘ ਡਾਇਰੈਕਟਰ ਯੋਜਨਾ ਵਿਭਾਗ, ਡੀ.ਆਰ. ਪਾਲ, ਕਰਮਜੀਤ ਹਰੀਗੜ੍ਹ, ਐਡਵੋਕੇਟ ਕੁਲਵਿੰਦਰ ਸਿੰਘ ਬੰਗਾ, ਜੋਗਿੰਦਰ ਸਿੰਘ ਰਾਏ, ਰਣਜੀਤ ਕੁਮਾਰ ਲੱਧੜ, ਡਾ.ਚਰਨ ਕੰਵਲ ਆਦਿ ਆਗੂ ਵੀ ਹਾਜ਼ਰ ਸਨ।

# ਅਕਾਲੀ ਦਲ ਵਿਕਾਸ ਦੇ ਮੁੱਦੇ ’ਤੇ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਦਰਜ ਕਰ ਕੇ ਤੀਜੀ ਵਾਰ ਸੂਬੇ ’ਚ ਸਰਕਾਰ ਬਣਾਵੇਗਾ-ਲਾਖਨ, ਬੋਇਲ



**ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਯੂਥ ਅਕਾਲੀ ਦਲ ਵੈਸਟ ਕੋਸਟ ਦੀ ਮੀਟਿੰਗ ਸ: ਅਰਵਿੰਦਰ ਸਿੰਘ ਲਾਖਨ ਚੀਫ਼ ਕੋਆਰਡੀਨੇਟਰ ਯੂ.ਐਸ.ਏ. ਦੀ ਕੋਆਡੀਨੇਸ਼ਨ ਅਤੇ ਸ: ਰਵਿੰਦਰ ਸਿੰਘ ਬੋਇਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੈਸਟ ਕੋਸਟ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਨਵੇਂ ਯੂਥ ਨੂੰ ਪਾਰਟੀ ਨਾਲ ਜੋੜਿਆ ਗਿਆ। ਇਸ ਮੌਕੇ ਉਘੇ ਬਿਜ਼ਨਸਮੈਨ ਸ੍ਰੀ ਵਿਨੇ ਵੋਹਰਾ ਨੂੰ ਸੀਨੀਅਰ ਵਾਈਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਯੂ.ਐਸ.ਏ. ਬਣਨ ’ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸ: ਅਰਵਿੰਦਰ ਸਿੰਘ ਲਾਖਨ ਅਤੇ ਸ: ਰਵਿੰਦਰ ਸਿੰਘ ਬੋਇਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵੈਸਟ ਕੋਸਟ ਜੋਨ ਦੀਆਂ ਬਹੁਤ ਹੀ ਜਲਦ ਹੋਰ ਮੀਟਿੰਗਾਂ ਉਲੀਕੀਆਂ ਜਾਣਕਾਰੀਆਂ ਅਤੇ ਪਾਰਟੀ ਦੇ ਪ੍ਰਚਾਰ ਲਈ ਲੋਕਾਂ ਨਾਲ ਸੰਪਰਕ ਸਾਧਿਆ ਜਾਵੇਗਾ ਤੇ ਅਕਾਲੀ ਦਲ ਵਿਕਾਸ ਦੇ ਮੁੱਦੇ ’ਤੇ 2017 ਦੀਆਂ ਵਿਧਾਨ ਸਭਾ ਚੋਣਾਂ ਜਿੱਤ ਕਰਕੇ ਇਤਿਹਾਸ ਸਿਰਜੇਗਾ। ਉਨਾਂ ਕਿਹਾ ਕਿ ਪੰਜਾਬ ਵਿਚ ਵੱਡੇ ਪੱਧਰ ’ਤੇ ਹੋਏ ਵਿਕਾਸ ’ਤੇ ਲੋਕ ਇਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਬਣਨਾ ਦੇਖਣਾ ਚਾਹੁੰਦੇ ਹਨ। ਉਨਾਂ ਨਾਲ ਹੀ ਕਿਹਾ ਕਿ ਅਕਾਲੀ ਸਰਕਾਰ ਨੇ ਪਿਛਲੇ 5 ਮਹੀਨਿਆਂ ਦੌਰਾਨ ਪਿੰਡ-ਪਿੰਡ ਸੰਗਤ ਦਰਸ਼ਨ ਕਰਕੇ ਇੰਨਾ ਪੈਸਾ ਵਿਕਾਸ ਲਈ ਵੰਡਿਆ ਹੈ ਜਿੰਨਾ ਕਾਂਗਰਸ ਨੇ ਆਪਣੇ ਕਾਰਜਕਾਲ ਦੇ ਪੰਜ ਸਾਲਾਂ ਦੌਰਾਨ ਨਹੀਂ ਦਿੱਤਾ ਸੀ। ਉਨਾਂ ਕਿਹਾ ਕਿ ਲੋਕ ਭਲਾਈ ਲਈ ਸੂਬਾ ਸਰਕਾਰ ਨੇ ਆਟਾ ਦਾਲ, ਸ਼ਗਨ ਸਕੀਮ, ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਅਤੇ ਹੋਰ ਕਈ ਲੋਕ ਪੱਖੀ ਸਕੀਮਾਂ ਸ਼ੁਰੂ ਕੀਤੀਆਂ ਹਨ ।

ਉਨਾਂ ਕਿਹਾ ਕਿ ਸੁਪਰੀਮ ਕੋਰਟ ਵਿਚ ਚੱਲ ਰਹੇ ਐਸ.ਵਾਈ.ਐਲ. ਦੇ ਮੁਕੱਦਮੇ ’ਤੇ ਪੰਜਾਬ ਵਿਰੋਧੀ ਸਟੈਂਡ ਲੈ ਕੇ ’ਆਪ’ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਨਾਂ ਨੂੰ ਪੰਜਾਬ ਜਾਂ ਪੰਜਾਬੀਅਤ ਨਾਲ ਕੋਈ ਹਮਦਰਦੀ ਨਹੀਂ ਹੈ। ਇਸ ਮੌਕੇ ਸ੍ਰੀ ਵਿਨੇ ਵੋਹਰਾ ਨੇ ਸਮੂਹ ਆਗੂਆਂ, ਅਹੁਦੇਦਾਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਪੂਰੇ ਤਨ, ਮਨ ਅਤੇ ਧਨ ਨਾਲ ਪਾਰਟੀ ਦਾ ਪ੍ਰਚਾਰ ਪ੍ਰਸਾਰ ਕਰਨਗੇ। ਇਸ ਮੌਕੇ ਸ: ਪਰਵਿੰਦਰਪਾਲ ਸਿੰਘ ਰਾਠੌਰ ਸਕੱਤਰ ਜਨਰਲ ਯੂਥ ਅਕਾਲੀ ਦਲ ਵੈਸਟ ਕੋਸਟ, ਸਤਵੀਰ ਸਿੰਘ ਹੀਰ ਮੀਡੀਆ ਇੰਚਾਰਜ ਯੂਥ ਅਕਾਲੀ ਦਲ ਵੈਸਟ ਕੋਸਟ, ਭੁਪਿੰਦਰ ਸਿੰਘ ਜਾਡਲਾ ਸੀਨੀਅਰ ਅਡਵਾਈਜ਼ਰ ਵੈਸਟ ਕੋਸਟ, ਸ਼ੇਰ ਸਿੰਘ ਚੌਹਾਨ ਜਨਰਲ ਸਕੱਤਰ ਵੈਸਟ ਕੋਸਟ, ਗੁਰਦਿਆਲ ਸਿੰਘ ਚੌਹਾਨ ਸੀਨੀਅਰ ਪ੍ਰਧਾਨ ਕੈਲੇਫੋਰਨੀਆਂ, ਧਰਮਿੰਦਰ ਸਿੰਘ ਪ੍ਰਧਾਨ ਮਰਚੈਂਟਸ ਕਾਊਂਟੀ, ਗੈਰੀ ਢੇਸੀ, ਅਵਤਾਰ ਗਰੇਵਾਲ, ਕੁਲਦੀਪ ਸਿੰਘ ਸੰਧੂ, ਦਲਜੀਤ ਸਿੰਘ ਜੋਨੀ ਜਨਰਲ ਸੈਕਟਰੀ ਮਰਚੈਂਟਸ ਕਾਊਂਟੀ, ਸਤਨਾਮ ਸਿੰਘ ਰਾਨੀ ਗਿੱਲ ਦਿਲਦਾਰ ਬ੍ਰਦਜ਼ ਅਮਰੀਕਾ, ਕੁਲਵੰਤ ਸਿੰਘ ਉਭੀ, ਗਿਆਨ ਸਿੰਘ ਰੱਖੜ, ਕਾਬੁਲ ਸਿੰਘ ਰੱਖੜ, ਅੰਮ੍ਰਿਤਪਾਲ ਸੰਧੂ, ਵੰਸ਼ਦੀਪ ਸਿੰਘ, ਭੱਲਾ ਬੈਂਸ, ਗੁਰਮੇਜ ਢੇਸੀ, ਕੁਲਵੰਤ ਸਿੰਘ ਸਿੱਧੂ, ਗੁਰਕੀਰਤ ਸਿੰਘ ਹੀਰ, ਏਵਨ ਢੇਸੀ, ਅਮਨ ਢੇਸੀ ਨੇ ਹਿੱਸਾ ਲਿਆ।

ਇਥੇ ਇਹ ਗੱਲ ਦੱਸਣਯੋਗ ਹੈ ਕਿ ਲੰਮੇ ਸਮੇਂ ਤੋਂ ਕਾਂਗਰਸ ਨਾਲ ਜੁੜੇ ਸ: ਗੁਰਨਾਮ ਸਿੰਘ ਸੱਤੋਵਾਲ ਢੇਰੀ ਸਮੇਤ ਪਰਿਵਾਰ ਅਕਾਲੀ ਦਲ ਵਿਚ ਸ਼ਾਮਿਲ ਹੋਏ, ਜਿੰਨਾਂ ਦਾ ਉਪਰੋਕਤ ਆਗੂਆਂ ਨੇ ਸਿਰੋਪਾਓ ਸਾਹਿਬ ਭੇਂਟ ਕਰਕੇ ਸਨਮਾਨ ਕੀਤਾ। ਇਸ ਮੌਕੇ ਨੌਜਵਾਨ ਆਗੂ ਪਰਵਿੰਦਰਪਾਲ ਸਿੰਘ ਰਾਠੌਰ ਨੇ ਸਟੇਜ਼ ਦੀ ਸਮੁੱਚੀ ਕਾਰਵਾਈ ਨਿਭਾਈ।

# ਦੇਸ਼ ਭਗਤ ਯਾਦਗਾਰ ਹਾਲ ’ਚ ਸੈਮੀਨਾਰ 3 ਸਤੰਬਰ ਨੂੰ

**ਜਲੰਧਰ–** "ਰਾਸ਼ਟਰਵਾਦ ਬਨਾਮ ਜਨਵਾਦ: 'ਉਦਾਸ ਮੌਸਮ’ ਮੇਂ ਏਕ ਪੁਨਰ ਵਿਚਾਰ’’ ਵਿਸ਼ੇ ਉਪਰ 3 ਸਤੰਬਰ ਦਿਨ ਸ਼ਨਿਚਰਵਾਰ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਸੈਮੀਨਾਰ ਕੀਤਾ ਜਾ ਰਿਹਾ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸੈਮੀਨਾਰ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਜੋਕੇ ਸਮੇਂ ਦੇ ਅਤੀਅੰਤ ਭਖ਼ਵੇਂ ਇਸ ਮੁੱਦੇ ਬਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ’ਚ ਸਕੂਲ ਆਫ਼ ਇੰਟਰਨੈਸ਼ਨਲ ਰੀਲੇਸ਼ਨ ਦੇ ਪ੍ਰੋ. ਨਿਵੇਦਤਾ ਮੈਨਨ (ਡਾ.) ਮੁੱਖ ਵਕਤਾ ਹੋਣਗੇ। ਉਹਨਾਂ ਦੱਸਿਆ ਕਿ ਲੋਕ-ਪੱਖੀ, ਅਗਾਂਹਵਧੂ, ਵਿਗਿਆਨਕ ਸੋਚ ਨੂੰ ਪਰਨਾਈਆਂ ਸ਼ਕਤੀਆਂ ਉਪਰ ਰਾਸ਼ਟਰਵਾਦ ਦੇ ਨਾਮ ਹੇਠ ਹੱਲੇ ਬੋਲੇ ਜਾ ਰਹੇ ਹਨ। ਖਾਸ ਕਰਕੇ ਕਸ਼ਮੀਰ ਸਮੇਤ ਮੁਲਕ ਦੇ ਵੱਖ-ਵੱਖ ਖਿੱਤਿਆਂ ਅੰਦਰ ਲੋਕਾਂ ਵਿਸ਼ੇਸ਼ ਕਰਕੇ ਔਰਤ ਵਰਗ ਦੇ ਮੌਲਿਕ ਜਮਹੂਰੀ ਹੱਕਾਂ ਦਾ ਸ਼ਰੇਆਮ ਘਾਣ ਕੀਤਾ ਜਾ ਰਿਹਾ ਹੈ।

ਅਜੇਹੇ 'ਉਦਾਸ ਮੌਸਮ’ ਅੰਦਰ ਡਾ. ਨਿਵੇਦਤਾ ਮੈਨਨ, 'ਉਦਾਸ ਮੌਸਮ’ ਬਦਲਣ ਲਈ ਗ਼ਦਰੀ ਦੇਸ਼ ਭਗਤਾਂ ਦੀ ਵਿਰਾਸਤ ਨੂੰ ਉਭਾਰਦਿਆਂ, ਲੋਕਾਂ ਦੀ ਬਾਂਹ ਫੜਨ ਵਾਲੀਆਂ ਸ਼ਕਤੀਆਂ ਨੂੰ ਚੁਣੌਤੀ ਭਰੇ ਮਾਹੌਲ ਅੰਦਰ ਪੁਨਰ ਵਿਚਾਰ ਦਾ ਸੱਦਾ ਦੇਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਦਰਦੀ, ਦੇਸ਼ ਭਗਤ, ਜਮਹੂਰੀ ਤਾਕਤਾਂ, ਬੁੱਧੀ-ਜੀਵੀਆਂ, ਲੇਖਕਾਂ, ਸੰਘਰਸ਼ਸ਼ੀਲ ਹਿੱਸਿਆਂ ਅਤੇ ਲੋਕਾਂ ਨੂੰ ਸੈਮੀਨਾਰ ’ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।



## ਰੀਓ ਉਲੰਪਿਕ-2016

# ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ



ਗੁਰਮੀਤ ਸਿੰਘ ਪਲਾਹੀ
91-98158-02070

**ਭਾਰਤ ਮੱਲਾਂ, ਯੋਧਿਆਂ, ਬਲਵਾਨਾਂ ਦਾ ਦੇਸ਼ ਹੈ। ਦੇਸ਼ ਦੇ ਹਰ ਖਿੱਤੇ 'ਚ ਕੋਈ ਨਾ ਕੋਈ ਖੇਡ ਗਰਮਜੋਸ਼ੀ ਨਾਲ ਖੇਡੀ ਜਾਂਦੀ ਹੈ। ਪੰਜਾਬ ਤੇ ਹਰਿਆਣੇ ਦੇ ਪਹਿਲਵਾਨ, ਪੰਜਾਬ ਦੇ ਹਾਕੀ ਖਿਡਾਰੀ ਤੇ ਦੱਖਣੀ ਭਾਰਤ ਦੇ ਤੈਰਾਕ ਰਾਸ਼ਟਰੀ, ਅੰਤਰ-ਰਾਸ਼ਟਰੀ ਪੱਧਰ ਉੱਤੇ ਸਮੇਂ-ਸਮੇਂ ਨਾਮਣਾ ਖੱਟ ਚੁੱਕੇ ਹਨ, ਪਰ ਖੇਡਾਂ ਵਿੱਚ ਰਾਜਨੀਤੀ ਅਤੇ ਆਪਣਿਆਂ ਨੂੰ ਅੱਗੇ ਲਿਆਉਣ ਦੀ ਅਭਿਲਾਸ਼ਾ ਨੇ ਭਾਰਤ 'ਚ ਖੇਡਾਂ ਦਾ ਸੱਤਿਆਨਾਸ ਕਰ ਦਿੱਤਾ ਹੈ। ਖੇਡ ਵਿਭਾਗ 'ਚ ਫੈਲੇ ਭ੍ਰਿਸ਼ਟਾਚਾਰ, ਖੇਡ ਮੈਦਾਨਾਂ ਦੀ ਕਮੀ ਅਤੇ ਚੰਗੇ ਖਿਡਾਰੀਆਂ ਲਈ ਯੋਗ ਸੁਵਿਧਾਵਾਂ ਦੀ ਘਾਟ ਨੇ ਖੇਡ ਤੰਤਰ ਦਾ ਨਾਸ ਮਾਰ ਦਿੱਤਾ ਹੈ। ਨਹੀਂ ਤਾਂ ਕੋਈ ਕਾਰਨ ਹੀ ਨਹੀਂ ਸੀ ਕਿ ਸਾਡੇ ਦੁਨੀਆ 'ਚ ਹਾਕੀ ਖੇਡ 'ਚ ਗੱਡੇ ਝੰਡੇ ਨੂੰ ਕੋਈ ਪੁੱਟ ਸਕਦਾ। ਖੇਡਾਂ ਪ੍ਰਤੀ ਸਾਡਾ ਪ੍ਰੇਮ, ਮੋਹ ਭੰਗ ਹੁੰਦਾ ਜਾ ਰਿਹਾ ਹੈ।**

ਕੋਈ ਦੇਸ਼ ਖੇਡਾਂ ਵਿੱਚ ਕਿਵੇਂ ਚੰਗਾ ਪ੍ਰਦਰਸ਼ਨ ਕਰੇ, ਇਹ ਸਮਾਜ ਸ਼ਾਸਤਰ, ਮਨੋਵਿਗਿਆਨ, ਜੀਵਨ ਵਿਗਿਆਨ, ਸੰਸਕ੍ਰਿਤੀ, ਰਾਜਨੀਤੀ ਅਤੇ ਅਰਥ ਸ਼ਾਸਤਰ ਦਾ ਇੱਕ ਗੁੰਝਲਦਾਰ ਸਵਾਲ ਹੈ। ਤੀਹ ਲੱਖ ਦੀ ਆਬਾਦੀ ਵਾਲਾ ਛੋਟਾ ਜਿਹਾ ਮੁਲਕ ਜਮਾਇਕਾ, ਜਿਸ ਦੀ ਜੀ ਡੀ ਪੀ 16 ਅਰਬ ਡਾਲਰ ਹੈ, ਦੁਨੀਆ 'ਚ 100 ਮੀਟਰ ਵਾਲੀ ਦੌੜ ਵਿੱਚ ਸਭ ਤੋਂ ਤੇਜ਼ ਦੌੜਨ ਵਾਲੇ 29 ਦੌੜਾਕ ਉਸੇ ਦੇਸ਼ ਦੇ ਹਨ। ਉਨ੍ਹਾਂ ਦੇ ਅੰਗ-ਸੰਗ ਉਨ੍ਹਾਂ ਦਾ ਜੀਵਨ ਵਿਗਿਆਨ ਹੈ। ਉਥੋਂ ਦੇ ਲੋਕਾਂ ਦੇ ਦਿਲ ਦਾ ਆਕਾਰ ਵੱਡਾ ਹੁੰਦਾ ਹੈ, ਜੋ ਆਕਸੀਜਨ ਦੇ ਪ੍ਰਵਾਹ ਵਿੱਚ ਉਨ੍ਹਾਂ ਦੀ ਦੌੜਨ ਵੇਲੇ ਮਦਦ ਕਰਦਾ ਹੈ ਅਤੇ ਉਨ੍ਹਾਂ ਦੀਆਂ ਮਾਸ-ਪੇਸ਼ੀਆਂ ਦਾ ਖਿਚਾਓ ਉਨ੍ਹਾਂ ਦੀ ਦੌੜ ਦੌਰਾਨ ਦੀ ਗਤੀ ਵਧਾਉਂਦਾ ਹੈ। ਉਨ੍ਹਾਂ ਦੇ ਸਮਾਜਕ ਜੀਵਨ ਵਿੱਚ ਖੇਡ ਸੰਸਕ੍ਰਿਤੀ ਦਿੱਸਦੀ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਅਥਲੈਟਿਕਸ ਦੇ ਪ੍ਰੋਗਰਾਮਾਂ ਵਿੱਚ ਸਟੇਡੀਅਮ ਭਰੇ ਦਿੱਸਦੇ ਹਨ। ਤੇਜ਼ ਦੌੜਾਕ ਓਸੇਨ ਬੋਲਟ ਉਨ੍ਹਾਂ ਦਾ ਹੀਰੋ ਹੈ। ਪਿਛਲੀਆਂ ਤਿੰਨ ਉਲੰਪਿਕ ਖੇਡਾਂ 'ਚ ਓਸੇਨ ਬੋਲਟ ਇਕੱਲੇ ਨੇ ਨੌਂ ਸੋਨੇ ਦੇ ਤਮਗੇ ਜਿੱਤੇ ਸਨ।

ਭਾਰਤ ਦੀ ਆਬਾਦੀ 131 ਕਰੋੜ ਤੇ ਇਸ ਦੀ ਅਰਥ-ਵਿਵਸਥਾ ਵੀਹ ਖਰਬ ਡਾਲਰ ਹੈ, ਪਰ ਪਿਛਲੀਆਂ ਤਿੰਨ ਉਲੰਪਿਕ ਖੇਡਾਂ ਵਿੱਚ ਭਾਰਤ ਦਾ ਸਥਾਨ ਬੀਜਿੰਗ (ਚੀਨ) 'ਚ 50ਵਾਂ, ਲੰਦਨ (ਯੂ ਕੇ) 'ਚ 55ਵਾਂ ਅਤੇ ਰੀਓ ਵਿੱਚ 67ਵਾਂ ਰਿਹਾ, ਜਦੋਂ ਕਿ ਪੂਰੇ ਉਲੰਪਿਕ ਇਤਿਹਾਸ ਵਿੱਚ ਭਾਰਤੀ ਹਾਕੀ ਟੀਮ ਨੇ 8 ਅਤੇ ਅਭਿਨਵ ਬਿੰਦਰਾ ਨੇ ਇੱਕ ਸੋਨ ਤਮਗਾ (ਕੁੱਲ 9 ਤਮਗੇ) ਜਿੱਤੇ ਹਨ। ਉਲੰਪਿਕ ਖੇਡਾਂ 'ਚ ਹੁਣ ਤੱਕ ਭਾਰਤ ਨੇ 28 ਮੈਡਲ ਜਿੱਤੇ ਹਨ। ਏਨੇ ਮੈਡਲ ਅਮਰੀਕਾ ਦੇ ਇਕੱਲੇ ਤੈਰਾਕੀ ਦੇ ਖਿਡਾਰੀ ਮਾਈਕਲ ਫੈਲਪਸ ਨੇ ਜਿੱਤੇ ਹੋਏ ਹਨ।

ਸਾਲ 1996 ਵਿੱਚ ਬਰਤਾਨੀਆ ਸਿਰਫ਼ ਇੱਕ ਸੋਨੇ ਦਾ ਅਤੇ ਕੁੱਲ 15 ਤਮਗੇ ਲੈ ਕੇ 36ਵੇਂ ਸਥਾਨ 'ਤੇ ਪਹੁੰਚ ਗਿਆ ਸੀ। ਸਿਡਨੀ ਉਲੰਪਿਕ ਵਿੱਚ ਉਸ ਦਾ 10ਵਾਂ ਸਥਾਨ ਸੀ, ਜਦੋਂ ਕਿ ਰੀਓ ਉਲੰਪਿਕ ਵਿੱਚ 27 ਸੋਨੇ ਦੇ ਤਮਗਿਆਂ ਸਮੇਤ ਕੁੱਲ 67 ਤਮਗੇ ਲੈ ਕੇ ਉਹ ਦੂਜੇ ਸਥਾਨ 'ਤੇ ਪੁੱਜ ਗਿਆ। ਕਿੱਡਾ ਕੁ ਦੇਸ਼ ਹੈ ਬਰਤਾਨੀਆ? ਉਨ੍ਹਾਂ ਦੀ ਸਫ਼ਲਤਾ ਪਿੱਛੇ ਪਸੀਨਾ ਅਤੇ ਪ੍ਰੇਰਨਾ ਦੋਵੇਂ ਹਨ, ਜਦੋਂ ਕਿ ਭਾਰਤ ਕੋਲ ਪ੍ਰੇਰਨਾ, ਸੋਮਿਆਂ ਅਤੇ ਮਿਹਨਤ ਦੀ ਲਗਾਤਾਰ ਕਮੀ ਵੇਖਣ ਨੂੰ ਮਿਲ ਰਹੀ ਹੈ। ਸਾਡੇ ਦੇਸ਼ ਵਿੱਚ ਖੇਡ ਢਾਂਚੇ ਦਾ ਕੋਈ ਬੱਝਵਾਂ ਸਰੂਪ ਹੀ ਨਹੀਂ। ਕਿਧਰੇ ਖੇਡ ਮੰਤਰਾਲਾ, ਕਿਧਰੇ ਖੇਡ ਸੰਸਥਾਵਾਂ, ਕਿਧਰੇ ਅਥਲੈਟਿਕ ਸੰਘ, ਕਿਧਰੇ ਬੈਡਮਿੰਟਨ, ਹਾਕੀ ਸੰਘ, ਜਿਨ੍ਹਾਂ ਦੀ ਲਗਾਮ ਵੱਡੇ-ਵੱਡੇ ਲੋਕਾਂ ਦੇ ਹੱਥ ਹੈ। ਉਨ੍ਹਾਂ ਦੀ ਆਪਸੀ ਖਿਚੋਤਾਣ ਵਾਲੀ ਰਾਜਨੀਤੀ ਦੇਸ਼ ਦੇ ਖੇਡ ਸੱਭਿਆਚਾਰ ਨੂੰ ਲਗਾਤਾਰ ਢਾਹ ਲਾਉਣ ਦਾ ਕਾਰਨ ਬਣੀ ਹੋਈ ਹੈ।

ਬੀਜਿੰਗ ਤੋਂ ਰੀਓ ਤੱਕ ਹਰ ਉਲੰਪਿਕ ਵਿੱਚ ਅਮਰੀਕਾ ਨੇ ਸੌ ਤੋਂ ਜ਼ਿਆਦਾ ਤਮਗੇ ਜਿੱਤੇ ਹਨ ਅਤੇ ਹੁਣ ਤੱਕ ਅਮਰੀਕੀ ਖਿਡਾਰੀ 2500 ਤਮਗੇ ਜਿੱਤ ਚੁੱਕੇ ਹਨ। ਉਥੇ ਕੋਈ ਖੇਡ ਮੰਤਰਾਲਾ ਹੀ ਨਹੀਂ ਹੈ। ਉਥੇ ਖੇਡਾਂ ਦਾ ਮਹੱਤਵ ਪੂਰਨ ਢਾਂਚਾ ਸਕੂਲਾਂ ਤੋਂ ਆਰੰਭ ਹੋ ਜਾਂਦਾ ਹੈ, ਜਿੱਥੇ ਪ੍ਰਤਿਭਾ ਦੀ ਖੋਜ ਹੁੰਦੀ ਹੈ। ਸਕੂਲਾਂ-ਕਾਲਜਾਂ 'ਚ ਇਨ੍ਹਾਂ ਖਿਡਾਰੀਆਂ ਨੂੰ ਵੱਡੇ ਵਜ਼ੀਫੇ ਦਿੱਤੇ ਜਾਂਦੇ ਹਨ ਅਤੇ ਇਥੋਂ ਤੱਕ ਕਿ ਚੰਗੇ ਖਿਡਾਰੀਆਂ, ਅਥਲੀਟਾਂ ਲਈ ਚੰਦੇ ਇਕੱਠੇ ਕਰਨ ਤੋਂ ਵੀ ਸੰਕੋਚ ਨਹੀਂ ਹੁੰਦਾ। ਏਧਰ ਭਾਰਤ ਵਿੱਚ ਖੇਡਾਂ ਦੇ ਬੁਨਿਆਦੀ ਢਾਂਚੇ, ਖੇਡ ਮੈਦਾਨਾਂ, ਖਿਡਾਰੀਆਂ ਲਈ ਸੁਵਿਧਾਵਾਂ, ਰਿਫਰੈਸ਼ਮੈਂਟ, ਉਨ੍ਹਾਂ ਦੀ ਪ੍ਰੈਕਟਿਸ ਲਈ ਸੁਖਾਵਾਂ ਮਾਹੌਲ ਦੇਣ ਦੀ ਕਮੀ ਸਾਡੇ ਖਿਡਾਰੀਆਂ, ਅਥਲੀਟਾਂ ਦੇ ਬਿਹਤਰ ਪ੍ਰਦਰਸ਼ਨ ਦੇ ਆੜੇ ਆਉਂਦੀ ਹੈ। ਕਿੰਨੇ ਕੁ ਉੱਚ-ਪਾਏ ਦੇ ਖੇਡ ਸਟੇਡੀਅਮ ਹਨ ਸਾਡੇ ਪਿੰਡਾਂ ਵਿੱਚ, ਸਕੂਲਾਂ ਵਿੱਚ, ਸ਼ਹਿਰਾਂ ਵਿੱਚ, ਯੂਨੀਵਰਸਿਟੀਆਂ ਵਿੱਚ? ਕਿੰਨੀ ਕੁ ਹੌਸਲਾ ਅਫਜ਼ਾਈ ਕਰਦੇ ਹਨ ਸਾਡੇ ਰਾਜਨੀਤੀਵਾਨ ਖੇਡਾਂ ਲਈ? ਉਲਟਾ ਖੇਡ ਮੁਕਾਬਲੇ ਕਰਵਾ ਕੇ, ਖੇਡ ਸਟੇਡੀਅਮਾਂ 'ਚ ਕਲਾਕਾਰਾਂ ਦੇ ਗੀਤ-ਸੰਗੀਤ ਦਾ ਪ੍ਰਦਰਸ਼ਨ ਕਰ ਕੇ ਰਾਜਨੀਤਕ ਭੱਲ ਖੱਟਣ ਦਾ ਯਤਨ ਕੀਤਾ ਜਾਂਦਾ ਹੈ।

ਸਾਡੀ ਆਬਾਦੀ ਤੋਂ ਥੋੜ੍ਹੀ ਵੱਧ ਆਬਾਦੀ ਵਾਲੇ ਦੇਸ਼ ਚੀਨ ਨੇ 2008 ਤੋਂ 2016 ਦੇ ਵਿਚਕਾਰ 258 ਤਮਗੇ ਜਿੱਤੇ। ਉਥੇ ਖੇਡਾਂ ਨੂੰ ਪੂਰਨ ਰੂਪ ਵਿੱਚ ਸਰਕਾਰ ਸੰਚਾਲਤ ਕਰਦੀ ਹੈ। ਬਰਤਾਨੀਆ ਨੇ ਪਿਛਲੇ ਤਿੰਨ ਉਲੰਪਿਕਾਂ ਵਿੱਚ ਲਗਾਤਾਰ ਔਸਤਨ 50 ਤਮਗੇ ਲਏ। ਉਥੇ ਖੇਡਾਂ ਨੂੰ ਸਰਵਜਨਕ ਅਤੇ ਨਿੱਜੀ ਯਤਨਾਂ ਨਾਲ ਸੰਚਾਲਤ ਕੀਤਾ ਜਾਂਦਾ ਹੈ। ਆਮ ਤੌਰ 'ਤੇ ਸੋਸ਼ਲ ਮੀਡੀਆ ਉੱਤੇ ਆਬਾਦੀ ਅਤੇ ਅਰਥ-ਵਿਵਸਥਾ ਦੇ ਆਕਾਰ ਨੂੰ ਜੋੜ ਕੇ ਤਮਗਿਆਂ ਦੀ ਗਿਣਤੀ 'ਤੇ ਟਿੱਪਣੀਆਂ ਹੁੰਦੀਆਂ ਹਨ।

ਯੂਰਪ ਦੇ ਇੰਸਟੀਚਿਊਟ ਫ਼ਾਰ ਇਕਨਾਮਿਕਸ ਰਿਸਰਚ ਨੇ ਦੇਸ਼ ਦੀ ਆਬਾਦੀ ਅਤੇ ਸੰਪਤੀ ਦੇ ਆਧਾਰ 'ਤੇ ਤਮਗੇ ਜਿੱਤਣ ਦੀ ਭਵਿੱਖਬਾਣੀ ਕੀਤੀ ਸੀ। ਉਸ ਅਨੁਸਾਰ ਭਾਰਤ ਨੂੰ 22 ਤਮਗੇ ਮਿਲਣੇ ਚਾਹੀਦੇ ਸਨ, ਪਰ ਤਮਗਿਆਂ ਦਾ ਸੰਬੰਧ ਸਿਰਫ਼ ਆਬਾਦੀ ਅਤੇ ਸੰਪਤੀ ਨਾਲ ਨਹੀਂ, ਬਲਕਿ ਸਮਾਜਿਕ ਲੋਕਾਚਾਰ, ਖੇਡ ਸੁਵਿਧਾਵਾਂ ਵਿੱਚ ਨਿਵੇਸ਼ ਆਦਿ ਨਾਲ ਵੀ ਹੁੰਦਾ ਹੈ। ਇਸ ਅਨੁਸਾਰ ਭਾਰਤ ਨੂੰ ਵੱਧ ਤੋਂ ਵੱਧ 6 ਤਮਗੇ ਮਿਲ ਸਕਦੇ ਸਨ, ਪਰ ਉਸ ਦੇ ਹਿੱਸੇ ਸਿਰਫ਼ ਦੋ ਤਮਗੇ ਆਏ, ਤੇ ਉਹ ਵੀ ਦੋ ਲੜਕੀਆਂ ਜਿੱਤ ਸਕੀਆਂ। ਉਨ੍ਹਾਂ ਵਿੱਚੋਂ ਇੱਕ ਸਾਕਸ਼ੀ ਮਲਿਕ ਹੈ, ਜੋ ਰੋਹਤਕ ਦੇ ਇੱਕ ਗ਼ਰੀਬ ਪਰਵਾਰ ਵਿੱਚ ਜਨਮੀ ਹੈ। ਉਸ ਦਾ ਪਿਤਾ ਡੀ ਟੀ ਸੀ (ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ) ਦਾ ਕੰਡਕਟਰ ਅਤੇ ਮਾਤਾ ਆਂਗਣਵਾੜੀ ਮੁਲਾਜ਼ਮ ਹੈ। ਉਸ ਨੇ ਰੋਹਤਕ ਤੋਂ ਰੀਓ ਤੱਕ ਦਾ ਸਫ਼ਰ ਤੰਗੀ-ਤੁਰਸ਼ੀ ਵਿੱਚ ਕੱਟਿਆ (ਭਾਵੇਂ ਹੁਣ ਉਸ ਉੱਤੇ ਕਰੋੜਾਂ ਦੀ ਬਰਸਾਤ ਹੋ ਰਹੀ ਹੈ)। ਅਤੇ ਪੀ ਵੀ ਸਿੰਧੂ ਰੇਲਵੇ ਮੁਲਾਜ਼ਮ ਦੀ ਧੀ ਹੈ, ਜਿਸ ਨੂੰ ਜਿਤਾਉਣ ਲਈ ਕਿਸੇ ਸੰਸਥਾ ਵਿਸ਼ੇਸ਼ ਨਾਲੋਂ ਉਸ ਦੇ ਕੋਚ ਅਤੇ ਮਾਪਿਆਂ ਦਾ ਸੰਘਰਸ਼ ਵਧੇਰੇ ਹੈ।

ਭਾਰਤ ਸਰਕਾਰ ਵੱਲੋਂ ਹਰ ਵੇਰ ਦੀ ਤਰ੍ਹਾਂ ਅੱਧੀਆਂ-ਅਧੂਰੀਆਂ ਤਿਆਰੀਆਂ ਵਾਲੇ ਖਿਡਾਰੀ ਭੇਜੇ ਗਏ ਤੇ ਨਾਲ ਉਲੰਪਿਕ ਦਾ ਨਜ਼ਾਰਾ ਵੇਖਣ ਵਾਲੇ ਸੰਤਰੀ, ਮੰਤਰੀ, ਕੋਚ ਤੇ ਅਧਿਕਾਰੀ ਵੀ, ਜਿਨ੍ਹਾਂ ਦੀ ਚਰਚਾ ਖੇਡ ਪ੍ਰਾਪਤੀਆਂ ਨਾਲੋਂ ਵੱਧ ਉਨ੍ਹਾਂ ਦੇ ਵਿਹਾਰ ਬਾਰੇ ਜ਼ਿਆਦਾ ਰਹੀ। ਹੱਦ ਤਾਂ ਉਦੋਂ ਹੋਈ ਸੁਣੀ ਗਈ, ਜਦੋਂ ਮੈਰਾਥਨ ਦੌੜ (42 ਕਿਲੋਮੀਟਰ) ਦੀ ਸਮਾਪਤੀ 'ਤੇ ਭਾਰਤ ਦੀ ਕੌਮੀ ਰਿਕਾਰਡ ਧਾਰੀ ਓ ਪੀ ਜਾਇਸਾ ਪਾਣੀ ਨਾ ਮਿਲਣ ਕਾਰਨ ਹਿੰਮਤ ਹਾਰ ਗਈ ਅਤੇ ਬੇਹੋਸ਼ ਹੋ ਕੇ ਡਿੱਗ ਪਈ। ਜਾਇਸਾ ਨੇ ਦੱਸਿਆ ਕਿ ਉਥੇ ਬਾਕੀ ਸਾਰੇ ਦੇਸ਼ਾਂ ਦੇ ਅਧਿਕਾਰੀ ਆਪਣੇ ਦੌੜਾਕਾਂ ਨੂੰ ਹਰੇਕ ਢਾਈ ਕਿਲੋਮੀਟਰ ਦੀ ਦੂਰੀ 'ਤੇ ਰਿਫਰੈਸ਼ਮੈਂਟ ਮੁਹੱਈਆ ਕਰਵਾ ਰਹੇ ਸਨ, ਪਰ ਭਾਰਤ ਵੱਲੋਂ ਉਥੇ ਕੋਈ ਅਧਿਕਾਰੀ ਨਹੀਂ ਸੀ। ਭਾਰਤ ਦੀ ਡੈਸਕ ਖ਼ਾਲੀ ਪਈ ਸੀ ਅਤੇ ਉਥੇ ਸਿਰਫ਼ ਭਾਰਤ ਦਾ ਝੰਡਾ ਲੱਗਾ ਹੋਇਆ ਸੀ। ਇਸ ਤੋਂ ਵੱਡੀ ਨਮੋਸ਼ੀ ਵਾਲੀ ਗੱਲ ਭਲਾ ਹੋਰ ਕਿਹੜੀ ਹੋ ਸਕਦੀ ਹੈ? ਕੀ ਇਸ ਨੂੰ ਖੇਡ ਵਿਭਾਗ, ਖੇਡ ਅਧਿਕਾਰੀਆਂ ਦੀ ਨਾ-ਅਹਿਲੀਅਤ ਅਤੇ ਨਾਲਾਇਕੀ ਨਹੀਂ ਕਿਹਾ ਜਾਵੇਗਾ?

ਉਲੰਪਿਕ ਲਈ ਭਾਰਤੀ ਪਹਿਲਵਾਨ ਚੁਣਨ ਵੇਲੇ ਸੁਸ਼ੀਲ ਕੁਮਾਰ ਤੇ ਨਰ ਸਿੰਘ ਯਾਦਵ ਦੇ ਵਿਵਾਦ ਨੇ ਇੱਕ ਵੱਖਰੀ ਬਹਿਸ ਛੇੜੀ ਰੱਖੀ। ਸੁਸ਼ੀਲ ਕੁਮਾਰ, ਜਿਹੜਾ ਤਮਗਾ ਜਿੱਤ ਸਕਦਾ ਸੀ, ਨੂੰ ਉਲਿੰਪਕ 'ਚ ਭੇਜਿਆ ਨਹੀਂ ਗਿਆ ਤੇ ਜਿਹੜਾ ਨਰ ਸਿੰਘ ਭੇਜਿਆ ਸੀ, ਉਹ ਡੋਪ ਟੈੱਸਟਾਂ ਦੇ ਡੰਗ ਦਾ ਸ਼ਿਕਾਰ ਹੋ ਗਿਆ।

ਭਾਰਤ ਨੂੰ 10 ਤੋਂ 18 ਤਮਗੇ ਜਿੱਤਣ ਦੀ ਉਮੀਦ ਸੀ, ਪਰ ਰੀਓ 'ਚ ਤਮਗੇ ਦੇ ਕਈ ਦਾਅਵੇਦਾਰ ਖ਼ਰਾਬ ਫਿਟਨੈੱਸ ਕਾਰਨ ਮੂੰਹ ਪਰਨੇ ਜਾ ਡਿੱਗੇ। ਉਲੰਪਿਕ 'ਚ 8 ਤਮਗੇ ਜਿੱਤ ਚੁੱਕੀ ਭਾਰਤੀ ਪੁਰਸ਼ ਹਾਕੀ ਟੀਮ 8 ਵੇਂ ਨੰਬਰ 'ਤੇ ਆ ਸਕੀ। ਸਿਰਫ਼ ਸਿੰਧੂ (ਚਾਂਦੀ), ਸਾਕਸ਼ੀ (ਕਾਂਸੀ), ਦੀਪਾ (ਜਿਮਨਾਸਟ ਚੌਥਾ ਸਥਾਨ) ਹੀ ਦੇਸ਼ ਲਈ ਕੁਝ ਪ੍ਰਾਪਤੀਆਂ ਕਰ ਸਕੀਆਂ, ਜਦੋਂ ਕਿ 120 ਵਿੱਚੋਂ 117 ਖਿਡਾਰੀ ਨਿਰਾਸ਼ ਪਰਤੇ। ਭਾਰਤ ਮੱਲਾਂ, ਯੋਧਿਆਂ, ਬਲਵਾਨਾਂ ਦਾ ਦੇਸ਼ ਹੈ। ਦੇਸ਼ ਦੇ ਹਰ ਖਿੱਤੇ 'ਚ ਕੋਈ ਨਾ ਕੋਈ ਖੇਡ ਗਰਮਜੋਸ਼ੀ ਨਾਲ ਖੇਡੀ ਜਾਂਦੀ ਹੈ। ਪੰਜਾਬ ਤੇ ਹਰਿਆਣੇ ਦੇ ਪਹਿਲਵਾਨ, ਪੰਜਾਬ ਦੇ ਹਾਕੀ ਖਿਡਾਰੀ ਤੇ ਦੱਖਣੀ ਭਾਰਤ ਦੇ ਤੈਰਾਕ ਰਾਸ਼ਟਰੀ, ਅੰਤਰ-ਰਾਸ਼ਟਰੀ ਪੱਧਰ ਉੱਤੇ ਸਮੇਂ-ਸਮੇਂ ਨਾਮਣਾ ਖੱਟ ਚੁੱਕੇ ਹਨ, ਪਰ ਖੇਡਾਂ ਵਿੱਚ ਰਾਜਨੀਤੀ ਅਤੇ ਆਪਣਿਆਂ ਨੂੰ ਅੱਗੇ ਲਿਆਉਣ ਦੀ ਅਭਿਲਾਸ਼ਾ ਨੇ ਭਾਰਤ 'ਚ ਖੇਡਾਂ ਦਾ ਸੱਤਿਆਨਾਸ ਕਰ ਦਿੱਤਾ ਹੈ। ਖੇਡ ਵਿਭਾਗ 'ਚ ਫੈਲੇ ਭ੍ਰਿਸ਼ਟਾਚਾਰ, ਖੇਡ ਮੈਦਾਨਾਂ ਦੀ ਕਮੀ ਅਤੇ ਚੰਗੇ ਖਿਡਾਰੀਆਂ ਲਈ ਯੋਗ ਸੁਵਿਧਾਵਾਂ ਦੀ ਘਾਟ ਨੇ ਖੇਡ ਤੰਤਰ ਦਾ ਨਾਸ ਮਾਰ ਦਿੱਤਾ ਹੈ। ਨਹੀਂ ਤਾਂ ਕੋਈ ਕਾਰਨ ਹੀ ਨਹੀਂ ਸੀ ਕਿ ਸਾਡੇ ਦੁਨੀਆ 'ਚ ਹਾਕੀ ਖੇਡ 'ਚ ਗੱਡੇ ਝੰਡੇ ਨੂੰ ਕੋਈ ਪੁੱਟ ਸਕਦਾ। ਖੇਡਾਂ ਪ੍ਰਤੀ ਸਾਡਾ ਪ੍ਰੇਮ, ਮੋਹ ਭੰਗ ਹੁੰਦਾ ਜਾ ਰਿਹਾ ਹੈ। ਸਾਡੀਆਂ ਸਰਕਾਰਾਂ ਨੇ ਸਿਹਤ ਤੇ ਸਿੱਖਿਆ ਦੇ ਖੇਤਰ ਦੇ ਨਾਲ-ਨਾਲ ਖੇਡਾਂ ਦੇ ਖੇਤਰ ਦੇ ਵਿਕਾਸ ਤੋਂ ਵੀ ਹੱਥ ਪਿੱਛੇ ਕੀਤਾ ਹੋਇਆ ਹੈ। ਦੇਸ਼ 'ਚ ਹਾਲਾਤ ਇਹ ਬਣ ਗਏ ਹਨ ਕਿ ਖੇਡਾਂ ਪ੍ਰਤੀ ਲੋਕਾਂ 'ਚ ਉਤਸ਼ਾਹ ਘਟ ਰਿਹਾ ਹੈ।

ਸਮਾਜਿਕ ਤੌਰ 'ਤੇ ਖਿਡਾਰੀਆਂ ਨੂੰ ਅਸੀਂ ਅੱਖਾਂ 'ਤੇ ਬਿਠਾਉਣੋਂ ਪਿੱਛੇ ਹਟ ਰਹੇ ਹਾਂ। ਸਿੱਟਾ? ਅੰਤਰ-ਰਾਸ਼ਟਰੀ ਪੱਧਰ 'ਤੇ ਅਸੀਂ ਆਪਣੀ ਬਲਵਾਨ ਕੌਮ ਦੀ ਦਿੱਖ ਨੂੰ ਧੁੰਦਲਾ ਕਰਨ ਵੱਲ ਅੱਗੇ ਵਧ ਰਹੇ ਹਾਂ।

ਜਦੋਂ ਤੱਕ ਲੋਕਾਂ ਦੀ ਮਾਨਸਿਕਤਾ ਨਹੀਂ ਬਦਲੇਗੀ ਅਤੇ ਸਮਾਜਿਕ ਲੋਕਾਚਾਰ ਦਾ ਵਿਕਾਸ ਨਹੀਂ ਹੋਵੇਗਾ, ਤਦ ਤੱਕ ਖੇਡਾਂ ਦੇ ਪੁਨਰ ਉਥਾਨ ਦੀ ਕੋਈ ਯੋਜਨਾ ਸਫ਼ਲ ਨਹੀਂ ਹੋ ਸਕਦੀ।

ਜਿੱਥੇ ਇਸ ਕੰਮ ਲਈ ਸਮਾਜ ਨੂੰ ਸਮਾਂ ਕੱਢਣਾ ਹੋਵੇਗਾ, ਉਥੇ ਖਿਡਾਰੀਆਂ ਨੂੰ ਉਤਸ਼ਾਹਤ ਕਰਨਾ ਹੋਵੇਗਾ। ਮੁੱਢਲੇ ਸਕੂਲਾਂ 'ਚ ਖੇਡ ਮੈਦਾਨ ਹੋਣ, ਪਿੰਡਾਂ-ਸ਼ਹਿਰਾਂ 'ਚ ਯੋਗ ਖਿਡਾਰੀਆਂ, ਅਥਲੀਟਾਂ ਨੂੰ ਸਹੂਲਤਾਂ ਮਿਲਣ, ਉਨ੍ਹਾਂ ਲਈ ਸਰਕਾਰੀ, ਗ਼ੈਰ-ਸਰਕਾਰੀ ਯਤਨ ਹੋਣ। ਪੇਸ਼ੇਵਰ ਕੋਚਾਂ ਦੀਆਂ ਸੇਵਾਵਾਂ ਲਈਆਂ ਜਾਣ ਅਤੇ ਇਸ ਕੰਮ ਲਈ ਸਮਾਜ ਸੇਵੀ ਸੰਸਥਾਵਾਂ ਚੰਦੇ ਇਕੱਠੇ ਕਰਨ।

ਜਦੋਂ ਤੱਕ ਅਸੀਂ ਹੇਠਲੇ ਪੱਧਰ 'ਤੇ ਆਪਣੀ ਪਨੀਰੀ ਵਿੱਚੋਂ ਯੋਗ ਚੈਂਪੀਅਨਾਂ ਦੀ ਤਲਾਸ਼ ਨਹੀਂ ਕਰਦੇ, ਉਨ੍ਹਾਂ ਦਾ ਪੱਥ ਪ੍ਰਦਰਸ਼ਨ ਨਹੀਂ ਕਰਦੇ, ਉਨ੍ਹਾਂ ਨੂੰ ਸਹੂਲਤਾਂ ਮੁਹੱਈਆ ਨਹੀਂ ਕਰਦੇ, ਉਨ੍ਹਾਂ ਲਈ ਖੇਡਾਂ ਦੇ ਅਨੁਕੂਲ ਸਥਿਤੀਆਂ ਪੈਦਾ ਨਹੀਂ ਕਰਦੇ ਅਤੇ ਪੁਰਾਣੀ ਗੁਰੂ-ਚੇਲੇ ਵਾਲੀ ਭਾਰਤੀ ਪਰੰਪਰਾ ਨੂੰ ਮੁੜ ਸੁਰਜੀਤ ਨਹੀਂ ਕਰਦੇ, ਉਦੋਂ ਤੱਕ ਉਲੰਪਿਕ ਵਿੱਚ ਤਮਗਿਆਂ ਦੀ ਆਸ ਰੱਖਣੀ ਬੇਮਾਇਨਾ ਹੋਵੇਗੀ। ਜੇਕਰ ਯੋਗ ਅਭਿਆਨ ਦੀ ਤਰ੍ਹਾਂ ਅਸੀਂ ਖੇਡਾਂ 'ਚ ਹਿੱਸਾ ਲੈਣ ਲਈ ਲੋਕਾਂ ਨੂੰ ਪ੍ਰੇਰ ਸਕੀਏ, ਤਾਂ ਕੀ ਇਸ ਤੋਂ ਚੰਗੇ ਸਿੱਟਿਆਂ ਦੀ ਆਸ ਨਹੀਂ ਕੀਤੀ ਜਾ ਸਕਦੀ?

ਅਗਲੀਆਂ ਟੋਕੀਓ ਉਲੰਪਿਕ ਖੇਡਾਂ 2020 'ਚ ਹੋਣੀਆਂ ਹਨ, ਠੀਕ 1433 ਦਿਨ ਬਾਅਦ। ਅਸੀਂ ਭਾਰਤੀ ਐਨ ਨੱਕੇ ਉੱਤੇ ਆਏ ਕਿਸੇ ਮਸਲੇ ਨੂੰ ਹੱਲ ਕਰਨ ਦੇ ਆਦੀ ਬਣ ਚੁੱਕੇ ਹਾਂ। ਕੀ ਆਪਣੀ ਇਸ ਪਰੰਪਰਾ ਨੂੰ ਤੋੜ ਕੇ ਅਸੀਂ ਅੱਜ ਤੋਂ ਉਲੰਪਿਕ ਖੇਡਾਂ ਲਈ ਯੋਜਨਾ ਨਹੀਂ ਬਣਾ ਸਕਦੇ, ਸਰਕਾਰੀ ਨਹੀਂ, ਗ਼ੈਰ-ਸਰਕਾਰੀ ਤੌਰ 'ਤੇ ਹੀ ਸਹੀ?

ਕੀ ਅਸੀਂ ਗੋਪੀ ਚੰਦ ਪੁਲੇਲਾ ਵਰਗੇ ਕੋਚ ਨਹੀਂ ਲੱਭ ਸਕਦੇ, ਜਿਨ੍ਹਾਂ ਦੀ ਭਾਰਤ 'ਚ ਕੋਈ ਕਮੀ ਵੀ ਨਹੀਂ ਹੈ? ਕੀ ਇਸ 'ਚ ਕੋਈ ਹਰਜ ਹੈ?

# ਵੋਟਾਂ ਬਨਾਮ ਅਰਥੀ ਦਾ ਭਾਰ



ਨਿਰਮਲ ਗੁੜਾ
91-98146-65070

ਪੰਜਾਬ ਦੇ ਰਾਜਨੀਤਿਕ ਲੀਡਰੋ ਇਸ ਵਾਰ ਵਿਧਾਨ ਸਭਾ ਚੋਣਾ ਵੇਲੇ ਲੋਕਾਂ ਦੇ ਘਰਾਂ ਵਿੱਚ ਵੋਟਾਂ ਮੰਗਣ ਵੇਲੇ ਜਰੂਰ ਉਹਨਾਂ ਲੋਕਾਂ ਦੇ ਅੰਦਰ ਦੀ ਅਵਾਜ ਸੁਣਿਓ, ਜਿਨ੍ਹਾਂ ਮਾਵਾਂ ਨੇ ਆਪਣੇ ਸੋਨੇ ਵਰਗੇ ਦੁੱਧ ਮੱਖਣਾ ਨਾ਼ਲ ਪਾ਼ਲੇ ਪੁਤਰਾਂ ਨੂੰ ਚਿੱਟੇ ਦੇ ਵਗਦੇ ਦਰਿਆ ਵਿੱਚ ਹੜ੍ਹਦੇ ਆਪਣੇ ਅੱਖੀ ਦੇਖਿਆ। ਉਸ ਪਿਓ ਨੂੰ ਜਰੂਰ ਮਿਲਿਓ ਤੇ ਪੁਛਿਓ ਕਿ ਨਸ਼ਿਆਂ ਨਾ਼ਲ ਮਰੇ ਤੇਰੇ ਪੁੱਤਰ ਦੀ ਅਰਥੀ ਦਾ ਭਾਰ ਕਿਨਾ ਸੀ। ਉਹਨਾਂ ਲੱਖਾਂ ਭੈਣਾਂ ਨੂੰ ਜਰੂਰ ਮਿਲਿਓ ਜਿਹਨਾਂ ਦੇ ਲਾਡਲੇ ਵੀਰ ਨੇ ਉਸ ਦੀ ਡੋ਼ਲੀ ਧੱਕਾ ਲਾ ਕੇ ਵਿਦਾ ਕਰਨਾ ਸੀ, ਆਪਣੇ ਹੱਥੀ ਇਕਲੌਤੇ ਭਰਾ ਦੀ ਅਰਥੀ ਤੋਰੀ, ਤੇ ਰੱਖੜੀ ਵਾ਼ਲੇ ਦਿਨ ਉਹ ਆਪਣੇ ਹੱਥ ਵਿੱਚ ਧਾਗਾ ਫੜੀ ਸਿਵਿਆਂ 'ਚੋਂ ਆਪਣੇ ਭਰਾ ਨੂੰ ਉਡੀਕਦੀ ਰਹੀ ਪਰ ਉਸ ਦਾ ਲਾਡਲਾ ਵੀਰ ਨਾ ਆਇਆ। ਕਿਤੇ ਉਹਨਾਂ ਮਾਪਿਆਂ ਦਾ ਹਾਲ ਜਾਣਿਓ, ਜੋ ਆਪ ਸਿਰ ਦਰਦ ਦੀ ਗੋ਼ਲੀ ਤੱਕ ਨਹੀਂ ਲੈ ਸਕਦੇ ਪਰ ਨਸ਼ਿਆਂ 'ਚ ਫਸੇ ਮੰਜਿਆਂ ਤੇ ਤੜਫਦੇ ਪੁੱਤਰਾਂ ਦਾ ਨਸ਼ਾ ਛਡਾਉਣ ਲਈ ਮਹਿੰਗਾ ਇਲਾਜ ਕਰਵਾ ਰਹੇ ਹਨ। ਜਰੂਰ ਜਾਇਓ ਉਹਨਾਂ ਘਰਾਂ ਵਿੱਚ ਜਿਥੇ ਜਮੀਨ ਜਾਇਦਾਦ ਅਤੇ ਵੱਡੇ ਘਰ ਤਾਂ ਹਨ ਪਰ ਉਥੇ ਘਰਾਂ ਵਿੱਚ ਦੀਵਾ ਜਗਾਉਣ ਵਾ਼ਲਾ ਕੋਈ ਨਹੀਂ ਹੈ, ਉਹਨਾਂ ਆਤਮਾ ਦੀ ਅਵਾਜ ਜਰੂਰ ਸੁਣਿਓ, ਜਿਹਨਾਂ ਦੇ ਲਾਡਲੇ ਪੁੱਤਰ ਨਸ਼ਿਆਂ ਕਾਰਣ ਮਰ ਗਏ ਤੇ ਮਾਪੇ ਪੁੱਤਰਾਂ ਦੇ ਵਿਜੋਗ ਵਿੱਚ ਜਹਾਨੋ ਕੂਚ ਕਰ ਗਏ, ਤੇ ਖਾਲੀ ਛੱਡ ਗਏ ਪਿਛੇ ਖਾਲੀ ਮਹਿਲ ਮਿਨਾਰੇ।

ਨਸ਼ਿਆਂ 'ਚ ਫਸੇ ਬਹੁਤੇ ਨੌਜਵਾਨਾਂ ਦਾ ਕਹਿਣਾ ਹੈ ਕਿ ਵੋਟਾਂ ਦੇ ਦਿਨਾਂ 'ਚ ਲੀਡਰਾਂ ਵਲੋਂ ਦਿਤੀ ਮੁਫਤ ਦੀ ਸ਼ਰਾਬ ਅਤੇ ਤਰਾਂ ਦੇ ਨਸ਼ੇ ਕਾਰਣ ਉਹਨਾਂ ਨੂੰ ਨਸ਼ੇ ਦੀ ਐਸੀ ਚਟਕ ਲੱਗੀ ਕਿ ਉਹ ਨਸ਼ਿਆਂ ਦੇ ਆਦੀ ਹੋ ਗਏ। ਨਸ਼ਿਆਂ ਦੀ ਭੈੜੀ ਦਲਦਲ ਦੀ ਨਰਕ ਭਰੀ ਜਿੰਦਗੀ ਤੋਂ ਬਾਹਰ ਆਏ ਜਿਲਾ ਜਲੰਧਰ, ਤਹਿਸੀਲ ਫਿਲੌਰ ਦੇ ਪਿੰਡ ਢੱਕ ਔਜਲਾ ਦੇ ਰਾਮ ਚੰਦਰ ਔਜਲਾ ਨੇ ਆਪਣੇ ਜੀਵਨ ਦੀ ਦਰਦ ਭਰੀ ਦਾਸਤਾਨ ਦਸਦਿਆਂ ਬੁੱਭਾਂ ਮਾਰ ਮਾਰ ਦੁਹਾਈ ਦਿੰਦਿਆਂ ਕਿਹਾ ਕਿ!

ਹਾਲ-ਦੁਹਾਈ ਪੰਜਾਬ ਦੇ ਲੀਡਰੋ 2017 'ਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾ 'ਚ ਹੋਰ ਨਾ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਾ ਦਿਓ, ਨਾ ਦਿਓ ਲੋਕਾਂ ਦੇ ਸੋਨੇ ਵਰਗੇ ਪੁਤਰਾਂ ਨੂੰ ਚਿੱਟਾ, ਸਮਾਇਕ ਅਤੇ ਸ਼ਰਾਬ ਦੀਆਂ ਬੋਤਲਾਂ। ਇਹ ਦੁਹਾਈ ਪੰਜਾਬ ਅੰਦਰ ਕਿਸੇ ਮਾਂ ਦੇ ਪੁੱਤ ਦੀ ਨਹੀਂ ਜਾਂ ਮਾਪਿਆਂ ਦੀ ਨਹੀਂ ਸਗੋਂ ਪੰਜਾਬ ਅੰਦਰ ਲਾਡਲੇ ਪੁਤਰਾਂ ਨੂੰ ਹੱਥੀਂ ਸਿਵਿਆ ਦੇ ਰਾਹ ਤੋਰਨ ਵਾਲੇ ਉਹਨਾਂ ਹਜਾਰਾਂ ਮਾਪਿਆਂ ਦੀ ਹੈ। ਰੱਖੜੀ ਦੇ ਦਿਨ ਭਰਾ ਦਾ ਰਸਤਾ ਤੱਕਦੀਆਂ ਉਹਨਾਂ ਲੱਖਾਂ ਭੈਣਾਂ ਦੀ ਹੈ, ਜਿਹਨਾਂ ਨੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵੀਰ ਆਪਣੇ ਹੱਥੀਂ ਤੋਰੇ ਹਨ। ਰਾਮ ਔਜਲਾ ਨੇ ਦੱਸਿਆ ਕਿ ਮੈਂ ਵੀ ਆਪਣੇ ਮਾਪਿਆਂ ਦਾ ਛੇ ਫੁੱਟਾਂ ਪੜ੍ਹਿਆ ਲਿਖਿਆ ਗਭਰੂ ਪੁੱਤ, ਕਦੇ ਵੋਟਾਂ ਦੇ ਦਿਨਾਂ 'ਚ ਲੀਡਰਾਂ ਦੇ ਐਸਾ ਧੱਕੇ ਚੜਿਆਂ ਕਿ ਜਿੰਦਗੀ, ਸਮਾਜ ਤੇ ਪਰਿਵਾਰ 'ਚੋਂ ਹੀ ਧੱਕਿਆ ਗਿਆ। ਵੋਟਾਂ ਦੀ ਦਾਰੂ ਦੇ ਪੈਗ ਦੇ ਨਸ਼ੇ ਨੇ ਜਿੰਦਗੀ ਨਸ਼ੱਈ, ਅਮਲੀ ਤੇ ਨਰਕ ਭਰੀ ਬਣਾ ਦਿਤੀ। ਰਾਮ ਔਜਲਾ ਨੇ ਦੁਖੀ ਮਨ ਨਾ਼ਲ ਉਹਨਾਂ ਲੀਡਰਾਂ ਨੂੰ ਅਪੀਲ ਕਰਦਿਆਂ ਕਿਹਾ ਜੋ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਵਿੱਚ ਬਰਬਾਦ ਕਰਕੇ ਆਪ ਤਾਂ ਰਾਜ ਗੱਦੀਆਂ ਤੇ ਜਾ ਵਿਰਾਜਦੇ ਹਨ, ਮਗਰ ਛਡ ਜਾਂਦੇ ਹਨ ਵ਼ਲਦੇ ਸਿਵੇ, ਰੋਂਦੀਆਂ ਮਾਵਾਂ, ਮੋਢਿਆਂ ਤੇ ਲੱਦੇ ਪੁਤਰਾਂ ਦੀ ਅਰਥੀ ਦਾ ਭਾਰ, ਹੱਡ ਕਟਾਉਂਦੀਆਂ ਪਤਨੀਆਂ, ਕਿਤਾਬਾਂ ਨੂੰ ਤਰਸਦੇ ਬੱਚੇ।

ਰਾਮ ਔਜਲਾ ਨੇ ਕਿਹਾ ਕਿ ਨਸ਼ੇ ਛੱਡੇ ਜਾ ਸਕਦੇ ਹਨ, ਕੋਸ਼ਿਸ਼ ਸਾਨੂੰ ਕਰਨੀ ਪਏਗੀ, ਬਾਕੀ ਪ੍ਰਮਾਤਮਾ ਤੇ ਛੱਡ ਦੇਣਾਂ ਚਾਹੀਦਾ। ਨਸ਼ੇ ਵਿੱਚ ਫਸੇ ਭਰਾਵਾਂ ਨੂੰ ਖੁੱਦ ਹਿੰਮਤ ਕਰਨੀ ਪਵੇਗੀ। ਨਸ਼ਾ ਛੱਡਣ ਲਈ ਇਮਾਨਦਾਰੀ ਨਾ਼ਲ ਦੱਸੋ, ਕਿਸੇ ਚੀਜ ਦੀ ਲੋੜ ਹੈ, ਉਸਨੂੰ ਖੁੱਲ ਕੇ ਦੱਸੋ। ਜਦੋਂ ਅਭਿਆਸ ਕਰੋਗੇ ਤਾਂ ਤੁਹਾਨੂੰ ਲਗੇਗਾ ਕਿ ਨਸ਼ਾ ਛਡਣਾ ਕੋਈ ਬਹੁਤਾ ਔਖਾ ਨਹੀਂ ਹੈ। ਇਸੇ ਤਰਾਂ ਚਿੱਟਾ, ਸਿੰਥੈਟਿਕ ਵਰਗੇ ਨਸ਼ੇ, ਗੋ਼ਲੀਆਂ, ਕੈਪਸੂਲ ਅਤੇ ਹੋਰ ਬਹੁਤ ਸਾਰੇ ਨਸ਼ੇ ਬਹੁਤ ਖਤਰਨਾਕ ਹਨ। ਰਾਮ ਔਜਲਾ ਨੇ ਕਿਹਾ ਕਿ ਨਸ਼ੱਈਆਂ ਨੂੰ ਬਿਮਾਰ ਸਮਝ ਕੇ ਉਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ ਨਾ ਕੇ ਨਫਰਤ ਕਰਨੀ ਚਾਹੀਦੀ, ਨਸ਼ੱਈਆਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਛਡਿਆ ਜਾਵੇ, ਜਿਥੇ ਤਰਾਂ ਤਰਾਂ ਦੇ ਤਰੀਕਿਆਂ ਨਾ਼ਲ ਸਮਝਾਇਆ ਜਾਂਦਾ ਹੈ ਤੇ ਇਲਾਜ ਕੀਤਾ ਜਾਂਣਦਾ ਹੈ। ਜੀਵਨ ਬਹੁਤ ਅਨਮੋਲ ਹੈ ਇਨਸਾਨ ਨੂੰ ਜੇਕਰ ਕੋਈ ਕਹੇ ਕਿ ਤੈਨੂੰ ਕਰੋੜਾਂ ਰੁਪਏ ਦੇ ਦਿੰਦੇ ਹਾਂ, ਹਰ ਸੁੱਖ ਦੇ ਦਿੰਦੇ ਹਾਂ ਪਰ ਤੈਨੂੰ ਸਿਰਫ ਇਕ ਹਫਤਾ ਹੀ ਜਿਊਦਾ ਰੱਖਣਾ ਹੈ, ਹਫਤੇ ਤੋਂ ਬਾਅਦ ਤੈਨੂੰ ਖਤਮ ਕਰ ਦਿਤਾ ਜਾਵੇਗਾ, ਤਾਂ ਇਨਸਾਨ ਕਹੇਗਾ ਕਿ ਮੈਨੂੰ ਭਾਂਵੇਂ ਦੁਨੀਆਂ ਦਾ ਹਰ ਸੁੱਖ ਦੇਣ ਲਈ ਕਹੋ, ਮੈਨੂੰ ਮਨਜੂਰ ਨਹੀਂ ਮੈਨੂੰ ਤਾਂ ਜੀਵਨ ਚਾਹੀਦਾ ਹੈ। ਕੋਈ ਵੀ ਇਨਸਾਨ ਆਪਣੇ ਸਰੀਰ ਦਾ ਅੰਗ ਦੇਣ ਲਈ ਤਿਆਰ ਨਹੀਂ ਹੋਵੇਗਾ, ਹੁਣ ਥੋੜਾ ਜਾਗਰਿਤੀ ਆਈ ਹੈ ਲੋਕ ਖੂਨਦਾਨ ਅਤੇ ਅੱਖਾਂਦਾਨ ਕਰਨ ਲਈ ਤਿਆਰ ਹੋਏ ਹਨ ਅਤੇ ਕਰ ਰਹੇ ਹਨ। ਇਨਸਾਨ ਨੂੰ ਪਤਾ ਹੈ ਕਿ ਕੁਦਰਤ ਨੇ ਜੋ ਸਰੀਰ ਸਾਜਿਆ ਹੈ ਇਸ ਤੋਂ ਮਹਿੰਗੀ ਕੋਈ ਚੀਜ ਨਹੀਂ ਹੈ, ਪਰ ਇਨਸਾਨ ਨਸ਼ਿਆਂ ਵਿੱਚ ਫਸਕੇ ਆਪਣਾ ਜੀਵਨ ਤਾਂ ਬਰਬਾਦ ਕਰਦਾ ਹੀ ਹੈ ਬਲਕਿ ਪਰਿਵਾਰ ਦਾ ਜੀਵਨ ਵੀ ਬਰਬਾਦ ਕਰ ਦਿੰਦਾ ਹੈ। ਰਾਮ ਔਜਲਾ ਨੇ ਕਿਹਾ ਕਿ ਜੇ ਮੈਂ ਨਸ਼ਿਆਂ 'ਚ ਨਾ ਜਾਂਦਾ ਤਾਂ ਸ਼ਾਇਦ ਮੈਂ ਇੱਕ ਸਧਾਰਣ ਵਿਆਕਤੀ ਹੁੰਦਾ, ਮੇਰੇ ਨਸ਼ਿਆਂ 'ਚ ਜਾਣ ਦੇ ਨਾ਼ਲ ਤੇ ਨਸ਼ਿਆਂ ਦੀ ਜਿੰਦਗੀ ਵਿਚੋਂ ਬਾਹਰ ਆ ਕੇ ਮੈਨੂੰ ਪਤਾ ਲੱਗਿਆ ਕਿ ਨਸ਼ੇ ਬਹੁਤ ਮਾੜੇ ਹਨ। ਨਸ਼ੱਈ ਹੋਣ ਤੋਂ ਪਹਿਲਾਂ ਮੇਰਾ ਸੁਭਾਅ ਬਹੁਤ ਚਿੜ-ਚਿੜਾ ਸੀ ਤੇ ਨਸ਼ੱਈਆਂ ਦੀ ਜਿੰਦਗੀ ਤੋਂ ਬਾਹਰ ਆਉਣ ਤੇ ਮੇਰਾ ਸੁਭਾਅ ਬਹੁਤ ਨਰਮ ਹੋਇਆ ਮੈਨੂੰ ਦੂਜੇ ਦੇ ਦੁੱਖ ਦਰਦ ਦਾ ਪਤਾ ਲੱਗਿਆ। ਮੈਂ ਜਦੋਂ ਦੂਜਿਆਂ ਦਾ ਦੁੱਖ ਦੇਖਦਾਂ ਤਾਂ ਮੈਨੂੰ ਆਪਣਾ ਦੁੱਖ ਲਗਦਾ ਹੈ। ਮੈਨੂੰ ਪਤਾ ਲਗਿਆ ਹੈ ਕਿ ਰਿਸ਼ਤੇ ਨਾਤੇ ਕੀ ਹੁੰਦੇ ਹਨ, ਯਾਰ ਦੋਸਤ ਕੀ ਹੁੰਦੇ ਹਨ, ਪਰਿਵਾਰ ਕੀ ਹੁੰਦਾ ਹੈ। ਜਿਥੇ ਮੈਂ ਨਸ਼ਿਆਂ ਵਿੱਚ ਗਲਤਾਨ ਹੋ ਗਿਆ ਸੀ ਉਥੇ ਹੁੱਣ ਨਸ਼ਿਆਂ ਵਿੱਚੋਂ ਬਾਹਰ ਆ ਗਿਆ ਤੇ ਹੁੱਣ ਮੈਂ ਨੌਜਵਾਨਾਂ ਨੂੰ ਨਸ਼ਿਆਂ ਵਿਚੋਂ ਕੱਢਣ ਲਈ ਦਿਨ ਰਾਤ ਕਮ ਕਰ ਰਿਹਾ ਹਾਂ। ਨੌਜਵਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ ਕਿ ਤੁਸੀਂ ਨਸ਼ੇ

(ਬਾਕੀ ਸਫਾ 19 ਤੇ)

# ਪੰਜਾਬ ਦੇ ਪਹਿਲੇ ਦਲਿਤ ਆਈ. ਏ. ਐਸ. ਅਫਸਰ ਸਵਰਗੀ ਪ੍ਰਦੀਪ ਜੀ ਨੂੰ ਭਾਵ-ਭਿਨੀਆਂ ਸ਼ਰਧਾਂਜਲੀਆਂ









**ਨਵੀਂ ਦਿੱਲੀ–** ਪੰਜਾਬ ਦੀ ਧਰਤੀ, ਰੁੜਕਾ ਕਲਾਂ ਪਿੰਡ ਦੇ ਸ੍ਰੀ ਭਾਗ ਮੱਲ ਸੱਲ੍ਹਣ ਜੀ ਦੇ ਸਪੁੱਤਰ, ਗਰੀਬ ਪਰਿਵਾਰ ਵਿਚ ਜਨਮੇ, ਆਪਣੇ ਸਮਾਜ ਦੇ ਪਹਿਲੇ ਆਈ. ਏ. ਐਸ. ਅਫਸਰ (1952) ਸ੍ਰੀ ਆਰ. ਐਲ. ਪ੍ਰਦੀਪ ਦੇ ਦਿੱਲੀ ਵਿਖੇ ਉਹਨਾਂ ਦੇ ਨਿਵਾਸ ਸਥਾਨ ਤੇ ਦੇਹਾਂਤ ਕਾਰਨ ਦੇਸ਼-ਵਿਦੇਸ਼ ਵਿਚ ਦੁੱਖ ਦੀ ਲਹਿਰ ਫੈਲਣਾ ਸੁਭਾਵਿਕ ਸੀ। ਰੋਜ਼ਾਨਾ ਵਾਂਗ ਸਵੇਰ ਦੀ ਸੈਰ ਤੋਂ ਬਾਅਦ ਘਰ ਵਿਚ ਆਰਾਮ ਕਰਦੇ ਹੋਏ ਸਵੇਰੇ 9 ਵਜੇ ਡੂੰਘੀ ਨੀਂਦ ਵਿਚ ਚਲੇ ਗਏ, ਜਿੱਥੋਂ ਵਾਪਸ ਆਉਣਾ ਸੰਭਵ ਨਹੀਂ।

ਪ੍ਰਦੀਪ ਜੀ ਦਾ ਜਨਮ 31 ਸਤੰਬਰ 1934 ਨੂੰ ਜਲੰਧਰ ਜ਼ਿਲ੍ਹੇ ਦੇ ਰੁੜਕਾ ਕਲਾਂ ਪਿੰਡ ਵਿਚ ਇਕ ਫੌਜੀ ਪਰਿਵਾਰ ਵਿਚ ਹੋਇਆ। ਉਹਨਾਂ ਦੇ ਪਿਤਾ ਸ੍ਰੀ ਭਾਗ ਮੱਲ ਸੱਲ੍ਹਣ ਜੀ ਬ੍ਰਿਟਿਸ਼ ਸਾਮਰਾਜ ਵੱਲੋਂ ਦੂਜੇ ਮਹਾਂਯੁੱਧ ਵਿਚ ਸੈਨਿਕ ਸਨ। ਬ੍ਰਿਟਿਸ਼ ਕਾਲ ਵਿਚ ਫੌਜ ਵਿਚ ਕੰਮ ਕਰਦਿਆਂ ਇਹਨਾਂ ਦਾ ਸੁਪਨਾ ਪ੍ਰਦੀਪ ਜੀ ਨੇ ਸਾਕਾਰ ਕੀਤਾ ਅਤੇ ਗਰੀਬੀ ਦੀ ਪਰਵਾਹ ਨਾ ਕਰਦੇ ਹੋਏ ਪਹਿਲੇ ਦਰਜੇ ਵਿਚ ਆਪਣੀ ਸਿੱਖਿਆ ਗ੍ਰਹਿਣ ਕੀਤੀ। ਰਾਮਗੜ੍ਹੀਆ ਕਾਲਜ ਵਿਚ ਆਪਣਾ ਨਾਂ ਕਵੀ ਅਤੇ ਸਪੀਕਰ ਦੇ ਰੂਪ ਵਿਚ ਦਰਜ ਕਰਵਾਉਣ ਤੋਂ ਬਾਅਦ ਦਿੱਲੀ ਵਿਚ ਐਮ. ਏ. ਇੰਗਲਿਸ਼ ਵੀ ਪਹਿਲੇ ਦਰਜੇ ਵਿਚ ਪਾਸ ਕੀਤੀ। ਪੰਜਾਬ ਦੀ ਮੈਗਜ਼ੀਨ 'ਪ੍ਰੀਤਲੜੀ' ਵਿਚ ਵੀ ਇਹਨਾਂ ਦੀਆਂ ਕਵਿਤਾਵਾਂ ਨੇ ਆਪਣਾ ਸਥਾਨ ਗ੍ਰਹਿਣ ਕੀਤਾ ਅਤੇ ਰੌਣਕੀ ਲਾਲ ਸੱਲ੍ਹਣ ਤੋਂ ਰੌਣਕੀ ਲਾਲ ਪ੍ਰਦੀਪ ਬਣਾ ਦਿੱਤਾ।

ਪ੍ਰਦੀਪ ਜੀ ਦਾ ਸਮਾਜ ਸੇਵਾ ਵਿਚ ਮੋਹਰੀ ਸਥਾਨ ਸੀ। ਪ੍ਰਧਾਨ ਮੰਤਰੀ ਦੇ ਤੌਰ ਤੇ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਜੀ ਅਕਸਰ ਇਹਨਾਂ ਨਾਲ ਸਲਾਹ ਕਰਦੇ ਸਨ। ਸਰਦਾਰ ਬੂਟਾ ਸਿੰਘ ਜੀ ਅਤੇ ਸ੍ਰੀ ਰਾਮ ਵਿਲਾਸ ਪਾਸਵਾਨ ਜੀ ਦੇ ਸਮੇਂ ਪ੍ਰਦੀਪ ਸਾਹਿਬ ਉਹਨਾਂ ਦੇ ਸਲਾਹਕਾਰ ਦੇ ਰੂਪ ਵਿਚ ਚਰਚਿਤ ਸਨ।

ਮਹਾਂਰਾਸ਼ਟਰ ਵਿਚ ਭਾਰਤ ਦੇ ਪਹਿਲੇ ਡੀ. ਸੀ. ਦੇ ਰੂਪ ਵਿਚ 6 ਸਾਲ ਤੱਕ ਇਕ ਹੀ ਜ਼ਿਲ੍ਹੇ ਵਿਚ ਤਾਇਨਾਤ ਰਹਿ ਕੇ ਪੰਜਾਬ ਨੂੰ ਰੌਸ਼ਨ ਹੀ ਨਹੀਂ ਕੀਤਾ, ਬਲਕਿ 36 ਦੇਸ਼ਾਂ ਵਿਚ ਇਕ ਸਾਲ ਦੇ ਯੂ. ਕੇ. ਹਾਇ. ਸਟੱਡੀ ਵਿਚ 1974-75 ਪਹਿਲਾ ਸਥਾਨ ਪ੍ਰਾਪਤ ਕਰਕੇ ਭਾਰਤ ਭਰ ਵਿਚ ਮਾਣ ਖੱਟਿਆ। ਇਹਨਾਂ ਨੂੰ ਮਹਾਰਾਸ਼ਟਰ ਵਿਚ ਮਨੁੱਖੀ ਮਸੀਹਾ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ।

ਪ੍ਰਦੀਪ ਜੀ ਦੀ 8 ਸਾਲ ਦੀ ਉਮਰ ਵਿਚ ਸ਼ਾਦੀ ਹੋ ਗਈ ਸੀ। ਦਿੱਲੀ ਦੇ ਬਸਈ ਦੁਆਰਾ ਪੁਰ ਪਿੰਡ ਦੇ ਕਿਰਾਏ ਦੇ ਮਕਾਨ ਵਿਚ ਆਪਣੀ ਧਰਮ ਪਤਨੀ ਅਮਰ ਕਾਂਤ ਅਤੇ ਬੇਟੀ ਉਰਮਿਲਾ ਅਤੇ ਬੇਟੇ ਅਨਿਲ ਦੇ ਨਾਲ ਰਹਿੰਦਿਆਂ ਉਚ ਸਿੱਖਿਆ ਗ੍ਰਹਿਣ ਕੀਤੀ। ਵਿਆਹ ਤੋਂ ਬਾਅਦ ਆਪਣੀ ਗ੍ਰਹਿਸਥੀ ਵੀ ਸੰਭਾਲੀ ਅਤੇ ਆਈ. ਏ. ਐਸ. ਅਫਸਰ ਬਣੇ। ਅਤੇ ਆਪਣੇ ਭਰਾ ਰਾਮ ਮੂਰਤੀ ਨੂੰ ਇੰਗਲੈਂਡ ਭੇਜਿਆ ਅਤੇ ਛੋਟੇ ਭਰਾ ਜੀ. ਸੀ. ਸੱਲ੍ਹਣ ਨੂੰ ਦਿੱਲੀ ਪੁਲਿਸ ਵਿਚ ਅਫਸਰ ਬਣਨ ਵਿਚ ਮਦਦ ਕੀਤੀ।

ਸ੍ਰੀ ਪ੍ਰਦੀਪ ਜੀ ਨੇ ਪੰਜਾਬੀ ਦੇ ਮਹਾਨ ਕਵੀਆਂ ਦੀ ਸ਼੍ਰੇਣੀ ਵਿਚ ਆਪਣੀ ਥਾਂ ਬਣਾਈ ਅਤੇ ਆਜ਼ਾਦੀ ਦਿਵਸ ਦੇ ਮੌਕੇ ਤੇ ਹਰ ਸਾਲ ਲਾਲ ਕਿਲ੍ਹੇ ਤੇ ਹੋਣ ਵਾਲੇ ਸਮਾਰੋਹ ਵਿਚ ਆਪਣੀ ਕਵਿਤਾ ਪੜ੍ਹਦੇ ਸਨ। ਪ੍ਰਦੀਪ ਜੀ ਗੁਰੂ ਰਵਿਦਾਸ ਜੀ ਅਤੇ ਡਾ. ਅੰਬੇਡਕਰ ਜੀ ਦੇ ਸੱਚੇ ਅਨੁਯਾਈ ਸਨ ਅਤੇ ਉਹਨਾਂ ਦੇ ਰਸਤੇ ਨੂੰ ਸਮਾਜ ਵਿਚ ਆਪਣਾ ਬਹੁਮੁੱਲਾ ਸਮਾਂ ਦੇ ਕੇ ਲਗਾਤਾਰ ਯਤਨਸ਼ੀਲ ਰਹੇ। ਉਹ ਬਹੁਤ ਸਾਰੀਆਂ ਸੰਸਥਾਵਾਂ ਨਾਲ ਵੀ ਜੁੜੇ ਸਨ, ਜਿਵੇਂ ਸੈਂਟਰਲ ਕਮੇਟੀ ਆਦਿ ਧਰਮ, ਮਾਨਵ ਸੰਸਥਾ ਸਥਲ ਦਿੱਲੀ, ਗੁਰੂ ਰਵਿਦਾਸ ਸਭਾਵਾਂ, ਬੇਗਮਪੁਰਾ ਰੈਨੇਸਨਜ਼ ਯੂਨੀਵਰਸਿਟੀ ਪਠਾਨਕੋਟ ਆਦਿ।

14 ਅਗਸਤ 2016 ਨੂੰ ਉਹਨਾਂ ਨੂੰ ਅੰਤਿਮ ਸ਼ਰਧਾਂਜਲੀ ਦਿੱਤੀ ਗਈ, ਜਿਸ ਵਿਚ ਪੂਰੇ ਭਾਰਤ ਦੇ ਬੁੱਧੀਜੀਵੀ, ਸ਼ਰਧਾਲੂ, ਵੱਖ-ਵੱਖ ਸੰਸਥਾਵਾਂ ਦੇ ਮੋਹਰੀ ਅਤੇ ਪਰਿਵਾਰਕ ਮੈਂਬਰਾਂ ਨੇ ਭਾਗ ਲਿਆ।ਇਸ ਸਭਾ ਵਿਚ ਸ੍ਰੀ ਐਲ. ਡੀ. ਟੂਰਾ, ਮਹਾਂਪੁਰਸ਼ ਕਿਰਪਾ ਸਾਗਰ ਜੀ, ਸ੍ਰੀ ਰਾਮ ਮੂਰਤੀ, ਡਾ. ਚੰਦਨ ਸੇਨ, ਸ੍ਰੀ ਪਿਆਰੇ ਲਾਲ ਸੱਲ੍ਹਣ, ਮੇਹਰ ਚੰਦ ਟੂਰਾ, ਸ੍ਰੀ ਜੋਗਿੰਦਰ ਸਿੰਘ ਬੱਧਣ ਆਈ. ਏ. ਐਸ., ਸ੍ਰੀ ਕੇ. ਐਸ. ਸਿੱਧੂ ਆਈ. ਏ. ਐਸ., ਸ੍ਰੀ ਜੀ. ਸੀ. ਕਲੇਰ ਅਤੇ ਐਫ. ਸੀ. ਮੱਲ ਮੁੱਖ ਵਕਤਾ ਸਨ।

**-ਜੀ. ਸੀ. ਸੱਲ੍ਹਣ**

## ਉੱਤਰੀ ਅਮਰੀਕਾ ਦੀਆਂ ਸਾਹਿਤਕ, ਸਭਿਆਚਾਰਕ ਅਤੇ ਲੋਕ-ਧਾਰਾ ਸੰਸਥਾਵਾਂ ਦੇ ਨਾਂ

ਸਤਵਿੰਦਰ ਸੱਤੀ ਦਾ ਨਾਂ ਚੰਡੀਗੜ੍ਹ ਦੀ ਸਰਵੋਤਮ ਪੰਜਾਬੀ ਕਲਾ ਪ੍ਰੀਸ਼ਦ ਦੇ ਮੁਖੀ ਵਲੋਂ ਨਿਯੁਕਤ ਕਰਨ ਦੀ ਸਕੀਮ ਬਣਾਈ ਗਈ ਹੈ। ਇਹ ਸੰਸਥਾ ਮਾਣਯੋਗ ਡਾ. ਮੁਹਿੰਦਰ ਸਿੰਘ ਰੰਧਾਵਾ ਨੇ ਸਥਾਪਤ ਕੀਤੀ ਸੀ ਜਿਸ ਨੂੰ ਪੰਜਾਬ ਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ। ਉਨ੍ਹਾਂ ਤੋਂ ਬਾਅਦ ਇਸ ਔਹਦੇ ਤੇ ਡਾ. ਸਰਦਾਰ ਅੰਜੁਮ, ਡਾ. ਕਰਤਾਰ ਸਿੰਘ ਦੁੱਗਲ,ਸ੍ਰੀ ਕੁਲਵੰਤ ਸਿੰਘ ਵਿਰਕ ਵਰਗੀਆਂ ਨਾਮਵਰ ਹਸਤੀਆਂ ਰਹੀਆਂ ਹਨ। ਪੰਜਾਬ ਸਰਕਾਰ ਵਲੋਂ ਇਸ ਔਹਦੇ ਤੇ ਹੁਣ ਇਕ ਸਾਧਾਰਨ ਗੌਣ ਵਾਲੀ ਅਤੇ ਮਾਮੂਲੀ ਜਹੀ ਐਕਟਰਸ, ਸਤਵਿੰਦਰ ਸੱਤੀ, ਨੂੰ ਨਾਮਜਦ ਕੀਤਾ ਗਿਆ ਹੈ। ਸਾਡਾ ਇਹ ਨੈਤਕ ਫਰਜ਼ ਬਣਦਾ ਹੈ ਕਿ ਇਸ ਨਿਰੁਕਤੀ ਨੂੰ ਰੋਕਿਆਂ ਜਾਵੇ। ਪੰਜ ਸਤੰਬਰ, 2016 ਨੂੰ ਇਸ ਔਹਦੇ ਦਾ ਫੈਸਾਲ ਹੋਵੇਗਾ। ਮੈਂ ਸੰਸਥਾਵਾਂ ਦੇ ਮੈਂਬਰਾਂ ਅਤੇ ਖਾਸ ਕਰਕੇ ਪ੍ਰਧਾਨ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਔਹਦੇ ਦੀ ਨਿਯੁਕਤੀ ਦੇ ਵਿਰੁਧ ਸਰਕਾਰ ਨੂੰ ਈਮੇਲਜ਼ ਜਾਂ ਸੋਸ਼ਲ ਮੀਡੀਆ ਦੇ ਸਾਧਨਾਂ ਰਾਹੀਂ ਆਪਣੀ ਅਸਹਿਮਤੀ ਅਤੇ ਰੋਸ ਜ਼ਾਹਿਰ ਕਰਨ।

**ਤੁਹਾਡਾ ਸ਼ੁਭਚਿੰਤਕ**
**ਡਾ. ਗੁਰੂਮੇਲ ਸਿੱਧੂ, ਪ੍ਰੈਜ਼ੀਡਿੰਟ**
**ਅੰਤਰਰਾਸ਼ਟਰੀ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆ**

# ਗਹਿਲ ਮਜ਼ਾਰੀ 'ਚ ਪਟਕੇ ਦੀ ਕੁਸ਼ਤੀ ਸਾਬ੍ਹਾ ਕੁਹਾਲੀ ਨੇ ਜਿੱਤੀ

**ਮੁਕੰਦਪੁਰ, (ਰੇਸ਼ਮ ਕਰਨਾਣਵੀ)–** ਦਰਬਾਰ ਗੁੱਗਾ ਜਾਹਰ ਪੀਰ ਪ੍ਰਬੰਧਕ ਕਮੇਟੀ ਗਹਿਲ ਮਜਾਰੀ ਵਿਖੇ ਸਲਾਨਾ ਭਾਰੀ ਛਿੰਞ ਮੇਲਾ ਬੜ੍ਹੀ ਉਤਸ਼ਾਹ ਤੇ ਸ਼ਰਧਾ ਨਾਲ ਸਮੂਹ ਨਗਰ ਨਿਵਾਸੀਆਂ, ਐਨ ਆਰ ਆਈ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਤੇ ਦਰਬਾਰ ਦੇ ਸੇਵਾਦਾਰ ਭਜਨ ਰਾਮ ਦੀ ਅਗਵਾਈ ਵਿੱਚ ਕਰਵਾਇਆ ਗਿਆ। ਛਿੰਞ ਮੇਲਾ ਦਾ ਸ਼ੁੱਭ ਉਦਘਾਟਨ ਐਨ ਆਰ ਆਈ ਤੇ ਸਮਾਜ ਸੇਵਕ ਕੁਲਦੀਪ ਸਿੰਘ ਝੱਜ ਨੇ ਆਪਣੇ ਕਰ ਕਮਲਾਂ ਨਾਲ ਰੀਬਨ ਕੱਟ ਕੇ ਕੀਤਾ। ਇਸ ਛਿੰਞ ਮੇਲੇ ਵਿੱਚ ਲਗਭਗ 200 ਪਹਿਲਵਾਨ ਦੂਰ-ਦੁਰਾਡੇ ਤੋਂ ਪੁੱਜੇ ਅਤੇ ਆਪਣੀ ਕਲਾ ਦੇ ਜੌਹਰ ਦਿਖਾਏ। ਪਟਕੇ ਦੀ ਦੂਜੇ ਨੰਬਰ ਦੀ ਕੁਸ਼ਤੀ ਗੋਪੀ ਲੀਲ੍ਹਾ ਤੇ ਸੋਨੂੰ ਚੀਮਾ ਦੇ ਵਿਚਕਾਰ ਹੋਈ ਜਿਸ ਵਿੱਚ ਪਹਿਲਵਾਨ ਦੇ ਸੱਟ ਲੱਗਣ ਕਾਰਨ ਬਰਾਬਰੀ 'ਤੇ ਰਹੀ ਹੈ। ਪਹਿਲੇ ਨੰਬਰ ਦੀ ਕੁਸ਼ਤੀ ਸਾਬਾ ਕੁਹਾਲੀ ਤੇ ਬਿਨੀਆ ਜੰਮੂ ਦੇ ਦਰਮਿਆਨ ਹੋਈ ਜਿਸ ਵਿੱਚ ਸਾਬ੍ਹਾ ਕੁਹਾਲੀ ਨੇ ਆਪਣੇ ਵਿਰੋਧੀ ਪਹਿਲਵਾਨ ਨੂੰ ਹਰਾ ਕੇ ਪਹਿਲੇ ਇਨਾਮ ਮੋਟਰ-ਸਾਇਕਲ 'ਤੇ ਕਬਜ਼ਾ ਕੀਤਾ। ਇਸ ਤੋਂ ਇਲਾਵਾ ਹੋ ਵੀ ਕੁਸ਼ਤੀਆਂ ਦੇ ਜੇਤੂ ਪਹਿਲਵਾਨਾਂ ਨੂੰ ਦਿਲ ਖਿੱਚਵੇਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।



ਇਸ ਮੌਕੇ ਪਾਵਰ ਕਾਮ ਸਬ-ਸਟਸ਼ਨ ਮੁਕੰਦਪੁਰ ਦੇ ਐਸ ਡੀ ਓ ਅਰਵਿੰਦਰ ਸਿੰਘ ਨੇ ਜੇਤੂ ਪਹਿਲਵਾਨਾਂ ਨੂੰ ਇਨਾਮ ਤਕਸੀਮ ਕਰਨ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੇਂਡੂ ਰਿਵਾਇਤੀ ਖੇਡਾਂ ਹੀ ਚੰਗੇ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ। ਖੇਡਾਂ ਖੇਡਣ ਨਾਲ ਨੌਜਵਾਨਾਂ ਵਿੱਚ ਸਰੀਰਕ ਤੰਦਰੁਸਤੀ ਤੇ ਮਾਨਸਿਕ ਸੰਤੁਸ਼ਟੀ ਦਿੰਦੀਆਂ ਹਨ। ਇਸ ਛਿੰਞ ਮੇਲੇ 'ਚ ਪਹੁੰਚੀਆਂ ਪ੍ਰਮੁੱਖ ਸਖਸ਼ੀਅਤਾਂ ਤੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਪਿੰਡ ਗਹਿਲ ਮਜ਼ਾਰੀ ਦੀ ਧਰਤੀ 'ਤੇ ਕਰਵਾਏ ਗਏ ਸਲਾਨਾ ਭਾਰੀ ਛਿੰਞ ਮੇਲੇ ਦੌਰਾਨ ਹਾਜਰ ਖੇਡ ਪ੍ਰੇਮੀਆਂ ਦੇ ਹਜ਼ੂਮ ਦੀ ਹਾਜ਼ਰੀ ਨੇ ਇਸ ਛਿੰਞ ਮੇਲੇ ਨੂੰ ਚਾਰ ਚੰਨ ਲਾਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨੰਬਰਦਾਰ ਚਰਨਜੀਤ ਸਿੰਘ, ਕੁਲਦੀਪ ਸਿੰਘ ਝੱਜ, ਸੁਰਿੰਦਰ ਸਿੰਘ ਝੱਜ, ਬਲਵਿੰਦਰ ਸਿੰਘ ਝੱਜ, ਗੁਰਚੇਤਨ ਸਿੰਘ ਗੜ੍ਹੀ, ਪਰਦੀਪ ਰਟੈਂਡਾ, ਜਰਨੈਲ ਸਿੰਘ ਪੁਰੋਜਪੁਰ, ਸੁਖਦੀਪ ਸਿੰਘ ਪੁਰੋਜਪੁਰ, ਸੁਰਜੀਤ ਬੰਗਾ, ਹੁਸਨ ਲਾਲ, ਤਰਸੇਮ ਲਾਲ, ਦਾਰਾ ਰਾਮ, ਕੁਲਦੀਪ ਬੰਗਾ, ਹੁਕਮ ਚੰਦ, ਗੁਰਮੀਤ ਰਾਮ ਤੋਂ ਇਲਾਵਾ ਹੋਰ ਵੀ ਅਨੇਕਾਂ ਸੇਵਾਦਾਰ ਹਾਜ਼ਰ ਸਨ।

## ਸੋਧ

ਦੇਸ਼ ਦੁਆਬਾ ਦੇ ਵੋਲੀਅਮ 5, ਅੰਕ 20, 24 ਅਗਸਤ 2016 ਦੇ ਸਫਾ ਨੰਬਰ 20 ਤੇ ਛਪੇ 'ਭਾਰਤ ਦੇ ਪਹਿਲਵਾਨ' ਸਫੇ ਵਿਚ ਪਹਿਲਵਾਨ ਗੁਰਵੇਲ ਸਿੰਘ ਬਾਰੇ ਜੋ ਜਾਣਕਾਰੀ ਛਪੀ ਸੀ, ਉਹ ਉਹਨਾਂ ਨਾਲ ਸਬੰਧਤ ਨਾ ਸਮਝਿਆ ਜਾਵੇ।

# ਬਾਬਾ ਰਾਮਦੇਵ ਨੇ ਆਪਣਾ ਇਸ਼ਤਿਹਾਰ ਬਦਲਿਆ

(ਸਫਾ 6 ਦੀ ਬਾਕੀ)

ਤੋਂ ਗਰੀਬ ਦੇ ਸਟੈਂਡਰਡ ਦੀ ਰੋਟੀ ਖਾਂਦਾ ਹੈ। ਇਕ ਝੌਂਪੜੀ ਵਿਚ ਰਹਿੰਦਾ ਹੈ। ਪਰ ਇਸ ਦੇਸ਼ ਵਿਚ ਜਿੱਥੇ 25 ਫੀਸਦੀ ਲੋਕ ਰਾਤ ਨੂੰ ਭੁੱਖੇ ਪੇਟ ਸੌਂਦੇ ਹਨ ਅਤੇ 33 ਫੀਸਦੀ ਲੋਕ ਬੇਘਰੇ ਹਨ ਜੋ ਫੁੱਟਪਾਥਾਂ ਜਾਂ ਗੰਦੀਆਂ ਝੌਂਪੜੀਆਂ ਵਿਚ ਜ਼ਿੰਦਗੀ ਗੁਜ਼ਾਰ ਰਹੇ ਹਨ, ਉਥੇ ਇਕ ਸੰਨਿਆਸੀ ਵੱਲੋਂ ਰੋਟੀ ਨਹੀਂ ਬਲਕਿ ਮਹਿੰਗੇ ਫਲ, ਦੁੱਧ, ਸ਼ਹਿਦ ਅਤੇ ਬਦਾਮ ਖਾਣਾ ਅਤੇ ਸ਼ਾਨਦਾਰ ਕੋਠੀਆਂ ਵਿਚ ਰਹਿਣਾ ਕਿੱਥੋਂ ਤੱਕ ਜਾਇਜ਼ ਹੈ?

(ਅ) ਸੰਨਿਆਸੀ ਨੇ ਲੋਕਾਂ ਨੂੰ ਗਿਆਨ ਵੰਡਣ ਹੁੰਦਾ ਹੈ। ਪਰ ਬਾਬਾ ਜੀ ਨੂੰ ਇਹ ਨਹੀਂ ਪਤਾ ਕਿ ਵਿਦੇਸ਼ੀ ਕੰਪਨੀਆਂ ਆਪਣੇ ਆਪ ਦੇਸ਼ ਵਿਚ ਆ ਕੇ ਆਪਣਾ ਮਾਲ ਨਹੀਂ ਵੇਚਦੀਆਂ ਉਹਨਾਂ ਨੂੰ ਦੇਸ਼ ਦੀ ਸਰਕਾਰ ਨੇ ਸੱਦਾ ਦਿੱਤਾ ਹੁੰਦਾ ਹੈ ਅਤੇ ਉਹਨਾਂ ਦੇ ਉਤਪਾਦ ਕੜੀ ਜਾਂਚ ਪਿੱਛੋਂ ਹੀ ਦੇਸ਼ ਦੀ ਮਾਰਕੀਟ ਵਿਚ ਉਤਾਰੇ ਜਾਂਦੇ ਹਨ। ਬਾਬਾ ਜੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਸਾਡੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਵਿਦੇਸ਼ਾਂ ਵਿਚ ਲਗਾਤਾਰ ਗੇੜੇ ਕਿਉਂ ਮਾਰ ਰਹੇ ਹਨ।

(ੲ) ਬਾਬਾ ਜੀ ਨੂੰ ਸਮਝਣਾ ਚਾਹੀਦਾ ਹੈ ਕਿ ਸਲੀਬ ਇਸਾਈਆਂ ਦਾ ਸਰਵ ਉਚ ਧਾਰਮਿਕ ਚਿੰਨ੍ਹ ਹੈ। ਇਹ ਨਾ ਕਦੀ ਈਸਟ ਇੰਡੀਆ ਕੰਪਨੀ ਦਾ ਟਰੇਡ ਮਾਰਕ ਰਿਹਾ ਹੈ ਅਤੇ ਨਾ ਹੀ ਕਿਸੇ ਹੋਰ ਕੰਪਨੀ ਦਾ।

(ਸ) ਬਾਬਾ ਜੀ ਇਤਿਹਾਸ ਦੇ ਇਸ ਪੱਖ ਤੋਂ ਜਾਣੂ ਨਹੀਂ ਕਿ ਈਸਟ ਇੰਡੀਆ ਕੰਪਨੀ ਭਾਰਤ ਵਿਚ ਈਸਾਈ ਧਰਮ ਦੇ ਪ੍ਰਚਾਰ ਦੇ ਵਿਰੁੱਧ ਸੀ। ਉਸ ਦੇ ਸਮੇਂ ਇੰਗਲੈਂਡ ਤੋਂ ਪਹਿਲਾ ਵਿਦੇਸ਼ੀ ਈਸਾਈ ਮਿਸ਼ਨਰੀ ਵਿਲੀਅਮ ਕੇਰੀ ਭਾਰਤ ਆਇਆ ਜਿਸ ਨੂੰ ਉਸਨੇ ਭਾਰਤ ਵਿਚ ਦਾਖਲ ਨਹੀਂ ਹੋਣ ਦਿੱਤਾ।

(ਹ) ਬਾਬਾ ਜੀ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਵਿਦੇਸ਼ੀ ਕੰਪਨੀਆਂ ਵੀ ਉਹਨਾਂ ਹੀ ਜੜ੍ਹੀਆਂ ਬੂਟੀਆਂ ਤੋਂ ਆਪਣੇ ਉਤਪਾਦ ਤਿਆਰ ਕਰਦੀਆਂ ਹਨ ਜਿਹਨਾਂ ਤੋਂ ਬਾਬਾ ਜੀ ਕਰਦੇ ਹਨ। ਪਿੱਛੇ ਜਿਹੇ ਕੁਝ ਅਖਬਾਰਾਂ ਵਿਚ ਕੋਲਗੇਟ ਕੰਪਨੀ ਨੇ ਪੂਰੇ ਸਫੇ ਦਾ ਇਸ਼ਤਿਹਾਰ ਛਪਵਾਇਆ ਸੀ ਜਿਸ ਵਿਚ ਕੋਲਗੇਟ ਟੂਥ ਪੇਸਟ ਵਿਚ ਵਰਤੀਆਂ ਗਈਆਂ ਉਹੀ ਜੜੀਆਂ ਬੂਟੀਆਂ ਵਿਖਾਈਆਂ ਗਈਆਂ ਸੀ ਜੋ ਬਾਬਾ ਰਾਮਦੇਵ ਜੀ ਵਰਤਦੇ ਹਨ। ਇਹ ਜੜੀ ਬੂ-ਟੀਆਂ ਕਿਸੇ ਇਕ ਵਿਅਕਤੀ ਜਾਂ ਦੇਸ਼ ਦੀ ਮਨਾਪਲੀ ਨਹੀਂ।

(ਕ) ਬਾਬਾ ਜੀ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਉਹਨਾਂ ਦੇ ਉਤਪਾਦਾਂ ਦੀਆਂ ਵੀ ਸ਼ਿਕਾਇਤਾਂ ਆਉਣ ਲੱਗ ਪਈਆਂ ਹਨ।

(ਖ) ਕੁਝ ਅਪੁਸ਼ਟ ਸੂਚਨਾਵਾਂ ਤੋਂ ਪਤਾ ਲੱਗਾ ਹੈ ਕਿ ਓਲੇਮਾ ਕੌਂਸਿਲ ਆਫ ਤਾਮਿਲਨਾਡੂ ਨੇ ਬਾਬਾ ਜੀ ਉਤਪਾਦਾਂ ਵਿਰੁੱਧ ਇਕ ਫਤਵਾ ਜਾਰੀ ਕੀਤਾ ਹੈ। ਉਸ ਵੱਲ ਬਾਬਾ ਜੀ ਨੂੰ ਧਿਆਨ ਦੇਣਾ ਚਾਹੀਦਾ ਹੈ।

(ਗ) ਇਸ ਦੇਸ਼ ਵਿਚ ਭਗਵੇਂ ਵਸਤਰਾਂ ਨੂੰ ਇਸ ਕਰਕੇ ਬਹੁਤ ਇੱਜ਼ਤ ਮਾਣ ਦਿੱਤਾ ਜਾਂਦਾ ਹੈ ਕਿ ਇਹ ਬਾਣਾ ਪਹਿਨਣ ਵਾਲਾ ਖੁਦਾ ਦਾ ਬੰਦਾ ਹੈ। ਸਭ ਦਾ ਭਲਾ ਮੰਗਣ ਵਾਲਾ ਹੈ। ਬਾਬਾ ਜੀ ਭਗਵੇਂ ਵਸਤਰਾਂ ਨਾਲ ਜੁੜੇ ਲੋਕਾਂ ਦੇ ਧਾਰਮਿਕ ਜਜ਼ਬਾਤ ਨੂੰ ਆਪਣੇ ਬਿਜਨਸ ਨੂੰ ਚਮਕਾਉਣ ਲਈ ਇਸ ਬਾਣੇ ਦੀ ਵਰਤੋਂ ਕਰ ਰਹੇ ਹਨ। ਦੂਸਰੀਆਂ ਕੰਪਨੀਆਂ ਫਿਲਮ ਐਕਟਰਾਂ ਅਤੇ ਜਨਤਾ ਵਿਚ ਪ੍ਰਭਾਵ ਰੱਖਣ ਵਾਲੇ ਲੋਕਾਂ ਦੀਆਂ ਤਸਵੀਰਾਂ ਆਪਣੇ ਇਸ਼ਤਿਹਾਰਾਂ ਵਿਚ ਦਿੰਦੀਆਂ ਹਨ। ਜਦਕਿ ਬਾਬਾ ਜੀ ਖੁਦ ਸੰਨਿਆਸੀ ਬਾਣਾ ਪਹਿਨ ਕੇ ਇਸ਼ਤਿਹਾਰਾਂ ਵਿਚ ਆ ਰਹੇ ਹਨ। ਬਾਬਾ ਜੀ ਨੇ ਆਪਣੇ ਇਸ਼ਤਿਹਾਰ ਵਿਚ ਦਰੁਸਤੀ ਕਰਨ ਦਾ ਜੋ ਕਦਮ ਚੁੱਕਿਆ ਹੈ ਅਸੀਂ ਉਸਦਾ ਸੁਆਗਤ ਕਰਦੇ ਹਾਂ।

**ਫਰੈਡੀ ਜੋਜ਼ਫ ਖੁਦਾਈ ਖਿਦਮਤਗਾਰ**

## ਉਦਾਸੀ ਤੇ ਚਿੰਤਾ!

'ਉੱਤਰ ਕਾਟੋ-ਮੈਂ ਚੜ੍ਹਾਂ' ਨੂੰ ਰੋਕਣਾ ਐ
ਕਹਿ ਕੇ ਦਿੱਲੀਉਂ 'ਆਪ' ਦੀ ਲਹਿਰ ਚੱਲੀ।

ਮੋਹ ਲਿਆ ਪੰਜਾਬ ਨੂੰ ਬਹੁਤ ਜਲਦੀ
ਗੱਲ 'ਨਵਿਆਂ' ਦੀ ਪਿੰਡੀ ਤੇ ਸ਼ਹਿਰ ਚੱਲੀ।

ਨੀਲੇ-ਚਿੱਟੇ ਤਾਂ ਹੋਏ ਭੈਅ-ਭੀਤ ਕਹਿੰਦੇ
ਡਰ ਕੇ ਦੋਹਾਂ ਦੀ ਨਬਜ਼ ਤਾਂ ਠਹਿਰ ਚੱਲੀ।

ਰੱਫੜ ਆਪ ਦੇ ਵਿਚ ਕੋਈ ਪਿਆ ਰਹਿੰਦਾ
'ਚਾਲ' ਦੁਸ਼ਮਣ ਨੇ ਜਾਪਦੀ ਗਹਿਰ ਚੱਲੀ।

ਟਿਕਟ ਵੰਡ ਤੋਂ ਕਈ ਨਰਾਜ਼ ਹੋ ਗਏ
ਭੁੱਲੇ 'ਮਿਸ਼ਨ' ਨੂੰ, ਗੱਲ ਹੁਣ ਗੁੱਸਿਆਂ ਦੀ।

'ਝਾੜੂ' ਜੂਝਦਾ ਆਇਆ ਏ ਨਾਲ 'ਦੋਂਹ' ਦੇ
ਤੀਜੀ ਧਿਰ ਬਣ ਰਹੀ ਏ ਗੁੱਸਿਆਂ ਦੀ!



**ਤਰਲੋਚਨ ਸਿੰਘ ਦੁਪਾਲਪੁਰ**
001-408-915-1268


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


## ਜਨਮ ਦਿਨ ਮੁਬਾਰਕ



ਜਨਮ ਦਿਨ- 30 ਅਗਸਤ
ਏਕਮਜੋਤ ਜਗਤਪੁਰ (ਇਟਲੀ)
ਪਿਤਾ-ਟੇਕ ਚੰਦ ਜਗਤਪੁਰ (ਇਟਲੀ)
ਮਾਤਾ-ਮਨਜੀਤ ਕੌਰ ਜਗਤਪੁਰ



ਬੱਚੀ ਸਾਇਨਾ ਸਰਕਾਰ ਨੂੰ ਅਦਾਰਾ ਦੇਸ਼ ਦੁਆਬਾ ਵੱਲੋਂ ਚੌਥੇ ਜਨਮ ਦਿਨ ਦੀਆਂ ਬਹੁਤ ਬਹੁਤ ਵਧਾਈਆਂ।



INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com




Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
rajasweetsandcatering
Follow us on Twitter
rajasweets




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

# ਅਮਿੱਟ ਯਾਦਾਂ ਛੱਡ ਗਿਆ ਪਿਟਸਬਰਗ ਦਾ ਤੀਆਂ ਦਾ ਮੇਲਾ







**ਪਿਟਸਬਰਗ–** ਪੰਜਾਬੀ ਮਲਟੀਕਲਚਰਲ ਸੁਸਾਇਟੀ ਪਿਟਸਬਰਗ (ਕੈਲੇਫੋਰਨੀਆ) ਵੱਲੋਂਥ ਕਰਵਾਇਆ ਗਿਆ ਤੀਆਂ ਦਾ ਮੇਲਾ ਇਸ ਵਾਰ ਵੀ ਅਮਿੱਟ ਯਾਦਾਂ ਛੱਡਦਾ ਸੰਪੰਨ ਹੋ ਗਿਆ। ਬੀਤੀ 13 ਅਗਸਤ ਨੂੰ ਕਰਵਾਏ ਗਏ ਇਸ ਮੇਲੇ ਦਰਮਿਆਨ ਮੁਟਿਆਰਾਂ ਅਤੇ ਬੱਚਿਆਂ ਨੇ ਖ਼ੂਬ ਆਨੰਦ ਮਾਣਿਆ। ਇਹ ਮੇਲਾ ਪਿਟਸਬਰਗ ਸੀਨੀਅਰ ਸੈਂਟਰ 300 ਪਰਸੀਡੀਓ ਲੇਨ ਪਿਟਸਬਰਗ ਵਿਖੇ ਕਰਵਾਇਆ ਗਿਆ। ਮੇਲੇ ਵਿਚ ਗਿੱਧਾ, ਭੰਗੜਾ, ਸਕਿੱਟਾਂ, ਹਿਪ ਹੋਪ, ਬੋਲੀਆਂ, ਗੀਤ-ਸੰਗੀਤ, ਲਾਈਵ ਡੀ. ਜੇ. ਤੇ ਰੈਫਲ ਤੋਂ ਇਲਾਵਾ ਖਾਣ-ਪੀਣ ਦੇ ਸਟਾਲ, ਕੱਪੜੇ-ਗਹਿਣੇ, ਮਹਿੰਦੀ ਦੇ ਸਟਾਲ ਲੱਗੇ ਸਨ। ਇਹਨਾਂ ਸਟਾਲਾਂ ਤੇ ਬੀਬੀਆਂ ਦੀ ਕਾਫੀ ਭੀੜ ਲੱਗੀ ਹੋਈ ਸੀ। ਮੇਲੇ ਦੀ ਸ਼ੁਰੂਆਤ ਬੀਬੀ ਰੂਬੀ ਰਾਜੂ ਨੇ ਕੀਤੀ। ਬੀਬੀ ਸਤਨਾਮ ਕੌਰ ਨੇ ਸ਼ਬਦ ਪੜ੍ਹਿਆ।

ਪੰਜਬੀ ਪਹਿਰਾਵੇ ਵਿਚ ਹਸਦੀਆਂ ਮੁਟਿਆਰਾਂ ਨੇ ਗਿੱਧੇ ਵਿਚ ਬੋਲੀਆਂ ਪਾ-ਪਾ ਕੇ ਖ਼ੂਬ ਆਨੰਦ ਮਾਣਿਆ। ਬੱਚਿਆਂ ਨੇ ਵੀ ਹਾਲ ਵਿਚ ਖ਼ੂਬ ਧਮਾਲਾਂ ਪਾਈਆਂ। ਬੀਬ ਕਰਮਜੀਤ ਕੌਰ ਸੰਧੂ, ਬਲਵੀਰ ਕੌਰ, ਸਿੰਦੇ, ਲਛਮੀ, ਗੁਰਦਿਆਲ ਕੌਰ, ਕਮਲਾ, ਸਵਰਨੀ, ਸੱਤਿਆਮਤੀ ਰੱਤੂ ਨੇ ਖ਼ੂਬ ਪਿੜ ਬੰਨ੍ਹਿਆ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਬੀਬੀਆਂ ਨੇ ਬੋਲੀਆਂ ਪਾ ਕੇ ਮੇਲੇ ਦੀ ਰੌਣਕ ਵਧਾਈ।



ਸਾਨਮਾਰਕੋ ਦੀਆਂ ਮੁਟਿਆਰਾਂ ਦਾ ਗਿੱਧਾ ਵੀ ਦੇਣ ਵਾਲਾ ਸੀ। ਪਰਮਜੀਤ ਕੌਰ ਨੋਕਵਾਲ, ਲਖਵੀਰ ਸਾਗੂ, ਜਸਵੰਤ ਕੌਰ ਕਾਵੀ, ਸਤਵੰਤ ਸੈਣੀ, ਪਿੰਕੀ ਜੌਹਲ, ਸੋਨੀਆ ਬੰਧਨ, ਪਰਮਜੀਤ ਕੌਰ ਕਾਵਿ, ਕਿਰਨਜੀਤ ਸੰਗਰ, ਬਲਵੀਰ ਕੌਰ ਨੇ ਭਰਪੂਰ ਯੋਗਦਾਨ ਪਾਇਆ।

ਬੀਬੀ ਸੁੰਮਨ ਹੀਰ ਦਾ ਗਿੱਧਾ ਗਰੁੱਪ ਹੀਨਾ ਬੰਗਾ, ਬਲਵਿੰਦਰ ਕੌਰ ਬੰਗਾ, ਕਸ਼ਮੀਰ ਕੌਰ, ਬਲਵਿੰਦਰ ਕੌਰ, ਕਰਮਜੀਤ ਕੌਰ ਸੰਧੂ, ਰਾਕੇਸ਼ ਰਾਵੀ, ਸੱਤਿਆ ਉਜਾਗਰ, ਗੁਰਦਿਆਲ ਕੌਰ, ਬਲਵੀਰ ਕੌਰ ਨੇ ਖ਼ੂਬ ਰੌਣਕਾਂ ਲਾਈਆਂ। ਇਸ ਮੇਲੇ ਵਿਚ ਕਾਫੀ ਦੂਰੋਂ-ਦੂਰੋਂ ਬੀਬੀਆਂ ਸ਼ਾਮਲ ਹੋਈਆਂ। ਪਿਟਸਬਰਗ ਹਾਈ ਸਕੂਲ ਦੇ ਬੱਚੇ ਲੋਸ ਮੈਨਾਡੋਸ, ਸਕੂਲ ਦੇ ਬੱਚੇ ਪ੍ਰਿਆ ਉਜਾਗਰ, ਸੌਰਵ ਮਹੇ, ਜੋਤੀ, ਬਰੈਂਟਵੁਡ ਹਾਈ ਸਕੂਲ ਦੀ ਬੱਚੀ ਰੋਜ਼ੀ ਨੇ ਵੀ ਕਾਫੀ ਮਦਦ ਕੀਤੀ। ਵਲੇਹੋ ਤੋਂ ਸੁਨੀਤਾ ਵਰਮਾ ਜੀ ਵੀ ਪਹੁੰਚੇ ਹੋਏ ਸਨ।

ਸਕਿਊਰਟੀ ਦਾ ਖਾਸ ਪ੍ਰਬੰਧ ਕੀਤਾ ਗਿਆ। ਰੂਬੀ ਰਾਜੂ ਤੇ ਸੋਨੂੰ ਨੇ ਸਟੇਜ ਦਾ ਕੰਮ ਬਹੁਤ ਚੰਗੀ ਤਰ੍ਹਾਂ ਨਿਭਾਇਆ। ਸਭਾ ਵੱਲੋਂ ਜਨਵਰੀ ਵਿਚ ਲੋਹੜੀ ਅਤੇ ਮਈ ਵਿਚ ਮਦਰਜ਼ ਡੇਅ ਵੀ ਮਨਾਇਆ ਜਾਵੇਗਾ।





ਯੂਬਾ ਸਿਟੀ, ਕੈਲੀਫੋਰਨੀਆ ਦੇ ਟਾਇਰਾ ਬਿਊਨਾ ਗੁਰਦੁਆਰਾ ਸਾਹਿਬ ਵਿਚ ਹੋਈ ਚੋਣ ਦੌਰਾਨ "ਪੰਥਕ ਸਲੇਟ" ਦੀ ਹੋਈ ਭਾਰੀ ਜਿੱਤ ਤੇ ਪੰਥ ਦਰਦੀਆਂ ਨੂੰ ਮੁਬਾਰਕਬਾਦ!

ਨਵੀਂ ਪ੍ਰਬੰਧਕ ਕਮੇਟੀ 'ਪੰਥਕ ਸਲੇਟ' ਸੰਗਤਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਵਿਸ਼ਵ ਭਰ ਵਿਚ ਚਰਚਿਤ ਨਗਰ ਕੀਰਤਨ ਐਤਕਾਂ ਹੋਰ ਵੀ ਜਾਹੋ ਜਲੋਅ ਨਾਲ ਮਨਾਇਆ ਜਾਵੇਗਾ ਤੇ ਅਮਰੀਕਾ ਦੇ ਇਸ ਖਿੱਤੇ 'ਚ ਸਿੱਖ ਸੰਗਤ ਤੋਂ ਸਿੱਖੀ ਦੀ ਚੜ੍ਹਦੀ ਕਲਾ ਤੇ ਸਿੱਖੀ ਮਰਿਆਦਾ ਲਈ ਕੀਤੇ ਜਾ ਰਹੇ ਵੱਖ ਵੱਖ ਕਾਰਜਾਂ ਲਈ ਸਹਿਯੋਗ ਦੀ ਹਮੇਸ਼ਾ ਆਸ ਰਹੇਗੀ।

ਸੰਗਤ ਦਾ ਦਾਸ

ਪੰਥਕ ਸਲੇਟ ਦੇ ਜੇਤੂ ਉਮੀਦਵਾਰ

ਗੁਰਨਾਮ ਸਿੰਘ ਪੰਮਾ



ਸਰਬ ਥਿਆੜਾ ਅਤੇ ਗੁਰਨਾਮ ਸਿੰਘ ਪੰਮਾ


ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਰੋਡ, ਯੂਬਾ ਸਿਟੀ (ਕੈਲੇਫੋਰਨੀਆ)
ਯੂਬਾ ਸਿਟੀ, ਕੈਲੀਫੋਰਨੀਆ 'ਚ "ਪੰਥਕ ਸਲੇਟ'' ਦੀ ਹੋਈ ਭਾਰੀ ਜਿੱਤ ਤੇ ਪੰਥ ਦਰਦੀਆਂ ਨੂੰ ਮੁਬਾਰਕਬਾਦ!
ਯੂਬਾ ਸਿਟੀ, ਕੈਲੀਫੋਰਨੀਆ ਦੇ ਟਾਇਰਾ ਬਿਉਨਾ ਗੁਰਦੁਆਰਾ ਸਾਹਿਬ ਵਿਚ ਹੋਈ ਇਲੈਕਸ਼ਨ ਦੌਰਾਨ "ਪੰਥਕ ਸਲੇਟ'' ਦੀ ਹੋਈ ਭਾਰੀ ਜਿੱਤ ਤੇ ਪੰਥ ਦਰਦੀਆਂ ਨੂੰ ਮੁਬਾਰਕਬਾਦ! ਇਸ ਚੋਣ ਦੌਰਾਨ "ਪੰਥਕ ਸਲੇਟ'' ਦੇ ਸਾਰੇ ਦੇ ਸਾਰੇ 73 ਉਮੀਦਵਾਰ ਜਿੱਤ ਗਏ। ਇਸ ਦੌਰਾਨ 'ਯੂਬਾ ਸਿਟੀ' ਦੀਆਂ ਸੰਗਤਾਂ ਨੇ ਅੱਠ ਸਾਲ ਤੋਂ ਜਬਰੀ ਕਾਬਜ ਧੜੇ ਨੂੰ ਹਰਾਇਆ, ਸਿੱਖ ਸੰਗਤਾਂ ਦਾ ਬਹੁਤ ਬਹੁਤ ਧੰਨਵਾਦ। ਨਵੀਂ ਪ੍ਰਬੰਧਕ ਕਮੇਟੀ "ਪੰਥਕ ਸਲੇਟ" ਸੰਗਤਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਵਿਸ਼ਵ ਭਰ ਵਿਚ ਚਰਚਿਤ ਨਗਰ ਕੀਰਤਨ ਐਤਕਾਂ ਹੋਰ ਵੀ ਜਾਹੋ ਜਲੌਅ ਨਾਲ ਮਨਾਇਆ ਜਾਵੇਗਾ ਤੇ ਅਮਰੀਕਾ ਦੇ ਇਸ ਖਿੱਤੇ 'ਚ ਸਿੱਖ ਸੰਗਤ ਤੋਂ ਸਿੱਖੀ ਦੀ ਚੜ੍ਹਦੀ ਕਲਾ ਤੇ ਸਿੱਖੀ ਮਰਿਆਦਾ ਲਈ ਕੀਤੇ ਜਾ ਰਹੇ ਵੱਖ ਵੱਖ ਕਾਰਜਾਂ ਲਈ ਸਹਿਯੋਗ ਦੀ ਹਮੇਸ਼ਾ ਆਸ ਰਹੇਗੀ।
ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ
"ਪੰਥਕ ਸਲੇਟ'' ਤੇ ਸਮੂਹ ਸਿੱਖ ਸੰਗਤ
ਯੂਬਾ ਸਿਟੀ, ਕੈਲੀਫੋਰਨੀਆ (ਟਾਇਰਾ ਬਿਊਨਾ ਰੋਡ ਗੁਰਦੁਆਰਾ ਸਾਹਿਬ)
ਪੰਥਕ ਸਲੇਟ ਦੇ ਜੇਤੂ ਉਮੀਦਵਾਰ
ਧੰਨਵਾਦ ਕਰਤਾ: ਪੰਥਕ ਸਲੇਟ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾਸਿਟੀ)


ਗੁਰਦੁਆਰਾ ਸਾਹਿਬ ਟਾਇਰਾ ਬਿਉਨਾ ਰੋਡ, ਯੂਬਾ ਸਿਟੀ (ਕੈਲੇਫੋਰਨੀਆ)

# ਯੂਬਾ ਸਿਟੀ, ਕੈਲੀਫੋਰਨੀਆ 'ਚ "ਪੰਥਕ ਸਲੇਟ'' ਦੀ ਹੋਈ ਭਾਰੀ ਜਿੱਤ ਤੇ ਪੰਥ ਦਰਦੀਆਂ ਨੂੰ ਮੁਬਾਰਕਬਾਦ!

ਯੂਬਾ ਸਿਟੀ, ਕੈਲੀਫੋਰਨੀਆ ਦੇ ਟਾਇਰਾ ਬਿਉਨਾ ਗੁਰਦੁਆਰਾ ਸਾਹਿਬ ਵਿਚ ਹੋਈ ਇਲੈਕਸ਼ਨ ਦੌਰਾਨ "ਪੰਥਕ ਸਲੇਟ'' ਦੀ ਹੋਈ ਭਾਰੀ ਜਿੱਤ ਤੇ ਪੰਥ ਦਰਦੀਆਂ ਨੂੰ ਮੁਬਾਰਕਬਾਦ! ਇਸ ਚੋਣ ਦੌਰਾਨ "ਪੰਥਕ ਸਲੇਟ'' ਦੇ ਸਾਰੇ ਦੇ ਸਾਰੇ 73 ਉਮੀਦਵਾਰ ਜਿੱਤ ਗਏ। ਇਸ ਦੌਰਾਨ 'ਯੂਬਾ ਸਿਟੀ' ਦੀਆਂ ਸੰਗਤਾਂ ਨੇ ਅੱਠ ਸਾਲ ਤੋਂ ਜਬਰੀ ਕਾਬਜ ਧੜੇ ਨੂੰ ਹਰਾਇਆ, ਸਿੱਖ ਸੰਗਤਾਂ ਦਾ ਬਹੁਤ ਬਹੁਤ ਧੰਨਵਾਦ। ਨਵੀਂ ਪ੍ਰਬੰਧਕ ਕਮੇਟੀ "ਪੰਥਕ ਸਲੇਟ" ਸੰਗਤਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਵਿਸ਼ਵ ਭਰ ਵਿਚ ਚਰਚਿਤ ਨਗਰ ਕੀਰਤਨ ਐਤਕਾਂ ਹੋਰ ਵੀ ਜਾਹੋ ਜਲੋਅ ਨਾਲ ਮਨਾਇਆ ਜਾਵੇਗਾ ਤੇ ਅਮਰੀਕਾ ਦੇ ਇਸ ਖਿੱਤੇ 'ਚ ਸਿੱਖ ਸੰਗਤ ਤੋਂ ਸਿੱਖੀ ਦੀ ਚੜ੍ਹਦੀ ਕਲਾ ਤੇ ਸਿੱਖੀ ਮਰਿਆਦਾ ਲਈ ਕੀਤੇ ਜਾ ਰਹੇ ਵੱਖ ਵੱਖ ਕਾਰਜਾਂ ਲਈ ਸਹਿਯੋਗ ਦੀ ਹਮੇਸ਼ਾ ਆਸ ਰਹੇਗੀ।

**ਪੰਥ ਦੀ ਚੜ੍ਹਦੀ ਕਲਾ ਲਈ ਸਮਰਪਿਤ**
**"ਪੰਥਕ ਸਲੇਟ'' ਤੇ ਸਮੂਹ ਸਿੱਖ ਸੰਗਤ**
**ਯੂਬਾ ਸਿਟੀ, ਕੈਲੀਫੋਰਨੀਆ (ਟਾਇਰਾ ਬਿਉਨਾ ਰੋਡ ਗੁਰਦੁਆਰਾ ਸਾਹਿਬ)**


ਗੁਰਦੁਆਰਾ ਸਾਹਿਬ ਟਾਇਰਾ ਬਿਉਨਾ ਰੋਡ, ਯੂਬਾ ਸਿਟੀ (ਕੈਲੇਫੋਰਨੀਆ)

## ਪੰਥਕ ਸਲੇਟ ਦੇ ਜੇਤੂ ਉਮੀਦਵਾਰ


ਸ. ਗੁਰਨਾਮ ਸਿੰਘ ਪੰਮਾ | ਜਸਵੰਤ ਬੈਂਸ | ਸਰਬ ਬਿਆੜਾ | ਕੁਲਦੀਪ ਸਿੰਘ ਅਟਵਾਲ | ਪ੍ਰਮਿੰਦਰ ਸਿੰਘ ਗਰੇਵਾਲ | ਯੂਬਾ ਸਿਟੀ ਸਿੱਖ ਪਰੇਡ ਦੇ ਬਾਨੀ ਦੀਦਾਰ ਸਿੰਘ ਬੈਂਸ | ਸ. ਗੁਰਮੇਜ ਸਿੰਘ ਗਿੱਲ | ਹਰਦੀਪ ਢਾਡਲੀ | ਕਰਮ ਸਿੰਘ ਬੈਂਸ | ਬਲਰਾਜ ਸਿੰਘ ਢਿੱਲੋਂ | ਕੁਲਦੀਪ ਸਿੰਘ ਸਹੋਤਾ (ਐਮ ਏ ਡੀ ਪੀ ਈ) | ਸ. ਮਨਜੀਤ ਸਿੰਘ ਢਿੱਲੋਂ | ਸ. ਦਲਬੀਰ ਸਿੰਘ ਗਿੱਲ | ਜਸਵਿੰਦਰ ਸਿੰਘ ਹੁੰਦਲ | ਸ. ਹਰਮਨ ਸਿੰਘ | ਸ. ਮਨਦੀਪ ਸਿੰਘ ਢਿੱਲੋਂ | ਸ. ਦਿਲਬਾਗ ਸਿੰਘ ਬੈਂਸ

ਸ. ਸਰਬਜੀਤ ਸਿੰਘ ਸਾਬੀ | ਰਛਪਾਲ ਸਿੰਘ ਦੁਸਾਂਝ | ਹਰਭਜਨ ਸਿੰਘ ਢੇਰੀ | ਸਵਰਨ ਸਿੰਘ ਢਿੱਲੋਂ | ਚਰਨਜੀਤ ਸਿੰਘ ਚੌਹਾਨ | ਜਗਦੀਸ਼ ਸਿੰਘ ਭੱਟੀ | ਨਿਰਮਲ ਸਿੰਘ ਜੰਡਾ | ਜਸਵਿੰਦਰ ਸਿੰਘ ਕੰਗ | ਗੁਰੀਤ ਸਿੰਘ ਹੇਅਰ | ਗੁਰਪ੍ਰੀਤ ਸਿੰਘ ਧਰਨੀ | ਜਸਵੀਰ ਸਿੰਘ ਧਾਮੀ | ਰੇਸ਼ਮ ਸਿੰਘ ਚੌਹਾਨ | ਨਰਿੰਦਰ ਸਿੰਘ | ਗੁਰਚਰਨ ਸਿੰਘ ਰੰਧਾਵਾ | ਬਲਵਿੰਦਰ ਸਿੰਘ ਸਮਰਾ | ਅਜਾਇਬ ਸਿੰਘ ਮੱਲੀ | ਅਮਰੀਕ ਸਿੰਘ ਮਾਹਲ

ਹਰਵਿੰਦਰ ਸਿੰਘ ਬਿੱਲਾ | ਕੁਲਤਾਰ ਸਿੰਘ ਚੀਮਾ | ਗੁਰਨੇਕ ਸਿੰਘ ਨੇਕਾ | ਮਹਾ ਸਿੰਘ ਢਿੱਲੋਂ | ਮੇਵਾ ਸਿੰਘ ਬੈਂਸ | ਹਰਬੰਸ ਸਿੰਘ ਧਨੋਆ (ਸਾਮਾ) | ਹਰਨਰਿੰਦਰ ਸਿੰਘ ਪਿੰਕਾ | ਹਰਜੀਤ ਸਿੰਘ ਗਿੱਲ | ਜਸਪ੍ਰੀਤ ਸਿੰਘ ਬਿਆੜਾ (ਜੱਸਾ) | ਹਰਨੇਕ ਸਿੰਘ | ਕੁਲਦੀਪ ਸਿੰਘ ਔਜਲਾ | ਹਰਨਾਮ ਸਿੰਘ ਬਸਰਾ | ਪਾਲੀ ਸਿੰਘ ਸੰਘਾ | ਸੁਖਵਿੰਦਰ ਸਿੰਘ ਤੰਬੜ | ਬਲਜੀਤ ਸਿੰਘ ਜੱਜ | ਪਲਵਿੰਦਰ ਸਿੰਘ ਮਾਹੀ | ਗੁਰਮੀਤ ਤੱਖੜ | ਮੋਹਿੰਦਰ ਸਿੰਘ ਨਿੱਜਰ

ਤਾਰਾ ਸਿੰਘ ਭੰਗਲ | ਭਜਨ ਸਿੰਘ ਬਿਆੜਾ | ਦਿਲਬਾਰ ਸਿੰਘ ਸੰਧਰ | ਸ. ਨਛੱਤਰ ਸਿੰਘ ਚੌਹਾਨ | ਸਿੰਘ ਬਿਆੜਾ | ਅਮਰਜੀਤ ਸਿੰਘ ਹੁੰਦਲ | ਬਲਬੀਰ ਸਿੰਘ ਸੋਹਲ | ਗੁਰਕਮਲਜੀਤ ਕਾਲਕਟ | ਹਰਭਜਨ ਸੰਧੂ | ਸੁਰਜੀਤ ਸਿੰਘ ਬੈਂਸ | ਹਰਮਿੰਦਰ ਸਿੰਘ | ਕੇਵਲ ਸਿੰਘ | ਲਖਵੀਰ ਸਿੰਘ ਨਾਗਰਾ | ਪਾਲ ਸਿੰਘ ਗਿੱਲ | ਰੇਸ਼ਮ ਸਿੰਘ ਪੁਰੇਵਾਲ | ਰਵਿੰਦਰ ਸਿੰਘ ਸਹੋਤਾ | ਸੰਦੀਪ ਸਿੰਘ | ਸੁਖਜੀਵਨ ਸਿੰਘ ਬਿਹਾਲਾ | ਸੁਰਜੀਤ ਸਿੰਘ

# ਧੰਨਵਾਦ ਕਰਤਾ: ਪੰਥਕ ਸਲੇਟ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ (ਯੂਬਾਸਿਟੀ)

ADVT




# ਯੂਬਾ ਸਿਟੀ, ਕੈਲੀਫੋਰਨੀਆ ਦੇ ਟਾਇਰਾ ਬਿਉਨਾ ਗੁਰਦੁਆਰਾ ਸਾਹਿਬ ਵਿਚ ਹੋਈ ਚੋਣ ਦੌਰਾਨ "ਪੰਥਕ ਸਲੇਟ" ਦੀ ਹੋਈ ਭਾਰੀ ਜਿੱਤ ਤੇ ਪੰਥ ਦਰਦੀਆਂ ਨੂੰ ਮੁਬਾਰਕਬਾਦ!

ਨਵੀਂ ਪ੍ਰਬੰਧਕ ਕਮੇਟੀ 'ਪੰਥਕ ਸਲੇਟ' ਸੰਗਤਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਵਿਸ਼ਵ ਭਰ ਵਿਚ ਚਰਚਿਤ ਨਗਰ ਕੀਰਤਨ ਐਤਕਾਂ ਹੋਰ ਵੀ ਜਾਹੋ ਜਲੋਅ ਨਾਲ ਮਨਾਇਆ ਜਾਵੇਗਾ ਤੇ ਅਮਰੀਕਾ ਦੇ ਇਸ ਖਿੱਤੇ 'ਚ ਸਿੱਖ ਸੰਗਤ ਤੋਂ ਸਿੱਖੀ ਦੀ ਚੜ੍ਹਦੀ ਕਲਾ ਤੇ ਸਿੱਖੀ ਮਰਿਆਦਾ ਲਈ ਕੀਤੇ ਜਾ ਰਹੇ ਵੱਖ ਵੱਖ ਕਾਰਜਾਂ ਲਈ ਸਹਿਯੋਗ ਦੀ ਹਮੇਸ਼ਾ ਆਸ ਰਹੇਗੀ।



ਸੁਖਵਿੰਦਰ ਸਿੰਘ

## ਪੰਥਕ ਸਲੇਟ ਦੇ ਜੇਤੂ ਉਮੀਦਵਾਰ

# ਸੁਖਵਿੰਦਰ ਸਿੰਘ

## 530-713-2805

Days Inn

Sukhvinder Singh
daysinnyc@ymail.com
saini_sukhvinder@ymail.com

700 N. Palora Avenue
Yuba City, CA 95991

Ph. 530-674-1711
Cell 530-713-2805
Fax 530-822-0180

*For Reservations Call 530-674-1711*
*www.DaysInn.com*
**Ask for special low rates for 3 nights & weekly**




ਉਘੇ ਸਮਾਜ ਸੇਵੀ ਤੇ ਬਿਜਨਸਮੈਨ ਸ ਸੁਖਵਿੰਦਰ ਸਿੰਘ ਆਪਣੇ ਸਹਿਯੋਗੀਆਂ ਨਾਲ




# ਯੂਬਾ ਸਿਟੀ, ਕੈਲੀਫੋਰਨੀਆ ਦੇ ਟਾਇਰਾ ਬਿਉਨਾ ਗੁਰਦੁਆਰਾ ਸਾਹਿਬ ਵਿਚ ਹੋਈ ਚੋਣ ਦੌਰਾਨ "ਪੰਥਕ ਸਲੇਟ" ਦੀ ਹੋਈ ਭਾਰੀ ਜਿੱਤ ਤੇ ਪੰਥ ਦਰਦੀਆਂ ਨੂੰ ਮੁਬਾਰਕਬਾਦ!

**ਨਵੀਂ ਪ੍ਰਬੰਧਕ ਕਮੇਟੀ 'ਪੰਥਕ ਸਲੇਟ' ਸੰਗਤਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਵਿਸ਼ਵ ਭਰ ਵਿਚ ਚਰਚਿਤ ਨਗਰ ਕੀਰਤਨ ਐਤਕਾਂ ਹੋਰ ਵੀ ਜਾਹੋ ਜਲੋਅ ਨਾਲ ਮਨਾਇਆ ਜਾਵੇਗਾ ਤੇ ਅਮਰੀਕਾ ਦੇ ਇਸ ਖਿੱਤੇ 'ਚ ਸਿੱਖ ਸੰਗਤ ਤੋਂ ਸਿੱਖੀ ਦੀ ਚੜ੍ਹਦੀ ਕਲਾ ਤੇ ਸਿੱਖੀ ਮਰਿਆਦਾ ਲਈ ਕੀਤੇ ਜਾ ਰਹੇ ਵੱਖ ਵੱਖ ਕਾਰਜਾਂ ਲਈ ਸਹਿਯੋਗ ਦੀ ਹਮੇਸ਼ਾ ਆਸ ਰਹੇਗੀ।**



ਸ ਕੁਲਤਾਰ ਸਿੰਘ ਚੀਮਾ

## ਪੰਥਕ ਸਲੇਟ ਦੇ ਜੇਤੂ ਉਮੀਦਵਾਰ

# ਕੁਲਤਾਰ ਸਿੰਘ ਚੀਮਾ

# 530-315-8237



ਸ ਕੁਲਤਾਰ ਸਿੰਘ ਚੀਮਾ ਅਤੇ ਪੰਥਕ ਸਲੇਟ ਦੇ ਸਹਿਯੋਗੀ

## 'ਸ਼ਹੀਦ ਸ੍ਰੀ ਮਦਨ ਲਾਲ ਢੀਂਗਰਾ' ਦੇ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# 'ਸੁਤੰਤਰਤਾ ਸੰਗਰਾਮ ਦਾ ਅਣਗੌਲਿਆ ਮਹਾਨ ਯੋਧਾ'



ਪ੍ਰੋ: ਐਚ.ਐਲ.ਕਪੂਰ
001- 916- 587-4002

ਭਾਰਤ ਨੂੰ ਆਜ਼ਾਦੀ ਐਵੇਂ ਨਹੀਂ ਮਿਲੀ, ਇਸ ਆਜ਼ਾਦੀ ਨੂੰ ਪ੍ਰਾਪਤ ਕਰਨ ਲਈ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੇ ਸ਼ਹੀਦੀਆਂ ਦੇ ਕੇ ਆਪਣਾ ਖੂਨ ਦਿੱਤਾ ਤੇ ਹਜ਼ਾਰਾਂ/ਲੱਖਾਂ ਲੋਕਾਂ ਨੇ ਆਪਣੇ ਹੰਝੂਆਂ ਨਾਲ ਇਸ ਆਜ਼ਾਦੀ ਦੀ ਜ਼ਰਖੇਜ਼ ਭੂਮੀ ਨੂੰ ਸਿੰਜਿਆ। ਇਸ ਆਜ਼ਾਦੀ ਦੀ ਲੜਾਈ 'ਚ ਹਜ਼ਾਰਾਂ ਹੀ ਉਹ ਲੋਕ ਵੀ ਹਨ, ਜਿਹਨਾਂ ਦਾ ਇਤਿਹਾਸ 'ਚ ਕਿਤੇ ਵੀ ਜ਼ਿਕਰ ਨਹੀਂ ਆਉਂਦਾ, ਜਿਹਨਾਂ ਨੇ ਅੰਗਰੇਜ਼ ਹਕੂਮਤ ਦਾ ਜ਼ੁਲਮ ਬਰਦਾਸ਼ਤ ਕੀਤਾ, ਆਪਣੇ ਟੱਬਰਾਂ ਦੇ ਟੱਬਰ ਕੁਰਬਾਨ ਕਰ ਦਿੱਤੇ, ਜਲਾਵਤਨੀ ਦੀਆਂ ਤਕਲੀਫ਼ਾਂ ਝੱਲੀਆਂ, ਉਮਰ ਭਰ ਦੀ ਜੇਲ੍ਹ ਯਾਤਰਾ ਕੀਤੀ ਤੇ ਆਪਣੀਆਂ ਜਾਇਦਾਦਾਂ ਵੀ ਕੁਰਕ ਕਰਵਾਈਆਂ। ਆਜ਼ਾਦੀ ਮਿੰਨਤਾਂ ਤਰਲਿਆਂ, ਭਿਖਾਰੀ ਨੂੰ ਠੂਠੇ 'ਚ ਪਾਈ ਭੀਖ ਦੀ ਤਰ੍ਹਾਂ ਨਹੀਂ ਤੇ ਨਾ ਹੀ ਬਿਨੈ-ਪੱਤਰ ਦੇਣ ਨਾਲ ਮਿਲੀ ਹੈ। ਇਸ ਨੂੰ ਹਿੰਸਾ ਨਾਲ ਤੇ ਕ੍ਰਾਂਤੀਕਾਰੀਆਂ ਵੱਲੋਂ ਉਠਾਏ ਗਏ ਹਥਿਆਰਾਂ ਨਾਲ ਹੀ ਸਿਖਰ ਤੇ ਲਿਆਂਦਾ ਹੈ।

1946 'ਚ ਸ੍ਰੀ ਸੁਭਾਸ਼ ਚੰਦਰ ਬੋਸ ਜੀ ਵੱਲੋਂ ਉਠਾਏ ਗਏ ਹਥਿਆਰਾਂ ਦੀ ਲੜਾਈ।

ਇਹ ਲੜਾਈ ਹਥਿਆਰਬੰਦ ਲੜਾਈ ਸਿਰਫ਼ ਭਾਰਤ 'ਚ ਹੀ ਨਹੀਂ ਲੜੀ ਗਈ ਸਗੋਂ ਵਿਦੇਸ਼ਾਂ 'ਚ ਰਹਿੰਦੇ ਭਾਰਤੀਆਂ ਵੱਲੋਂ ਵੀ ਇਸ 'ਚ ਭਰਪੂਰ ਯੋਗਦਾਨ ਪਾਇਆ ਗਿਆ, ਜਿਹਨਾਂ 'ਚ ਇਹਨਾਂ ਮਹਾਨ ਸ਼ਖਸੀਅਤਾਂ ਦਾ ਨਾਮ ਇਸ ਪ੍ਰਕਾਰ ਲਿਆ ਜਾ ਸਕਦਾ ਹੈ, ਜਿਵੇਂ:- ਸ਼ਿਆਮਜੀ ਕ੍ਰਿਸ਼ਨਾਵਰਮਾ, ਵੀਰ ਸਾਵਰਕਰ, ਮਦਾਮ ਭੀਕਾ ਜੀ ਕਾਮਾ, ਰਾਜਾ ਮੁਹਿੰਦਰ ਪ੍ਰਤਾਪ, ਬਰਿਸਟਰ ਸਰਦਾਰ ਸਿੰਘ ਰਾਣਾ, ਵਰਿੰਦਰ ਨਾਥ ਚਟੋਪਾਧਿਆਇ, ਸਰਦਾਰ ਅਜੀਤ ਸਿੰਘ (ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ), ਲਾਲਾ ਹਰਦਿਆਲ, ਰਾਸ ਬਿਹਾਰੀ ਬੋਸ ਤੇ ਚੰਮਪਾਕਰਮਨ ਪਿੱਲੇ ਦਾ ਨਾਮ ਵਰਣਨਯੋਗ ਹੈ। ਜਿੱਥੇ ਅਜਿਹੇ ਗਰਮ ਖ਼ਿਆਲੀ ਤੇ ਜੋਸ਼ੀਲੇ ਕ੍ਰਾਂਤੀਕਾਰੀਆਂ ਦੀ ਫ਼ਰਿਸਤ ਬੜੀ ਲੰਮੀ ਹੈ, ਉਥੇ ਇਨ੍ਹਾਂ ਸਾਰਿਆਂ 'ਚੋਂ ਸ਼ਹੀਦ ਸ੍ਰੀ ਮਦਨ ਲਾਲ ਜੀ ਢੀਂਗਰਾ ਦਾ ਨਾਮ ਸਿਰਮੌਰ ਰੱਖਿਆ ਜਾ ਸਕਦਾ ਹੈ ਕਿਉਂਕਿ ਉਹੀ ਇਕ ਪਹਿਲੇ ਅਜਿਹੇ ਮਹਾਨ ਕ੍ਰਾਂਤੀਕਾਰੀ ਹਨ, ਜਿਨ੍ਹਾਂ ਨੇ ਵਿਦੇਸ਼ੀ ਧਰਤੀ, ਭਾਵ ਇੰਗਲੈਂਡ ਦੀ ਧਰਤੀ 'ਤੇ ਦੁਸ਼ਮਣ ਦੇ ਘਰ ਜਾ ਕੇ ਪਹਿਲੀ ਵਾਰ, ਇਕ ਗੋਰਿਆਂ ਦੀ ਵੱਡੀ ਸ਼ਖਸੀਅਤ ਕਰਜ਼ਨ ਵਾਇਲੀ ਦੀ 01 ਜੁਲਾਈ, 1909 ਨੂੰ ਹੱਤਿਆ ਕਰ ਦਿੱਤੀ ਕਿਉਂਕਿ ਇਸ ਅੰਗਰੇਜ਼ ਅਫਸਰ ਨੇ ਵੀ ਭਾਰਤੀ ਕ੍ਰਾਂਤੀਕਾਰੀਆਂ 'ਤੇ ਤਸ਼ੱਦਦ ਕਰਵਾਇਆ ਤੇ ਇੰਗਲੈਂਡ 'ਚ ਰਹਿੰਦੇ ਭਾਰਤੀ ਵਿਦਿਆਰਥੀਆਂ ਦੀ, ਭਾਰਤੀ ਵਿਦਿਆਰਥੀਆਂ ਤੋਂ ਜਾਸੂਸੀ ਕਰਵਾਉਂਦਾ ਸੀ, ਇਹਨਾਂ ਕਾਰਨਾਂ ਕਰਕੇ ਹੀ ਉਸ ਨੂੰ ਸੋਧਣ ਦੀ ਲੋੜ ਪਈ। ਕਰਜ਼ਨ ਵਾਇਲੀ ਦੀ ਹੱਤਿਆ ਕਾਰਨ ਸ੍ਰੀ ਮਦਨ ਲਾਲ ਢੀਂਗਰਾ ਜੀ ਨੂੰ ਮਿਤੀ 17 ਅਗਸਤ 1909 ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਸ਼ਹੀਦ ਸ੍ਰੀ ਮਦਨ ਲਾਲ ਜੀ ਢੀਂਗਰਾ ਦਾ ਜਨਮ 18 ਸਤੰਬਰ, 1883 ਈਸਵੀ ਨੂੰ ਅੰਮ੍ਰਿਤਸਰ ਵਿਖੇ ਇਕ ਅਮੀਰ ਪਰਿਵਾਰ 'ਚ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਸ੍ਰੀ ਦਿੱਤਾ ਮੱਲ ਸੀ। ਉਹ ਸਿਵਲ ਸਰਜਨ ਦੇ ਉੱਚ ਅਹੁਦੇ ਤੋਂ ਸੇਵਾ ਮੁਕਤ ਹੋਏ ਤੇ ਉਸ ਸਮੇਂ ਦੇ ਅੱਖਾਂ ਦੇ ਬੜੇ ਵੱਡੇ ਸਰਜਨ ਸਨ। ਕਈ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਉਹ ਪਹਿਲੇ ਭਾਰਤੀ ਸਨ, ਜਿਹੜੇ ਉਸ ਸਮੇਂ ਇਸ ਤਰ੍ਹਾਂ ਦੇ ਉੱਚ ਅਹੁਦੇ 'ਤੇ ਪਹੁੰਚੇ। ਉਹਨਾਂ ਪਾਸ ਉਸ ਸਮੇਂ ਅੰਮ੍ਰਿਤਸਰ ਦੇ ਮੁਹੱਲਾ ਕਟੜਾ ਸ਼ੇਰ ਸਿੰਘ 'ਚ 21 ਮਕਾਨ ਤੇ 6 ਬੰਗਲੇ ਜੀ. ਟੀ. ਰੋਡ 'ਤੇ ਸਨ। ਸ੍ਰੀ ਦਿੱਤਾ ਮੱਲ ਜੀ ਨੇ 1850 ਈਸਵੀ 'ਚ ਆਪਣਾ ਜੱਦੀ ਪਿੰਡ ਸ਼ਾਹੀਵਾਲ, ਜਿਹੜਾ ਕਿ ਜ਼ਿਲ੍ਹਾ ਸਰਗੋਧਾ (ਹੁਣ ਪਾਕਿਸਤਾਨ 'ਚ) ਹੈ, ਛੱਡ ਦਿੱਤਾ ਤੇ ਅੰਮ੍ਰਿਤਸਰ 'ਚ ਆ ਗਏ। ਪਿੰਡ 'ਚ ਉਨ੍ਹਾਂ ਦੀ ਇਕ ਵੱਡੀ ਹਵੇਲੀ ਸੀ ਤੇ ਉਹ 10 ਵਿਘੇ ਜ਼ਮੀਨ ਦੇ ਮਾਲਕ ਸਨ। ਸ੍ਰੀ ਦਿੱਤਾ ਮੱਲ ਜੀ ਨੂੰ ਅੰਗਰੇਜ਼ ਸਰਕਾਰ ਨੇ 'ਰਾਏ ਸਾਹਿਬ' ਦੇ ਖਿਤਾਬ ਨਾਲ ਨਿਵਾਜਿਆ ਹੋਇਆ ਸੀ।

ਸ੍ਰੀ ਮਦਨ ਲਾਲ ਢੀਂਗਰਾ ਜੀ ਦੇ ਪਿਤਾ ਪਾਸ ਉਸ ਜ਼ਮਾਨੇ 'ਚ ਛੇ ਬੱਗੀਆਂ ਵੀ ਸਨ। ਇਸ ਤੋਂ ਇਲਾਵਾ ਉਹ ਅੰਮ੍ਰਿਤਸਰ 'ਚ ਅਜਿਹੇ ਪਹਿਲੇ ਭਾਰਤੀ ਸਨ, ਜਿਹਨਾਂ ਪਾਸ ਕਾਰ ਹੁੰਦੀ ਸੀ। ਸ੍ਰੀ ਦਿੱਤਾ ਮੱਲ ਜੀ ਦੇ ਸੱਤ ਪੁੱਤਰ ਤੇ ਇਕ ਧੀ ਸੀ। ਉਨ੍ਹਾਂ ਦੇ ਤਿੰਨ ਪੁੱਤਰ ਬੜੇ ਮਾਹਿਰ ਡਾਕਟਰ ਸਨ ਤੇ ਤਿੰਨ ਪੁੱਤਰ ਬੜੇ ਮਸ਼ਹੂਰ ਵਕੀਲ ਸਨ ਤੇ ਸ੍ਰੀ ਮਦਨ ਲਾਲ ਢੀਂਗਰਾ ਉਹਨਾਂ ਦਾ ਛੇਵਾਂ ਪੁੱਤਰ ਸੀ ਤੇ ਉਹ ਵਿਆਹਿਆ ਹੋਇਆ ਸੀ ਤੇ ਉਨ੍ਹਾਂ ਦਾ ਇਕ ਪੁੱਤਰ ਸੀ। ਸ੍ਰੀ ਦਿੱਤਾ ਮੱਲ ਜੀ ਦਾ ਇਕ ਭਰਾ ਜਿਸ ਦਾ ਨਾਮ ਬਿਹਾਰੀ ਲਾਲ ਢੀਂਗਰਾ ਸੀ। ਉਹ ਜੀਂਦ ਸਟੇਟ ਦਾ, ਇਕ ਬੜਾ ਬਦਨਾਮੀ ਕਾਰਨ, ਪ੍ਰਸਿੱਧ ਪ੍ਰਧਾਨ ਮੰਤਰੀ ਸੀ।

ਇਸ ਤਰ੍ਹਾਂ ਦੇ ਅਮੀਰ ਤੇ ਪੜ੍ਹੇ-ਲਿਖੇ ਪਰਿਵਾਰ 'ਚ ਸ੍ਰੀ ਮਦਨ ਲਾਲ ਜੀ ਢੀਂਗਰਾ ਦਾ ਜਨਮ ਹੋਇਆ ਪਰ ਜੇ ਉਹ ਆਪਣੀ ਐਸ਼ਪ੍ਰਸਤੀ ਵਾਲਾ ਜੀਵਨ ਜਿਊਣਾ ਚਾਹੁੰਦਾ ਤਾਂ ਜੀਅ ਸਕਦਾ ਸੀ ਪ੍ਰੰਤੂ ਨਹੀਂ, ਉਸ ਨੇ ਸ਼ਹੀਦੀ ਦਾ ਰਸਤਾ ਅਖਤਿਆਰ ਕੀਤਾ ਕਿਉਂਕਿ ਉਹ ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੁੰਦਾ ਸੀ। ਆਪਣੀ ਸਕੂਲੀ ਵਿੱਦਿਆ ਅੰਮ੍ਰਿਤਸਰ 'ਚ ਪੂਰੀ ਕਰਨ ਉਪਰੰਤ ਉਸ ਨੇ ਐਮ. ਬੀ. ਇੰਨਟਰਮੀਡੀਅਟ ਕਾਲਜ ਅੰਮ੍ਰਿਤਸਰ 'ਚ ਦਾਖਲਾ ਲਿਆ ਤੇ ਉਥੋਂ ਇੰਨਟਰਮੀਡੀਅਟ ਪਾਸ ਕੀਤੀ। ਅਗਲੀ ਸਾਇੰਸ ਦੀ ਪੜ੍ਹਾਈ ਕਰਨ ਲਈ ਉਸ ਨੇ ਲਾਹੌਰ ਦੇ ਸਰਕਾਰੀ ਕਾਲਜ 'ਚ ਦਾਖਲਾ ਲੈ ਲਿਆ। ਸੰਨ 1904 'ਚ ਉਸ ਨੇ ਕਾਲਜ ਦੇ ਪ੍ਰਿੰਸੀਪਲ ਦੇ ਆਰਡਰ ਦਾ ਵਿਰੋਧ ਕੀਤਾ ਕਿ ਜੋ ਕਾਲਜ ਦੀ ਵਰਦੀ 'ਚ ਲੱਗਿਆ ਬਲੇਜ਼ੀਅਰ ਦਾ ਕੋਟ ਦਾ ਕੱਪੜਾ, ਇੰਗਲੈਂਡ ਦਾ ਬਣਿਆ ਹੋਇਆ ਹੈ, ਜਿਸ ਨੂੰ ਉਹ ਨਹੀਂ ਪਹਿਨ ਸਕਦੇ। ਇਸ ਵਿਰੋਧ ਬਦਲੇ ਉਹਨਾਂ ਨੂੰ ਕਾਲਜ 'ਚੋਂ ਕੱਢ ਦਿੱਤਾ ਗਿਆ। ਉਸ ਸਮੇਂ ਉਨ੍ਹਾਂ 'ਤੇ ਦੇਸ਼ 'ਚ ਚੱਲ ਰਹੀ 'ਸਵਦੇਸ਼ੀ ਕੌਮੀ ਲਹਿਰ' ਦਾ ਪੂਰਾ ਪ੍ਰਭਾਵ ਸੀ। ਉਨ੍ਹਾਂ ਨੇ ਇੱਥੇ ਕਾਲਜ ਦੀ ਪੜ੍ਹਾਈ ਦੇ ਦੌਰਾਨ ਭਾਰਤ ਦੇ ਲੋਕਾਂ ਦੀ ਗਰੀਬੀ ਤੇ ਭੁੱਖਮਰੀ ਬਾਰੇ ਲਿਖੇ ਗਏ ਸਾਹਿਤ ਦਾ ਬਹੁਤ ਡੂੰਘਾਈ 'ਚ ਅਧਿਐਨ ਕੀਤਾ। ਉਨ੍ਹਾਂ ਨੇ ਇਸ ਦੇ ਕਾਰਨਾਂ ਨੂੰ ਆਪਣੇ ਅਧਿਐਨ 'ਚ ਜਾਣਿਆ ਕਿ ਇਸ ਦੇ ਦੋ ਕਾਰਨ ਹਨ, ਪਹਿਲਾ ਵਿਦੇਸ਼ੀ ਹਕੂਮਤ ਦਾ ਸਾਡੇ 'ਤੇ ਰਾਜ ਤੇ ਦੂਸਰਾ ਵਿਦੇਸ਼ਾਂ 'ਚ ਬਣੇ ਮਾਲ ਦੀ ਵਿੱਕਰੀ ਨਾਲ, ਸਾਡੇ ਦੇਸ਼ ਦੇ ਲੋਕਾਂ ਦੀ ਹੋ ਰਹੀ ਲੁੱਟ, ਗਰੀਬੀ ਤੇ ਭੁੱਖਮਰੀ ਦੇ ਮੁੱਖ ਕਾਰਨ ਹਨ। ਇਸ ਤੋਂ ਬਾਅਦ ਢੀਂਗਰਾ ਨੇ ਪੜ੍ਹਾਈ ਛੱਡ ਦਿੱਤੀ ਤੇ ਕਲਰਕ ਦੀ ਨੌਕਰੀ ਕਰ ਲਈ, ਇਸ ਦੇ ਉਪਰੰਤ ਕਾਲਕਾ ਵਿਖੇ ਟਾਂਗਾ ਵੀ ਚਲਾਇਆ, ਜਿਸ 'ਚ ਉਹ ਅੰਗਰੇਜ਼ ਪਰਿਵਾਰਾਂ ਦੀਆਂ ਸਵਾਰੀਆਂ ਨੂੰ ਸ਼ਿਮਲਾ ਪਹੁੰਚਾਉਂਦੇ ਸਨ। ਇਸ ਤੋਂ ਇਲਾਵਾ ਉਨ੍ਹਾਂ ਨੇ ਇਕ ਫਿਕਟਰੀ ਮਜ਼ਦੂਰ ਵਜੋਂ ਵੀ ਕੰਮ ਕੀਤਾ। ਉਨ੍ਹਾਂ ਨੇ ਮਜ਼ਦੂਰੀ ਕਰਦਿਆਂ ਇਕ ਮਜ਼ਦੂਰ ਯੂਨੀਅਨ ਦਾ ਸੰਗਠਨ ਬਣਾਉਣ ਦਾ ਹੰਭਲਾ ਵੀ ਮਾਰਿਆ, ਪ੍ਰੰਤੂ ਇਸ ਨੂੰ ਜਲਦੀ ਹੀ ਤਿਆਗ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਥੋੜ੍ਹਾ ਚਿਰ ਬੰਬਈ 'ਚ ਵੀ ਕੰਮ ਕੀਤਾ। ਫਿਰ ਇਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਵੱਡੇ ਭਰਾ ਡਾਕਟਰ ਬਿਹਾਰੀ ਲਾਲ ਢੀਂਗਰਾ ਦੀ ਸਲਾਹ ਨਾਲ ਇੰਗਲੈਂਡ 'ਚ ਉੱਚ ਵਿੱਦਿਆ ਪ੍ਰਾਪਤ ਕਰਨ ਦਾ ਇਰਾਦਾ ਬਣਾ ਲਿਆ। ਸੰਨ 1906 'ਚ ਮਦਨ ਲਾਲ ਜੀ ਇੰਗਲੈਂਡ ਚਲੇ ਗਏ ਤੇ ਉਨ੍ਹਾਂ ਨੇ ਯੂਨੀਵਰਸਿਟੀ ਕਾਲਜ, ਲੰਡਨ 'ਚ 'ਮਕੈਨੀਕਲ ਇੰਜੀਨੀਅਰਿੰਗ' ਦੇ ਡਿਪਲੋਮਾ ਕੋਰਸ 'ਚ ਦਾਖਲਾ ਲੈ ਲਿਆ। ਇੱਥੇ ਪੜ੍ਹਾਈ ਦੇ ਖਰਚੇ ਲਈ ਉਨ੍ਹਾਂ ਦੇ ਵੱਡੇ ਭਰਾ, ਉਨ੍ਹਾਂ ਦੀ ਮਦਦ ਕਰਦੇ ਸਨ ਤੇ ਇਸ ਤੋਂ ਇਲਾਵਾ ਇੰਗਲੈਂਡ 'ਚ ਰਹਿੰਦੇ ਕੁਝ ਭਾਰਤੀ, ਕ੍ਰਾਂਤੀਕਾਰੀ ਵਿਦਿਆਰਥੀਆਂ ਦੀ ਪੜ੍ਹਾਈ 'ਚ ਆਉਂਦੇ ਖਰਚ ਦੀ ਮਦਦ ਕਰਦੇ ਸਨ।



ਇਹ ਇਕ ਇਤਫ਼ਾਕ ਦੀ ਹੀ ਗੱਲ ਹੈ ਕਿ ਲੰਡਨ ਦੇ ਜਿਸ 'ਯੂਨੀਵਰਸਿਟੀ ਕਾਲਜ' 'ਚ ਮਦਨ ਲਾਲ ਜੀ ਢੀਂਗਰਾ ਇੰਜੀਨੀਅਰਿੰਗ ਦਾ ਡਿਪਲੋਮਾ 1906 ਤੋਂ 1909 ਕਰਦੇ ਸਨ, ਉਸੇ ਹੀ ਕਾਲਜ 'ਚ ਗੁਜਰਾਤ ਦੇ ਦਾਦਾ ਭਾਈ ਨਾਰੋਜੀ 1856 ਤੋਂ 1866 ਤੱਕ ਪ੍ਰੋਫੈਸਰ ਲੱਗੇ ਰਹੇ ਸਨ। ਇਸ ਤੋਂ ਇਲਾਵਾ ਸ੍ਰੀ ਰਵਿੰਦਰ ਨਾਥ ਜੀ ਟੈਗੋਰ ਨੇ 1878 ਤੋਂ 1880 ਤੱਕ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਕੀਤੀ।

ਲਾਹੌਰ ਪੜ੍ਹਦੇ ਸਮੇਂ ਮਦਨ ਲਾਲ ਢੀਂਗਰਾ 'ਤੇ 'ਪੱਗੜੀ ਸੰਭਾਲ ਜੱਟਾ' ਲਹਿਰ ਦਾ ਪ੍ਰਭਾਵ ਬਹੁਤ ਪੈ ਚੁੱਕਾ ਸੀ। ਇਸ ਲਹਿਰ ਨੂੰ ਉਸ ਸਮੇਂ ਲਾਲਾ ਲਾਜਪਤ ਰਾਏ ਤੇ ਸਰਦਾਰ ਅਜੀਤ ਸਿੰਘ (ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਚਾਚਾ) ਬੜੇ ਜ਼ੋਰ-ਸ਼ੋਰ ਨਾਲ ਚਲਾ ਰਹੇ ਸਨ। ਇੰਗਲੈਂਡ 'ਚ ਜਾ ਕੇ ਢੀਂਗਰਾ ਜੀ ਉਥੇ ਰਹਿੰਦੇ ਹੋਰ ਕ੍ਰਾਂਤੀਕਾਰੀਆਂ ਦੇ ਸੰਪਰਕ ਵਿਚ ਆ ਗਏ। ਉਹ ਵੀ ਉਥੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰ ਰਹੇ ਸਨ। ਇਹਨਾਂ ਕ੍ਰਾਂਤੀਕਾਰੀਆਂ 'ਚ ਮੁੱਖ ਤੌਰ 'ਤੇ ਵਿਨਾਇਕ ਦਮੋਦਰ ਸਾਵਰਕਰ ਤੇ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਦਾ ਨਾਮ ਵਰਣਨਯੋਗ ਹੈ।

ਵੀਰ ਸਾਵਰਕਰ, ਸ਼ਿਆਮ ਜੀ ਕ੍ਰਿਸ਼ਨ ਵਰਮਾ ਦੁਆਰਾ ਸਥਾਪਤ ਕੀਤੇ ਗਏ ਵਜ਼ੀਫੇ 'ਤੇ 1906 'ਚ ਪੜ੍ਹਨ ਲਈ ਇੰਗਲੈਂਡ ਪਹੁੰਚੇ ਸਨ ਤੇ ਮਦਨ ਲਾਲ ਢੀਂਗਰਾ ਵੀ ਇੱਥੇ ਇਸੇ ਸਾਲ ਪੜ੍ਹਨ ਲਈ ਪਹੁੰਚੇ ਸਨ। ਇਹ ਦੋਵੇਂ ਤਕਰੀਬਨ ਉਮਰ 'ਚ ਹਾਣੀ ਹੀ ਸਨ ਪਰ ਵੀਰ ਸਾਵਰਕਰ ਹਿੰਦੂ ਮੱਤ 'ਚ ਵਿਸ਼ਵਾਸ ਰੱਖਦੇ ਸਨ। ਸ਼ਿਆਮ ਜੀ ਕ੍ਰਿਸ਼ਨ ਵਰਮਾ ਬਹੁਤ ਉਦਾਰਵਾਦੀ ਤੇ ਤਰਕਸ਼ੀਲ ਵਿਚਾਰਧਾਰਾ ਦੇ ਧਾਰਨੀ ਸਨ। ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ ਇੰਗਲੈਂਡ ਛੱਡ ਦਿੱਤਾ ਤੇ ਉਹ ਪੈਰਿਸ ਪਹੁੰਚ ਗਏ ਕਿਉਂਕਿ ਅਜਿਹੀ ਵਿਚਾਰਧਾਰਾ ਰੱਖਣ ਕਰਕੇ ਅੰਗਰੇਜ਼ ਸਰਕਾਰ ਉਹਨਾਂ ਨੂੰ ਤੰਗ ਕਰਦੀ ਸੀ।

ਇਹਨਾਂ ਦੀ ਸੰਗਤ ਦਾ ਮਦਨ ਲਾਲ ਢੀਂਗਰਾ 'ਤੇ ਬਹੁਤ ਪ੍ਰਭਾਵ ਪਿਆ ਤੇ ਉਨ੍ਹਾਂ ਨੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਦਾ ਪੱਕਾ ਇਰਾਦਾ ਬਣਾ ਲਿਆ ਤੇ ਇਸ ਨੂੰ ਨੇਪਰੇ ਚਾੜ੍ਹਨ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਆਪਣਾ ਮਨ ਵੀ ਬਣਾ ਲਿਆ। ਉਹਨਾਂ 'ਚ ਦੇਸ਼ ਪ੍ਰੇਮ ਦੀ ਲਗਨ ਇਕ ਜਨੂਨ 'ਚ ਪਰਿਵਰਤਿਤ ਹੋ ਗਈ। ਸਾਵਰਕਰ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ ਤੇ ਇਸ ਮਕਸਦ ਨੂੰ ਪੂਰਾ ਕਰਨ ਲਈ ਉਸ ਨੇ ਮਦਨ ਲਾਲ ਢੀਂਗਰਾ ਨੂੰ ਹਥਿਆਰਾਂ ਦੀ ਟਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ ਤੇ ਇਸ ਦੀ ਗੁਪਤਤਾ ਰੱਖਣ ਵਾਲੀ ਸਭਾ ਦਾ, ਜਿਸ ਦਾ ਨਾਮ 'ਅਭਿਨਵ ਭਾਰਤ ਮੰਡਲ' ਸੀ ਦਾ ਮੈਂਬਰ ਵੀ ਬਣਾ ਦਿੱਤਾ। ਇਸ ਤੋਂ ਇਲਾਵਾ ਉਹ 'ਇੰਡੀਆ ਹਾਊਸ' ਦਾ ਮੈਂਬਰ ਵੀ ਬਣ ਗਿਆ। ਇਹ 'ਇੰਡੀਆ ਹਾਊਸ' ਹੀ ਭਾਰਤੀ ਵਿਦਿਆਰਥੀਆਂ ਲਈ ਇਕ ਰਾਜਨੀਤਿਕ ਕੇਂਦਰ ਸੀ ਜੋ ਭਾਰਤ ਨੂੰ ਆਜ਼ਾਦ ਕਰਾਉਣ ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਸੀ।

ਇਸੇ ਸਮੇਂ ਦੌਰਾਨ ਸਾਵਰਕਰ, ਢੀਂਗਰਾ ਤੇ ਹੋਰ ਵਿਦਿਆਰਥੀ ਕ੍ਰਾਂਤੀਕਾਰੀਆਂ ਦੀ ਭਾਰਤ ਦੀ ਆਜ਼ਾਦੀ ਲਈ ਵਿਚਾਰਧਾਰਕ ਟੱਕਰ, ਭਾਰਤ 'ਚ ਰਹਿੰਦੇ ਕ੍ਰਾਂਤੀਕਾਰੀ ਖੁਦੀ ਰਾਮ ਬੋਸ, ਕਨਹਾਈ ਲਾਲ ਦੱਤ, ਸਤਿੰਦਰਪਾਲ ਤੇ ਪੰਡਤ ਕਾਂਸ਼ੀ ਰਾਮ ਨਾਲ ਹੋ ਗਈ। ਕਈ ਇਤਿਹਾਸਕਾਰ ਇਸ ਦੇ ਕਾਰਨ ਦੱਸਦੇ ਹੋਏ ਲਿਖਦੇ ਹਨ ਕਿ ਸਾਵਰਕਰ, ਢੀਂਗਰਾ ਤੇ ਉਹਨਾਂ ਦੇ ਇੰਗਲੈਂਡ ਰਹਿੰਦੇ ਦੂਸਰੇ ਸਾਥੀ ਅੰਗਰੇਜ਼ਾਂ 'ਤੇ ਸਿੱਧੀ ਕਾਰਵਾਈ ਕਰਨ 'ਚ ਵਿਸ਼ਵਾਸ ਰੱਖਦੇ ਸਨ ਤੇ ਇਸ ਆਜ਼ਾਦੀ ਦੇ ਸੰਘਰਸ਼ ਨੂੰ ਹੋਰ ਲੰਮਿਆਂ ਕਰਨ ਦੇ ਹੱਕ 'ਚ ਨਹੀਂ ਸਨ।

ਮਦਨ ਲਾਲ ਢੀਂਗਰਾ ਲੰਡਨ ਪੜ੍ਹਾਈ ਕਰਨ ਲਈ ਆਇਆ ਸੀ, ਉਹ ਬੜਾ ਉੱਚਾ ਲੰਮਾ ਤੇ ਸੋਹਣਾ ਨੌਜਵਾਨ ਸੀ। ਉਹ ਬਹੁਤ ਸ਼ੁਗਲੀ ਸੁਭਾਅ ਦਾ ਵੀ ਸੀ। ਉਹ ਆਪਣੀ ਸ਼ਖਸੀਅਤ ਤੇ ਗੱਲਾਂ-ਬਾਤਾਂ ਨਾਲ ਦੂਸਰਿਆਂ ਨੂੰ ਆਪਣੇ ਵੱਲ ਖਿੱਚਣ ਦੀ ਯੋਗਤਾ ਰੱਖਦਾ ਸੀ। ਮਦਨ ਲਾਲ ਢੀਂਗਰਾ ਦੇ ਦੋਸਤ ਵੀ ਬੜੇ ਮਿਲਾਪੜੇ ਤੇ ਉਹ ਅਕਸਰ ਰੋਮਾਂਟਿਕ ਗੀਤ ਗਾਉਂਦੇ ਰਹਿੰਦੇ ਸਨ। ਉਨ੍ਹਾਂ ਦਿਨਾਂ 'ਚ ਅਜੇ ਮਦਨ ਲਾਲ ਢੀਂਗਰਾ ਜੀ ਦੇ ਮਨ 'ਚ ਆਪਣੀ ਮਾਤਭੂਮੀ ਨੂੰ ਆਜ਼ਾਦ ਕਰਾਉਣ ਦੀ ਚਿਣਗ, ਅਜੇ ਇੰਨੀ ਪ੍ਰਚੰਡ ਨਹੀਂ ਹੋਈ ਸੀ। ਇਕ ਦਿਨ ਸਾਵਰਕਰ 'ਇੰਡੀਆ ਹਾਊਸ' ਲੰਡਨ 'ਚ ਭਾਰਤ ਨੂੰ ਆਜ਼ਾਦ ਕਰਾਉਣ ਲਈ ਬੜੀ ਪ੍ਰਭਾਵਸ਼ਾਲੀ ਤੇ ਮਹੱਤਵਪੂਰਨ ਭਾਸ਼ਣ ਦੇ ਰਹੇ ਸਨ। ਮਦਨ ਲਾਲ ਤੇ ਉਸ ਦੇ ਕੁਝ ਦੋਸਤ ਇਕੱਠੇ ਹੋ ਕੇ ਨਾਲ ਲੱਗਦੇ ਕਮਰੇ 'ਚ ਉੱਚੀ-ਉੱਚੀ ਆਵਾਜ਼ 'ਚ ਆਪਣੀ ਮੌਜ ਮਸਤੀ ਕਰ ਰਹੇ ਸਨ। ਸਾਵਰਕਰ ਭਾਸ਼ਣ 'ਚ ਇਹ ਖੱਪਖਾਨਾ ਸੁਣ ਕੇ, ਗੁੱਸੇ 'ਚ ਆ ਗਿਆ। ਉਹਨਾਂ ਦਾ ਧਿਆਨ ਭਾਸ਼ਣ ਦੇਣ ਦੀ ਥਾਂ ਉਸ ਰੌਲੇ-ਰੱਪੇ ਵੱਲ ਚਲਾ ਗਿਆ। ਉਹਨਾਂ ਨੇ ਆਪਣਾ ਭਾਸ਼ਣ ਵਿੱਚੇ ਬੰਦ ਕਰਕੇ ਨਾਲ ਲੱਗਦੇ ਕਮਰੇ ਵੱਲ ਝਾਤ ਮਾਰਕੇ ਦੇਖਿਆ ਕਿ ਮਦਨ ਲਾਲ ਤੇ ਉਸ ਦੇ ਕੁਝ ਦੋਸਤ ਆਪਣੀ ਮੌਜ ਮਸਤੀ 'ਚ ਲੱਗੇ ਹੋਏ ਸਨ। ਇਹ ਦੇਖ ਕੇ ਵੀਰ ਸਾਵਰਕਰ ਬੋਲੇ, "ਮਦਨ ਇਹ ਖੜਮਸਤੀ ਕਿਸ ਗੱਲ ਦੀ ਹੈ? ਤੂੰ ਗੱਲਾਂ ਤਾਂ ਬੜੇ ਅਮਲ ਕਰਨ ਤੇ ਬਹਾਦਰੀ ਦੀਆਂ ਕਰਦਾ ਹੈ ਪਰ ਸਾਡੀ ਹਫ਼ਤਾਵਾਰੀ ਸਭਾ 'ਚ ਆਉਣ ਤੋਂ ਕੰਨੀ ਕਤਰਾਉਂਦਾ ਹੈ। ਕੀ ਇਹ ਬਹਾਦਰੀ ਹੈ ਜੋ ਤੂੰ ਬਹਾਦਰੀ ਦੀਆਂ ਗੱਲਾਂ ਕਰਦਾ ਹੈ?" ਇਹਨਾਂ ਸ਼ਬਦਾਂ ਨਾਲ ਸਾਵਰਕਰ ਨੇ ਮਦਨ ਲਾਲ ਨੂੰ ਝਿੜਕਿਆ। ਇਸ ਝਿੜਕ 'ਤੇ ਮਦਨ ਲਾਲ ਨੇ ਬੜੀ ਸ਼ਰਮ ਮਹਿਸੂਸ ਕੀਤੀ ਤੇ ਉਸ ਨੇ ਕਈ ਦਿਨਾਂ ਲਈ 'ਇੰਡੀਆ ਹਾਊਸ' ਛੱਡ ਦਿੱਤਾ। ਜਦ ਇਕ ਦਿਨ ਮਦਨ ਲਾਲ ਨੇ ਫਿਰ ਕੁਝ ਹੌਸਲਾ ਕਰਕੇ ਦੁਬਾਰਾ 'ਇੰਡੀਆ ਹਾਊਸ' ਗਿਆ ਤਾਂ ਉਸ ਨੂੰ ਲੱਗਦਾ ਸੀ ਕਿ ਸਾਵਰਕਰ ਅਜੇ ਵੀ ਉਨ੍ਹਾਂ ਨਾਲ ਸ਼ਾਇਦ ਗੁੱਸੇ ਹੈ ਪਰ ਜਦੋਂ ਉਹ ਸਾਵਰਕਰ ਨੂੰ ਦੁਬਾਰਾ ਮਿਲੇ ਤਾਂ ਮਦਨ ਲਾਲ ਨੇ ਅਜਿਹਾ ਮਹਿਸੂਸ ਨਹੀਂ ਕੀਤਾ ਕਿ ਸਾਵਰਕਰ ਉਸ ਨਾਲ ਗੁੱਸੇ ਹਨ ਸਗੋਂ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਉਹਨਾਂ ਦੋਹਾਂ 'ਚ ਕੁਝ ਹੋਇਆ ਹੀ ਨਾ ਹੋਵੇ। ਸਾਵਰਕਰ ਉਸੇ ਤਰ੍ਹਾਂ ਹੀ ਬੜੇ ਪਿਆਰ ਨਾਲ ਉਸ ਨੂੰ ਮਿਲੇ ਜਿਵੇਂ ਪਹਿਲਾਂ ਮਿਲਦੇ ਸਨ। ਮਦਨ ਲਾਲ ਢੀਂਗਰਾ ਨੇ ਬੜੇ ਹੌਸਲੇ ਨਾਲ ਪੁੱਛਿਆ ਕਿ, "ਕੀ ਸ਼ਹੀਦ ਹੋਣ ਦਾ ਸਮਾਂ ਆ ਗਿਆ ਹੈ?" ਸਾਵਰਕਰ ਨੇ ਉੱਤਰ ਦਿੱਤਾ, "ਅਗਰ ਸ਼ਹੀਦ ਹੋਣ ਵਾਲੇ ਨੇ ਸ਼ਹੀਦੀ ਪ੍ਰਾਪਤ ਕਰਨ ਦਾ ਆਪਣਾ ਮਨ ਬਣਾ ਲਿਆ ਹੈ ਤੇ ਉਹ ਇਸ ਲਈ ਤਿਆਰ ਹੈ ਤਾਂ ਇਸ ਦਾ ਆਮ ਤੌਰ 'ਤੇ ਇਹੀ ਮਤਲਬ ਹੁੰਦਾ ਹੈ ਕਿ ਸ਼ਹੀਦ ਹੋਣ ਦਾ ਵਕਤ ਆ ਗਿਆ ਹੈ।"

ਇਕ ਦਿਨ 1 ਜੁਲਾਈ, 1909 ਦੀ ਸ਼ਾਮ ਨੂੰ ਕਾਫ਼ੀ ਗਿਣਤੀ 'ਚ ਭਾਰਤੀ ਤੇ ਅੰਗਰੇਜ਼ 'ਇੰਡੀਅਨ ਨੈਸ਼ਨਲ ਐਸੋਸੀਏਸ਼ਨ' ਦੇ ਸਾਲਾਨਾ ਇਜਲਾਸ 'ਚ ਭਾਗ ਲੈਣ ਲਈ 'ਇੰਮਪੀਰੀਅਲ ਇੰਨਸਟੀਚਿਊਟ' ਲੰਡਨ ਦੀ ਪਹਿਲੀ ਮੰਜ਼ਿਲ ਤੇ ਬਣੇ ਜਹਾਂਗੀਰ ਹਾਲ 'ਚ ਇਕੱਤਰ ਹੋਏ-ਹੋਏ ਸਨ। ਇਸ ਸਮਾਰੋਹ 'ਚ ਭਾਗ ਲੈਣ ਲਈ ਸਰ ਕਰਜ਼ਨ ਵਾਇਲੀ ਜੋ ਕਿ ਭਾਰਤ ਸਰਕਾਰ ਦਾ ਪੋਲੀਟੀਕਲ ਸਕੱਤਰ ਸੀ ਤੇ ਭਾਰਤੀਆਂ ਦੀ ਜਾਸੂਸੀ ਕਰਨ ਵਾਲੇ ਵਿਭਾਗ ਦਾ ਸਭ ਤੋਂ ਵੱਡਾ ਅਹੁਦੇਦਾਰ ਵੀ ਸੀ ਤੇ ਅੰਗਰੇਜ਼ ਸਰਕਾਰ ਨੇ ਉਸ ਦੀ ਇਸ ਅਹੁਦੇ ਦੀ ਗੁਪਤਤਾ ਰੱਖੀ ਹੋਈ ਸੀ ਤਾਂ ਜੋ ਜਨਤਾ ਨੂੰ ਇਸ ਦਾ ਪਤਾ ਨਾ ਲੱਗ ਸਕੇ। ਉਹ ਹਾਲ 'ਚ ਚੱਲ ਰਹੇ ਸਮਾਗਮ 'ਚ ਭਾਗ ਲੈਣ ਲਈ ਆਇਆ।

ਮਦਨ ਲਾਲ ਢੀਂਗਰਾ ਆਪਣਾ ਨਿਮੰਤਰਣ ਪੱਤਰ ਘਰ ਭੁੱਲ ਆਇਆ ਸੀ ਤੇ ਉਸ ਨੇ ਯਾਤਰੂ ਬੁੱਕ ਤੇ ਦਸਤਖ਼ਤ ਕਰਕੇ ਜਹਾਂਗੀਰ ਹਾਲ 'ਚ ਪ੍ਰਵੇਸ਼ ਲੈ ਲਿਆ, ਕਿਉਂਕਿ ਉਹ ਇਸ ਐਸੋਸੀਏਸ਼ਨ ਦਾ ਮੈਂਬਰ ਵੀ ਸੀ। ਮਦਨ ਲਾਲ, ਕਰਜ਼ਨ ਵਾਇਲੀ ਨੂੰ ਨੇੜਿਉਂ ਹੋ ਕੇ ਗੋਲੀ ਮਾਰਨੀ ਚਾਹੁੰਦਾ ਸੀ ਤਾਂ ਕਿ ਉਸ ਦਾ ਵਾਰ ਖਾਲੀ ਨਾ ਜਾਵੇ। ਮਦਨ ਲਾਲ ਕੋਲ ਉਸ ਦੇ ਨੇੜੇ ਜਾਣ ਦਾ ਬਹਾਨਾ ਵੀ ਸੀ ਕਿਉਂਕਿ ਮਦਨ ਲਾਲ ਦੇ ਵੱਡੇ ਭਰਾ ਕੁੰਦਨ ਲਾਲ ਢੀਂਗਰਾ ਨੇ ਕਰਜ਼ਨ ਵਾਇਲੀ ਨੂੰ ਇਕ ਪੱਤਰ ਲਿਖਿਆ ਸੀ ਤੇ ਉਸ ਦੇ ਸਬੰਧ 'ਚ ਕਰਜ਼ਨ ਵਾਇਲੀ ਨੇ 13 ਅਪ੍ਰੈਲ 1909 ਨੂੰ ਮਦਨ ਲਾਲ ਢੀਂਗਰਾ ਨੂੰ ਪੱਤਰ ਲਿਖਿਆ ਸੀ ਕਿ ਉਹ, ਉਸ ਨੂੰ ਮਿਲੇ ਪਰ ਮਦਨ ਲਾਲ ਵੀ ਉਪਰਲੇ ਮਨੋਂ ਕਰਜ਼ਨ ਵਾਇਲੀ ਨੂੰ ਮਿਲਣਾ ਚਾਹੁੰਦਾ ਸੀ ਤੇ ਇਹ ਜਾਨਣਾ ਚਾਹੁੰਦਾ ਸੀ ਕਿ ਉਸ ਦੇ ਭਰਾ ਨੇ ਆਪਣੇ ਪੱਤਰ 'ਚ ਕਰਜ਼ਨ ਵਾਇਲੀ ਨੂੰ ਕੀ ਲਿਖਿਆ ਸੀ। ਹੁਣ ਮਦਨ ਲਾਲ ਢੀਂਗਰਾ ਤੇ ਉਸਦਾ ਦੋਸਤ ਕੋਰੇਗਾਂਕਰ ਜਿਸ ਨੂੰ ਸਾਰੀ ਯੋਜਨਾ ਦਾ ਪਤਾ ਸੀ, ਵੀ ਨਾਲ ਸਮਾਗਮ 'ਚ ਹਾਜ਼ਰ ਸੀ। ਦੋਨਾਂ ਕੋਲ ਅਸਲੇ ਨਾਲ ਭਰੇ ਹੋਏ ਪਿਸਤੌਲ ਤੇ ਮਦਨ ਲਾਲ ਕੋਲ ਕੋਟ ਦੀਆਂ ਦੋਹਾਂ ਜੇਬਾਂ 'ਚ ਇਕ-ਇਕ ਪਿਸਤੌਲ ਪਾਇਆ ਹੋਇਆ ਸੀ ਤੇ ਇਕ ਨਵਾਂ ਖ਼ਰੀਦਿਆ ਹੋਇਆ ਛੁਰਾ ਵੀ ਸੀ। ਜਿਉਂ ਹੀ ਇਹ ਸਭਾ ਸਮਾਪਤ ਹੋਈ ਤੇ ਕਰਜ਼ਨ ਵਾਇਲੀ ਜਾਣ ਹੀ ਵਾਲਾ ਸੀ ਤਾਂ ਕੋਰੇਗਾਂਕਰ ਨੇ ਢੀਂਗਰਾ ਨੂੰ ਇਸ਼ਾਰਾ ਮਾਤਰ ਸ਼ਬਦਾਂ 'ਚ ਕਿਹਾ ਕਿ, "ਆ ਜੀ! ਜਾਓ ਨਾ! ਕਿਆ ਕਰਤੇ ਹੋ!" ਢੀਂਗਰਾ ਨੇ ਵਿਰੋਧ ਵਜੋਂ ਕਿਹਾ ਕਿ ਮੈਂ ਕਰਜ਼ਨ ਵਾਇਲੀ ਨਾਲ ਆਪਣੀ ਕੋਈ ਗੱਲ ਕਰਨੀ ਹੈ। ਦੋਹਾਂ ਨੇ ਸ਼ੀਸ਼ੇ ਦਾ ਦਰਵਾਜ਼ਾ ਖੋਲ੍ਹਿਆ ਤੇ ਹਾਲ ਤੋਂ ਬਾਹਰ ਆ ਗਏ। ਜਿਉਂ ਹੀ ਹਾਲ ਤੋਂ ਬਾਹਰ ਆਏ ਤਾਂ ਢੀਂਗਰਾ ਨੇ ਬਹੁਤ ਹੌਲੀ ਆਵਾਜ਼ 'ਚ ਕਰਜ਼ਨ ਵਾਇਲੀ ਨੂੰ ਕਿਹਾ ਕਿ ਮੈਂ ਤੁਹਾਡੇ ਨਾਲ ਕੋਈ ਆਪਣੀ ਨਿੱਜੀ ਗੱਲ ਕਰਨੀ ਹੈ, ਕਰਜ਼ਨ ਵਾਇਲੀ ਨੇ ਆਪਣਾ ਕੰਨ ਢੀਂਗਰੇ ਦੇ ਨਜ਼ਦੀਕ ਕਰ ਦਿੱਤਾ। ਢੀਂਗਰਾ ਨੇ ਮੌਕਾ ਤਾੜਦਿਆਂ ਹੀ ਆਪਣੀ ਸੱਜੀ ਜੇਬ 'ਚੋਂ ਪਿਸਤੌਲ ਕੱਢਿਆ ਤੇ ਕਰਜ਼ਨ ਵਾਇਲੀ ਦੇ, ਦੋ ਗੋਲੀਆਂ ਐਨ ਪੁੜਪੜੀ ਦੇ ਕੋਲ ਮਾਰੀਆਂ। ਉਸ ਸਮੇਂ ਰਾਤ ਦੇ 11.20 ਵਜੇ ਸਨ। ਜਿਉਂ ਹੀ ਕਰਜ਼ਨ ਵਾਇਲੀ ਜ਼ਮੀਨ ਤੇ ਘਮੇਟਣੀ ਖਾ ਕੇ ਡਿੱਗਿਆ, ਢੀਂਗਰਾ ਨੇ ਦੋ ਗੋਲੀਆਂ ਕਰਜ਼ਨ ਵਾਇਲੀ ਦੇ ਹੋਰ ਮਾਰੀਆਂ ਤੇ ਉਹ ਉਥੇ ਹੀ ਮਰ ਗਿਆ। ਇਤਨੇ ਨੂੰ ਇਕ ਪਾਰਸੀ ਡਾਕਟਰ ਜਿਸ ਦਾ ਨਾਂ ਕਾਵਾਸ ਲਾਲਕਾ ਸੀ, ਕਰਜ਼ਨ ਵਾਇਲੀ ਦੇ ਬਚਾਅ ਲਈ ਵਿਚਕਾਰ ਆ ਗਿਆ, ਢੀਂਗਰਾ ਨੇ ਉਸ 'ਤੇ ਵੀ ਫਾਇਰ ਕਰ ਦਿੱਤਾ ਤੇ ਉਹ ਵੀ ਜ਼ਮੀਨ 'ਤੇ ਡਿੱਗ ਪਿਆ ਤੇ ਮਰ ਗਿਆ। ਫਿਰ ਢੀਂਗਰਾ ਨੇ ਆਪਣੇ ਗੋਲੀ ਮਾਰਨ ਦਾ ਯਤਨ ਕੀਤਾ ਪਰ ਇਸ 'ਚ ਉਹ ਸਫਲ ਨਾ ਹੋਇਆ ਤੇ ਪੁਲਿਸ ਨੇ ਫੜ ਲਿਆ। ਢੀਂਗਰਾ ਪੁਲਿਸ ਨਾਲ ਕਾਫ਼ੀ ਹੱਥੋਪਾਈ ਹੋਇਆ ਤੇ ਹੱਥੋਪਾਈ ਹੁੰਦਿਆਂ ਉਹ ਜ਼ਮੀਨ ਤੇ ਡਿੱਗ ਪਿਆ ਤੇ ਉਸ ਦੀ ਪੱਸਲੀ ਤੇ ਬਹੁਤ ਸੱਟ ਲੱਗੀ ਤੇ ਉਸ ਦਾ ਪਿਸਤੌਲ ਵੀ ਪਰ੍ਹੇ ਡਿੱਗ ਪਿਆ, ਇਸ 'ਤੇ ਪੁਲਿਸ ਵਾਲਿਆਂ ਨੂੰ ਥੋੜ੍ਹਾ ਚੈਨ ਆਇਆ। ਢੀਂਗਰਾ ਦੀ ਐਨਕ ਵੀ ਦੂਰ ਡਿੱਗ ਪਈ ਤੇ ਢੀਂਗਰਾ ਨੇ ਬੜੇ ਆਰਾਮ ਨਾਲ ਪੁਲਿਸ ਨੂੰ ਕਿਹਾ ਕਿ, "ਮੇਰੀ ਐਨਕ ਮੈਨੂੰ ਦਿੱਤੀ ਜਾਵੇ।"

ਜਦੋਂ ਮੁਆਇਨਾ ਕਰਨ ਵਾਲੇ ਡਾਕਟਰ ਨੇ ਢੀਂਗਰਾ ਦੀ ਨਬਜ਼ ਤੇ ਬਲੱਡ ਪ੍ਰੈਸ਼ਰ ਚੈੱਕ ਕੀਤਾ ਤਾਂ ਉਹ ਬਿਲਕੁਲ ਨਾਰਮਲ ਸੀ। ਢੀਂਗਰਾ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਪੁਲਿਸ ਅਫਸਰ ਨੇ ਪੁੱਛਿਆ ਕਿ, "ਕੀ ਤੁਸੀਂ ਆਪਣੇ ਕਿਸੇ ਦੋਸਤ ਦਾ ਨਾਮ ਲਓਗੇ, ਤਾਂ ਜੋ ਅਸੀਂ ਉਸ ਨੂੰ ਵੀ ਗ੍ਰਿਫ਼ਤਾਰ ਕਰ ਸਕੀਏ?"

ਢੀਂਗਰਾ ਨੇ ਬੜੀ ਚਤੁਰਾਈ ਨਾਲ ਉੱਤਰ ਦਿੱਤਾ, "ਇਸ ਦੀ ਕੋਈ ਲੋੜ ਨਹੀਂ ਹੈ, ਸਭ ਨੂੰ ਮੇਰੀ ਗ੍ਰਿਫ਼ਤਾਰੀ ਦਾ ਕੱਲ੍ਹ ਨੂੰ ਆਉਣ ਵਾਲੀਆਂ ਅਖ਼ਬਾਰਾਂ ਤੋਂ ਪਤਾ ਲੱਗ ਜਾਵੇਗਾ।" ਪੁਲਿਸ ਨੇ ਬੜਾ ਯਤਨ ਕੀਤਾ ਕਿ ਉਹ ਆਪਣੇ ਕਿਸੇ ਦੋਸਤ ਦਾ ਨਾਮ ਦੱਸੇ ਜੋ ਉਸਦੇ ਨਾਲ ਸੀ ਪਰ ਢੀਂਗਰਾ ਨੇ ਕਿਸੇ ਦਾ ਨਾਮ ਨਹੀਂ ਲਿਆ। ਇਸ ਤੋਂ ਬਾਅਦ ਪੁਲਿਸ ਢੀਂਗਰਾ ਨੂੰ ਵਾਲਟਨ ਸਟਰੀਟ, ਪੁਲਿਸ ਸਟੇਸ਼ਨ ਲੈ ਆਈ।

ਪੁਲਿਸ ਨੇ ਢੀਂਗਰਾ ਤੇ ਬੜਾ ਤਸ਼ੱਦਦ ਕੀਤਾ ਪਰ ਉਸ ਨੇ ਕਿਸੇ ਦਾ ਨਾਮ ਨਹੀਂ ਲਿਆ। ਫਿਰ ਉਨ੍ਹਾਂ ਨੇ ਇਸ ਗੱਲ ਦੀ ਜਾਂਚ ਕੀਤੀ ਕਿ ਹੋ ਸਕਦਾ ਹੈ ਕਿ ਉਸਨੇ ਭੰਗ ਦੇ ਨਸ਼ੇ 'ਚ ਆ ਕੇ ਇਹ ਕਾਰਾ ਕੀਤਾ ਹੋਵੇ। ਜਿਸ ਮਕਾਨ 'ਚ ਉਹ ਰਹਿੰਦਾ ਸੀ ਉਸ ਮਕਾਨ ਦੀ ਮਾਲਕਣ ਤੋਂ ਪੁੱਛਿਆ ਕਿ, "ਕੀ ਉਹ ਕੋਈ ਨਸ਼ਾ ਵਗੈਰਾ ਕਰਦਾ ਸੀ?" ਪਰ ਉਸ ਨੇ ਕਿਹਾ ਕਿ ਨਹੀਂ। ਫਿਰ ਉਸ ਦੀ ਡਾਕਟਰੀ ਜਾਂਚ ਕਰਵਾਈ ਗਈ ਕਿ ਸ਼ਾਇਦ ਉਸਦਾ ਦਿਮਾਗੀ ਸੰਤੁਲਨ ਠੀਕ ਨਾ ਹੋਵੇ, ਜਿਸ ਕਰਕੇ ਉਸ ਨੇ ਇਹ ਕਤਲ ਕੀਤਾ ਹੈ ਪਰ ਡਾਕਟਰੀ ਰਿਪੋਰਟ 'ਚ ਉਸ ਦੀ ਜਾਂਚ ਆਈ ਕਿ ਉਸ ਦਾ ਦਿਮਾਗੀ ਸੰਤੁਲਨ ਬਿਲਕੁਲ ਠੀਕ ਹੈ।

ਸ੍ਰੀ ਮਦਨ ਲਾਲ ਢੀਂਗਰਾ ਤੇ 23 ਜੁਲਾਈ 1909 ਨੂੰ 'ਓਲਡ ਵਾਇਲੀ ਦੀ ਅਦਾਲਤ' 'ਚ ਮੁਕੱਦਮਾ ਚਲਾਇਆ ਗਿਆ। ਉਸਨੇ ਕੋਰਟ 'ਚ ਬਿਆਨ ਦਿੱਤਾ ਕਿ ਉਸ ਨੂੰ ਕਰਜ਼ਨ ਵਾਇਲੀ ਦੀ ਹੱਤਿਆ ਦਾ ਕੋਈ ਅਫਸੋਸ ਨਹੀਂ ਹੈ ਕਿਉਂਕਿ ਕਰਜ਼ਨ ਵਾਇਲੀ ਵੀ ਭਾਰਤ 'ਤੇ ਰਾਜ ਕਰ ਰਹੀ ਅੰਗਰੇਜ਼ ਸਰਕਾਰ ਦਾ ਹਿੱਸਾ ਹੈ ਤੇ ਇਸ ਨੇ ਵੀ ਭਾਰਤੀਆਂ 'ਤੇ ਕਰੂਰਤਾ ਕਰਨ ਲਈ ਅੰਗਰੇਜ਼ ਸਰਕਾਰ ਦੀ ਮਦਦ ਕੀਤੀ ਹੈ ਤੇ ਇਹ ਅੰਗਰੇਜ਼ ਸਰਕਾਰ ਦਾ ਇਕ ਹਿੱਸਾ ਹੈ ਤੇ ਭਾਰਤ ਦੀ ਆਜ਼ਾਦੀ 'ਚ ਇਕ ਰੋੜਾ ਹੈ। ਢੀਂਗਰਾ ਨੇ ਇਹ ਬਿਆਨ ਵੀ ਦਿੱਤਾ ਕਿ ਡਾਕਟਰ ਕਵਾਸ ਜੀ ਲਾਲਕਾਕਾ ਨੂੰ ਮਾਰਨ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ ਅਗਰ ਉਹ ਸਾਡੇ ਦਰਮਿਆਨ ਨਾ ਆਉਂਦਾ ਤਾਂ ਮੈਂ ਉਸ ਦੇ ਗੋਲੀ ਨਹੀਂ ਮਾਰਨੀ ਸੀ।

ਢੀਂਗਰਾ ਨੇ ਅਦਾਲਤ 'ਚ ਜੱਜ ਦੇ ਸਾਹਮਣੇ ਇਹ ਵੀ ਕਿਹਾ ਕਿ, "ਉਹ ਦਇਆ ਦੀ ਅਪੀਲ ਨਹੀਂ ਚਾਹੁੰਦਾ। ਉਸ ਨੇ ਇਹ ਵੀ ਕਿਹਾ ਕਿ ਜੇ ਜਰਮਨਾਂ ਨੂੰ ਇੰਗਲੈਂਡ ਤੇ ਰਾਜ ਕਰਨ ਦਾ ਕੋਈ ਅਧਿਕਾਰ ਨਹੀਂ ਹੈ ਤਾਂ ਇੰਗਲੈਂਡ ਵਾਲਿਆਂ ਨੂੰ ਵੀ ਭਾਰਤ 'ਤੇ ਰਾਜ ਕਰਨ ਦਾ ਕੋਈ ਅਧਿਕਾਰ ਨਹੀਂ ਹੈ।" ਮੁਕੱਦਮਾ ਚਲਦੇ ਸਮੇਂ ਅਦਾਲਤ 'ਚ ਕਿਸੇ ਵੀ ਭਾਰਤੀ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ।

ਢੀਂਗਰਾ ਨੇ ਅਦਾਲਤ 'ਚ ਇਹ ਵੀ ਕਿਹਾ ਕਿ, "ਇਹ ਹੋਰ ਵੀ ਮੇਰੇ ਕੇਸ 'ਚ ਉਚਿਤ ਤੇ ਨਿਆਂਪੂਰਵਕ ਹੋਵੇਗਾ ਕਿ ਇਕ ਦੇਸ਼ ਭਗਤ, ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਲੜ ਰਿਹਾ ਹੈ। ਮੈਂ ਅੰਗਰੇਜ਼ ਸਰਕਾਰ ਨੂੰ ਇਸ ਗੱਲ ਲਈ ਵੀ ਜ਼ਿੰਮੇਵਾਰ ਸਮਝਦਾ ਹਾਂ ਕਿ ਪਿਛਲੇ 50 ਸਾਲ 'ਚ, ਭਾਰਤ 'ਚ 80 ਮਿਲੀਅਨ ਲੋਕਾਂ

(ਬਾਕੀ ਅਗਲੇ ਸਫੇ ਤੇ)

# 'ਸੁਤੰਤਰਤਾ ਸੰਗਰਾਮ ਦਾ ਅਣਗੌਲਿਆ ਮਹਾਨ ਯੋਧਾ'

ਦੀ ਮੌਤ ਦੇ ਉਹ ਜ਼ਿੰਮੇਵਾਰ ਹਨ ਤੇ ਉਹ ਭਾਰਤ 'ਚੋਂ ਹਰ ਸਾਲ 10 ਕਰੋੜ ਪੌਂਡ ਸਰਮਾਇਆ ਲੁੱਟ ਕੇ ਆਪਣੇ ਦੇਸ਼ ਇੰਗਲੈਂਡ 'ਚ ਲਿਆ ਰਹੇ ਹਨ। ਮੈਂ ਇਸ ਗੱਲ ਲਈ ਵੀ ਇਹਨਾਂ ਨੂੰ ਜ਼ਿੰਮੇਵਾਰ ਸਮਝਦਾ ਹਾਂ ਕਿ ਸਾਡੇ ਦੇਸ਼ ਦੇ ਲੋਕਾਂ ਨੂੰ ਫਾਂਸੀ ਦੀਆਂ ਸਜ਼ਾਵਾਂ ਦੇ ਰਹੇ ਹਨ ਤੇ ਹਜ਼ਾਰਾਂ ਦੇਸ਼ ਭਗਤਾਂ ਨੂੰ ਦੇਸ਼ ਨਿਕਾਲਾ ਦੇ ਕੇ, ਦੇਸ਼ 'ਚੋਂ ਬਾਹਰ ਕੱਢ ਰਹੇ ਹਨ। ਇਸੇ ਹੀ ਤਰ੍ਹਾਂ ਉਹ ਇਸ ਦੇਸ਼ 'ਚ ਵੀ ਆਪਣੇ ਆਦਮੀਆਂ ਨੂੰ ਇਹੀ ਕਰਨ ਲਈ ਕਹਿ ਰਹੇ ਹਨ।''

ਢੀਂਗਰਾ ਨੇ ਅਦਾਲਤ 'ਚ ਇਹ ਵੀ ਕਿਹਾ ਕਿ, "ਅੰਗਰੇਜ਼ ਲੋਕਾਂ ਨੂੰ ਮਾਰਨਾ ਸਾਡੇ ਲਈ ਬਿਲਕੁਲ ਜਾਇਜ਼ ਹੈ ਕਿਉਂਕਿ ਉਹ ਸਾਡੀ ਪਵਿੱਤਰ ਧਰਤੀ ਨੂੰ ਗੰਦਾ ਕਰ ਰਹੇ ਹਨ। ਮੈਨੂੰ ਇਨ੍ਹਾਂ ਦੇ ਇਸ ਭਿਆਨਕ ਛੱਲ-ਕਪਟ ਤੇ ਬੜੀ ਹੈਰਾਨੀ ਹੁੰਦੀ ਹੈ। ਉਨ੍ਹਾਂ ਦਾ ਇਹ ਚਿਹਰਾ ਮਾਨਵਤਾ ਨੂੰ ਦਬਾ ਕੇ ਰੱਖਣ ਵਾਲਾ ਹੈ। ਭਾਰਤ 'ਚ ਹਰ ਸਾਲ ਦੋ ਮਿਲੀਅਨ ਲੋਕਾਂ ਦੀ ਹੱਤਿਆ ਹੁੰਦੀ ਹੈ ਤੇ ਔਰਤਾਂ ਦੀ ਪੱਤ ਲੁੱਟੀ ਜਾਂਦੀ ਹੈ। ਮੈਂ ਆਪਣੀ ਮਾਤ-ਭੂਮੀ ਨੂੰ ਅਜਿਹੇ ਲੋਕਾਂ ਤੋਂ ਮੁਕਤੀ ਦਿਵਾਉਣ ਲਈ ਹਮੇਸ਼ਾ ਤਿਆਰ ਹਾਂ। ਇਸ ਨਹੀਂ ਹੀ ਮੈਂ ਅਦਾਲਤ 'ਚ ਅਜਿਹੇ ਬਿਆਨ ਦਿੱਤੇ ਹਨ, ਨਾ ਕਿ ਦਇਆ ਦੀ ਭੀਖ ਮੰਗਣ ਲਈ ਬੇਨਤੀ ਕੀਤੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਅੰਗਰੇਜ਼ ਲੋਕ ਮੈਨੂੰ ਮੌਤ ਦੇ ਘਾਟ ਉਤਾਰ ਦੇਣ ਤਾਂ ਕਿ ਮੇਰੇ ਦੇਸ਼ ਦੇ ਲੋਕਾਂ ਦੀ ਤੁਹਾਡੇ ਤੋਂ ਬਦਲਾ ਲੈਣ ਦੀ ਹੋਰ ਤੀਬਰਤਾ ਵਧੇ। ਮੈਂ ਚਾਹੁੰਦਾ ਹਾਂ ਕਿ ਮੇਰੇ ਇਹ ਬਿਆਨ ਸਾਰੀ ਦੁਨੀਆਂ 'ਚ ਜਾਣ ਤਾਂ ਹੀ ਮੇਰੇ ਲਈ, ਇਹ ਮੇਰੇ ਕੀਤੇ ਗਏ ਕਾਰਜ ਲਈ ਸੱਚਾ ਇਨਸਾਫ ਹੋਵੇਗਾ ਤੇ ਖਾਸ ਤੌਰ 'ਤੇ ਮੇਰੇ ਇਹ ਬਿਆਨ ਤੁਹਾਡੇ ਦੁਸ਼ਮਣ ਦੇਸ਼ਾਂ 'ਚ ਜ਼ਰੂਰ ਜਾਣ। ਮੈਂ ਵਾਰ-ਵਾਰ ਅਦਾਲਤੀ ਅਧਿਕਾਰੀਆਂ ਨੂੰ ਇਹੀ ਕਹਿੰਦਾ ਹਾਂ ਕਿ ਜੋ ਵੀ ਵਿਵਹਾਰ ਤੁਸੀਂ ਮੇਰੇ ਨਾਲ ਕਰਨਾ ਚਾਹੁੰਦੇ ਹੋ, ਕਰ ਸਕਦੇ ਹੋ। ਉਹ ਅਜਿਹੇ ਵਿਵਹਾਰ ਤੋਂ ਡਰਦਾ ਨਹੀਂ ਹੈ। ਤੁਸੀਂ ਮੈਨੂੰ ਫਾਂਸੀ 'ਤੇ ਲਟਕਾ ਦਿਓ, ਮੈਨੂੰ ਇਸ ਦੀ ਕੋਈ ਚਿੰਤਾ ਨਹੀਂ। ਤੁਸੀਂ ਚਿੱਟੇ ਲੋਕ ਇਸ ਸਮੇਂ ਸ਼ਕਤੀਸ਼ਾਲੀ ਹੋ, ਪਰ ਯਾਦ ਰੱਖਣਾ ਹੁਣ ਸਾਡੀ ਵਾਰੀ ਆਉਣ ਵਾਲੀ ਹੈ, ਉਦੋਂ ਜੋ ਸਾਡੀ ਇੱਛਾ ਹੋਈ, ਅਸੀਂ ਤੁਹਾਡੇ ਨਾਲ ਉਹੀ ਕਰਾਂਗੇ।''

ਢੀਂਗਰਾ ਨੇ ਆਪਣੇ ਮੁਕੱਦਮੇ ਦੇ ਆਖਰੀ ਦਿਨਾਂ 'ਚ ਕਿਹਾ ਕਿ ਮੇਰੇ ਕੱਪੜੇ, ਕਿਤਾਬਾਂ ਤੇ ਮੇਰੀਆਂ ਹੋਰ ਚੀਜ਼ਾਂ ਨੂੰ ਵੇਚ ਕੇ ਪੈਸੇ ਨੈਸ਼ਨਲ ਫੰਡ 'ਚ ਜਮ੍ਹਾ ਕਰਵਾ ਦਿੱਤੇ ਜਾਣ ਪਰ ਲੰਡਨ ਦੀ ਮੈਟਰੋਪੋਲੀਟਨ ਪੁਲਿਸ ਨੇ ਅਜਿਹਾ ਨਹੀਂ ਕੀਤਾ। ਫਿਰ ਢੀਂਗਰਾ ਨੇ ਲਿਖ ਕੇ ਪੁਲਿਸ ਨੂੰ ਦਿੱਤਾ ਕਿ ਮੇਰੀਆਂ ਨਿੱਜੀ ਚੀਜ਼ਾਂ ਦਾ ਮਾਲਕ ਨਿਤਨਸੈਨ ਦਵਾਰਕਾ ਦਾਸ ਹੋਵੇਗਾ ਪਰ ਪੁਲਿਸ ਚੀਫ਼ ਇੰਸਪੈਕਟਰ ਨੇ ਢੀਂਗਰਾ ਦਾ ਸਾਰਾ ਸਮਾਨ ਦੋ ਟਰੰਕਾਂ 'ਚ ਪਾ ਲਿਆ ਤੇ ਉਸ ਨੂੰ ਕਿਤੇ ਰੱਖ ਦਿੱਤਾ। ਜਦੋਂ ਮੁਕੱਦਮਾ ਬੋਸਟਨ ਦੀ ਕਚਹਿਰੀ 'ਚ ਆਇਆ ਤਾਂ ਪੁਲਿਸ ਨੇ ਕਿਹਾ ਕਿ ਇਸ ਨੇ ਆਪਣੀ ਕੋਈ ਅਪੀਲ ਪੁਲਿਸ ਨੂੰ ਨਹੀਂ ਦਿੱਤੀ ਕਿ ਉਸ ਦਾ ਸਮਾਨ ਨਿਤਨਸੈਨ ਦਵਾਰਕਾ ਦਾਸ ਨੂੰ ਦਿੱਤਾ ਜਾਵੇ।

(ਹਵਾਲਾ ਲੰਡਨ ਟਾਈਮਜ਼ 01 ਜਨਵਰੀ, 1910)

ਜਦੋਂ ਢੀਂਗਰਾ ਨੇ ਕਰਜ਼ਨ ਵਾਇਲੀ ਦੀ ਗੋਲੀ ਮਾਰ ਕੇ ਹੱਤਿਆ ਕੀਤੀ ਤਾਂ ਉਸਦਾ ਭਰਾ ਭਜਨ ਲਾਲ ਲੰਡਨ 'ਚ ਵਕਾਲਤ ਕਰ ਰਿਹਾ ਸੀ ਤੇ ਉਹ 'ਗਰੇਅਜ਼ ਹੋਸਟਲ' 'ਚ ਰਹਿ ਰਿਹਾ ਸੀ। ਕਰਜ਼ਨ ਵਾਇਲੀ ਦੀ ਹੱਤਿਆ ਦੇ ਚਾਰ ਦਿਨ ਬਾਅਦ ਉਸ ਨੇ ਪਬਲਿਕ ਸਭਾ ਦੇ ਸਾਹਮਣੇ ਬਿਆਨ ਦਿੱਤਾ ਕਿ ਮਦਨ ਲਾਲ ਨੇ ਕਰਜ਼ਨ ਵਾਇਲੀ ਦੀ ਹੱਤਿਆ ਕਰਕੇ ਕੋਈ ਚੰਗਾ ਕੰਮ ਨਹੀਂ ਕੀਤਾ। ਇਸ ਤਰ੍ਹਾਂ ਆਪਣੇ ਭਰਾ ਦੇ ਖ਼ਿਲਾਫ਼ ਬਿਆਨ ਦੇਣ ਤੋਂ ਬਾਅਦ ਜਦੋਂ ਭਜਨ ਲਾਲ ਬਰਿਕਸਨ ਜੇਲ੍ਹ 'ਚ ਮਦਨ ਲਾਲ ਨੂੰ ਮਿਲਣ ਗਿਆ ਤਾਂ ਮਦਨ ਲਾਲ ਨੇ ਉਸ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਮਦਨ ਲਾਲ ਦੇ ਭਰਾਵਾਂ ਸਮੇਤ, ਸਾਰੇ ਪਰਿਵਾਰ ਨੇ ਆਪਣੇ ਨਾਮ ਨਾਲ ਉਪ ਨਾਮ ਢੀਂਗਰਾ ਲਿਖਣਾ ਬੰਦ ਕਰ ਦਿੱਤਾ। ਇੱਥੋਂ ਤੱਕ ਬਹੁਤ ਸਾਰੇ ਅਜਿਹੇ ਲੋਕ ਸਨ, ਜੋ ਆਪਣੇ ਨਾਮ ਨਾਲ ਢੀਂਗਰਾ ਸ਼ਬਦ ਲਿਖਦੇ ਸਨ, ਲਿਖਣਾ ਬੰਦ ਕਰ ਦਿੱਤਾ ਤਾਂ ਕਿ ਪੁਲਿਸ ਉਹਨਾਂ ਨੂੰ ਤੰਗ ਨਾ ਕਰੇ ਕਿ ਕਿਤੇ ਇਹ ਮਦਨ ਲਾਲ ਢੀਂਗਰਾ ਦੇ ਰਿਸ਼ਤੇਦਾਰ ਤਾਂ ਨਹੀਂ ਹਨ। ਇੱਥੋਂ ਤੱਕ ਲੋਕਾਂ 'ਚ ਸੁਆਰਥ ਆ ਗਿਆ ਸੀ। ਜਦੋਂ ਸਾਵਰਕਰ ਢੀਂਗਰਾ ਨੂੰ ਜੇਲ੍ਹ 'ਚ ਮਿਲਣ ਗਿਆ ਤਾਂ ਉਸ ਨੇ ਕਿਹਾ ਕਿ, ''ਮੈਂ ਤੁਹਾਡੇ ਦਰਸ਼ਨ ਕਰਨ ਲਈ ਆਇਆ ਹਾਂ।'' ਦੋਵੇਂ ਇਕ ਦੂਸਰੇ ਨੂੰ ਬੜੇ ਜਜ਼ਬੇ ਨਾਲ ਮਿਲੇ।

ਲੰਡਨ ਦੀ ਪੈਂਟੋਵਿਲਾ ਜੇਲ੍ਹ 'ਚ ਡੇਢ ਮਹੀਨੇ ਦੇ ਕਰੀਬ ਮਦਨ ਲਾਲ ਢੀਂਗਰਾ 'ਤੇ ਕੇਸ ਚੱਲਿਆ ਤੇ ਉਸ ਨੂੰ 17 ਅਗਸਤ, 1909 ਨੂੰ ਫਾਂਸੀ ਦੇ ਦਿੱਤੀ। ਉਸ ਸਮੇਂ ਉਹਨਾਂ ਦੀ ਉਮਰ 26 ਸਾਲ ਦੀ ਸੀ। ਜਦੋਂ ਉਨ੍ਹਾਂ ਨੂੰ ਮੁਕੱਦਮੇ ਦੇ ਆਖਰੀ ਦਿਨ ਫਾਂਸੀ ਦੀ ਸਜ਼ਾ ਸੁਣਾਈ ਗਈ ਤਾਂ ਉਸ ਨੇ ਕੋਰਟ 'ਚ ਅੰਤਿਮ ਬਿਆਨ ਜੋ ਦਿੱਤੇ, ਉਹ ਇਸ ਤਰ੍ਹਾਂ ਸਨ ਕਿ "ਉਸ ਨੂੰ ਆਪਣੇ ਦੇਸ਼ 'ਤੇ ਬੜਾ ਮਾਣ ਹੈ ਕਿ ਉਹ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੀ ਜਾਨ ਦੀ ਬਾਜ਼ੀ ਲਾ ਰਿਹਾ ਹੈ। ਪ੍ਰੰਤੂ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਉਹ ਦਿਨ ਦੂਰ ਨਹੀਂ ਹੈ, ਜਿਸ ਦਿਨ ਸਾਡਾ ਦੇਸ਼ ਆਜ਼ਾਦ ਹੋ ਜਾਏਗਾ। ਮੇਰਾ ਭਾਰਤ ਵਾਸੀਆਂ ਨੂੰ ਇਹੀ ਸੰਦੇਸ਼ ਹੈ ਕਿ ਉਨ੍ਹਾਂ ਨੇ ਆਪਣੇ ਦੇਸ਼ ਲਈ ਕਿਵੇਂ ਮਰਨਾ ਹੈ ਤੇ ਉਸ ਲਈ ਇਹੀ ਰਸਤਾ ਹੈ ਕਿ ਉਹ ਆਪਣੇ ਆਪ ਨੂੰ, ਦੇਸ਼ ਤੋਂ ਕੁਰਬਾਨ ਕਰ ਦੇਣ, ਮੇਰੀ ਪ੍ਰਮਾਤਮਾ ਅੱਗੇ ਇਹੀ ਅਰਦਾਸ ਹੈ ਕਿ ਮੈਂ ਦੁਬਾਰਾ ਆਪਣੀ ਉਸੇ ਮਾਂ ਤੋਂ, ਫਿਰ ਜਨਮ ਲਵਾਂ ਤੇ ਇਸੇ ਤਰ੍ਹਾਂ ਹੀ ਦੁਬਾਰਾ ਆਪਣੇ ਆਪ ਨੂੰ ਦੇਸ਼ ਤੋਂ ਕੁਰਬਾਨ ਕਰ ਦਿਆਂ ਤੇ ਇਸ ਤਰ੍ਹਾਂ ਉਦੋਂ ਤੱਕ ਕਰਦਾ ਰਹਾਂ ਜਦੋਂ ਤੱਕ ਮੈਨੂੰ ਇਸ 'ਚ ਸਫਲਤਾ ਪ੍ਰਾਪਤ ਨਾ ਹੋ ਜਾਵੇ।'' ਚੀਫ਼ ਜਸਟਿਸ ਨੂੰ ਆਖਰੀ ਸ਼ਬਦ, "ਸ਼ੁਕਰੀਆ ਮਾਈਲਾਰਡ! ਬੰਦੇ ਮਾਤਰੰਮ!!''

ਸ਼ਹੀਦ ਮਦਨ ਲਾਲ ਢੀਂਗਰਾ ਜੀ ਦੇ ਸ਼ਹੀਦੀ ਪ੍ਰਾਪਤ ਕਰ ਜਾਣ ਬਾਅਦ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ ਉਹਨਾਂ ਦੇ ਘਰ ਦਿਆਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਕਈ ਹਿੰਦੂ ਤੇ ਗੈਰ ਹਿੰਦੂ ਜਥੇਬੰਦੀਆਂ ਨੇ ਉਹਨਾਂ ਦੇ ਮ੍ਰਿਤਕ ਸਰੀਰ ਨੂੰ ਲੈਣ ਲਈ ਤੇ ਅੰਤਿਮ ਸੰਸਕਾਰ ਕਰਨ ਲਈ ਸਰਕਾਰ ਨੂੰ ਬੇਨਤੀ ਕੀਤੀ ਪਰ ਸਰਕਾਰ ਨੇ ਇਨਕਾਰ ਕਰ ਦਿੱਤਾ। ਵੀਰ ਸਾਵਰਕਰ ਨੇ ਵੀ ਉਹਨਾਂ ਦੀ ਦੇਹ ਦਾ ਸਤਿਕਾਰ ਸਹਿਤ ਹਿੰਦੂ ਰੀਤੀ ਅਨੁਸਾਰ ਸੰਸਕਾਰ ਕਰਨ ਲਈ ਸਰਕਾਰ ਤੱਕ ਪਹੁੰਚ ਕੀਤੀ ਪਰ ਉਨ੍ਹਾਂ ਨੂੰ ਵੀ ਸਰਕਾਰ ਨੇ ਇਨਕਾਰ ਕਰ ਦਿੱਤਾ। ਅਖੀਰ 'ਚ ਸਰਕਾਰ ਨੇ ਉਹਨਾਂ ਦਾ ਅੰਤਿਮ ਸੰਸਕਾਰ ਜੇਲ੍ਹ ਦੇ ਆਂਗਨ 'ਚ ਹੀ ਕਰ ਦਿੱਤਾ ਤੇ ਉਹਨਾਂ ਦੀਆਂ ਅਸਥੀਆਂ ਤੇ ਰਾਖ ਇਕ ਸੰਦੂਕ ਨੁਮਾ ਬਕਸੇ 'ਚ ਪਾ ਕੇ ਕਿਸੇ ਜਗ੍ਹਾ 'ਤੇ ਰੱਖ ਦਿੱਤੀ ਤੇ ਉਸ ਸੰਦੂਕ ਨੁਮਾ ਡੱਬੇ ਤੇ ਉਹਨਾਂ ਦਾ ਨਾਮ ਲਿਖ ਦਿੱਤਾ।

ਇਹ ਸੰਯੋਗ ਦੀ ਹੀ ਗੱਲ ਹੈ ਕਿ ਭਾਰਤ ਸਰਕਾਰ ਜਦੋਂ ਸ਼ਹੀਦ ਊਧਮ ਸਿੰਘ ਜੀ ਦੀਆਂ ਅਸਥੀਆਂ ਦੀ ਬ੍ਰਿਟਿਸ਼ ਸਰਕਾਰ ਤੋਂ ਮੰਗ ਕਰ ਰਹੀ ਸੀ ਤਾਂ ਉਸ ਸਮੇਂ ਉਹਨਾਂ ਦੀਆਂ ਅਸਥੀਆਂ ਦੀ ਭਾਲ ਸਰਕਾਰ ਕਰ ਰਹੀ ਸੀ ਤਾਂ ਉਸ ਸਮੇਂ ਮਦਨ ਲਾਲ ਢੀਂਗਰਾ ਜੀ ਦੀਆਂ ਅਸਥੀਆਂ ਮਿਲ ਗਈਆਂ ਤੇ ਉਹ, ਉਸ ਸਮੇਂ ਦੇ ਬਰਤਾਨੀਆ 'ਚ ਭਾਰਤੀ ਸਫ਼ੀਰ ਸ੍ਰੀ ਨਟਵਰ ਸਿੰਘ ਜੀ ਦੇ ਮਿਤੀ 13 ਦਸੰਬਰ, 1976 ਨੂੰ ਹਵਾਲੇ ਕਰ ਦਿੱਤੀਆਂ ਤੇ ਸਰਕਾਰ ਨੇ ਸਰਕਾਰੀ ਸਨਮਾਨਾਂ ਨਾਲ ਭਾਰਤ ਦੇ ਮਹਾਨ ਸਪੂਤ ਦਾ ਅੰਮ੍ਰਿਤਸਰ ਵਿਖੇ ਹਿੰਦੂ ਰੀਤੀ ਰਿਵਾਜ਼ ਅਨੁਸਾਰ ਸੰਸਕਾਰ ਕਰ ਦਿੱਤਾ।

ਇਹ ਵੀ ਇਕ ਸੰਯੋਗ ਦੀ ਗੱਲ ਹੈ ਕਿ ਸ਼ਹੀਦ ਊਧਮ ਸਿੰਘ ਜੀ ਵੀ, ਜਿੱਥੇ ਮਦਨ ਲਾਲ ਢੀਂਗਰਾ ਜੀ ਜੇਲ੍ਹ 'ਚ ਕੈਦ ਰਹੇ, ਉਸੇ ਪੈਂਟੋਵਿਲੇ ਦੀ ਜੇਲ੍ਹ 'ਚ ਕੈਦ ਰਹੇ ਤੇ ਫਾਂਸੀ ਉਪਰੰਤ ਉਹਨਾਂ ਦਾ ਵੀ ਸੰਸਕਾਰ, ਮਦਨ ਲਾਲ ਢੀਂਗਰਾ ਦੀ ਸੰਸਕਾਰ ਵਾਲੀ ਜਗ੍ਹਾ ਦੇ ਨਾਲ ਦੀ ਜਗ੍ਹਾ 'ਤੇ ਹੀ ਕਰ ਦਿੱਤਾ। ਸ਼ਹੀਦ ਊਧਮ ਸਿੰਘ, ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਜ਼ਾਦ ਤੇ ਹੋਰ ਅਨੇਕਾਂ ਸ਼ਹੀਦ, ਕ੍ਰਾਂਤੀਕਾਰੀ ਮਹਾਨ ਸ਼ਹੀਦ ਸ੍ਰੀ ਮਦਨ ਲਾਲ ਢੀਂਗਰਾ ਨੂੰ ਆਪਣਾ ਆਦਰਸ਼ ਮੰਨਦੇ ਸਨ।

5 ਜੁਲਾਈ, 1909 ਨੂੰ ਮਦਨ ਲਾਲ ਢੀਂਗਰਾ ਦੁਆਰਾ ਕਰਜ਼ਨ ਵਾਇਲੀ ਦੀ ਕੀਤੀ ਗਈ ਹੱਤਿਆ ਦੀ ਨਿਖੇਧੀ ਕਰਨ ਨਹੀਂ 'ਕਾਕਸਟਨ ਹਾਲ' ਲੰਡਨ 'ਚ ਇਕ ਸਭਾ ਬੁਲਾਈ ਗਈ। ਜਿਸ ਦੀ ਪ੍ਰਧਾਨਗੀ ਆਗਾ ਖਾਨ ਨੇ ਕੀਤੀ। ਇਸ ਕਤਲ ਦੀ ਨਿਖੇਧੀ ਦਾ ਪ੍ਰਸਤਾਵ ਭਵਨਾਗਰੀ ਨੇ ਪੇਸ਼ ਕੀਤਾ ਤੇ ਇਸ ਦੀ ਤਾਈਦ ਅਮੀਰ ਅਲੀ ਨੇ ਕੀਤੀ। ਆਗਾ ਖਾਨ ਨੇ ਇਸ ਪ੍ਰਸਤਾਵ 'ਤੇ ਵੋਟਿੰਗ ਕਰਵਾਈ। ਕਾਫ਼ੀ ਲੋਕਾਂ ਨੇ ਕਤਲ ਦੀ ਨਿਖੇਧੀ ਦੇ ਹੱਕ 'ਚ ਹੱਥ ਖੜ੍ਹੇ ਕੀਤੇ, ਆਗਾ ਖਾਨ ਨੂੰ ਲੱਗਿਆ ਕਿ ਸ਼ਾਇਦ ਸਭ ਲੋਕਾਂ ਨੇ ਨਿੰਦਾ ਦੇ ਹੱਕ 'ਚ ਹੱਥ ਖੜ੍ਹੇ ਕੀਤੇ ਹਨ ਤੇ ਉਹਨਾਂ ਨੇ ਲੋਕਾਂ ਦੇ ਹੱਥ ਦੇਖ ਕੇ ਆਖ ਦਿੱਤਾ ਕਿ ਮਤਾ ਸਰਬ-ਸੰਮਤੀ ਨਾਲ ਪਾਸ ਹੋ ਗਿਆ ਹੈ ਪਰ ਵੀਰ ਸਾਵਰਕਰ ਨੇ ਕਿਹਾ ਕਿ, "ਨਹੀਂ ਇਹ ਸਰਬ-ਸੰਮਤੀ ਨਾਲ ਪਾਸ ਨਹੀਂ ਹੋਇਆ, ਮੈਂ ਇਸ ਮਤੇ ਦਾ ਵਿਰੋਧ ਕਰਦਾ ਹਾਂ ਤੇ ਮੇਰਾ ਨਾਮ ਇਸ ਦੀ ਵਿਰੋਧਤਾ 'ਚ ਲਿਖ ਲਿਆ ਜਾਵੇ, ਮੈਂ ਇਸ ਮਤੇ ਦਾ ਖੁੱਲ੍ਹਮ-ਖੁੱਲ੍ਹਾ ਵਿਰੋਧ ਕਰਦਾ ਹਾਂ।''

ਹਾਲ 'ਚ ਬਹੁਤ ਰੌਲਾ-ਰੱਪਾ ਪੈ ਗਿਆ। ਭਵਨਾਗਰੀ ਗੁੱਸੇ 'ਚ ਆ ਗਿਆ ਤੇ ਉਸ ਨੇ ਚਾਹਿਆ ਕੇ ਵੀਰ ਸਾਵਰਕਰ ਨੂੰ ਫੜ ਕੇ ਧੱਕੇ ਮਾਰ ਕੇ ਹਾਲ 'ਚੋਂ ਬਾਹਰ ਕੱਢ ਦਿੱਤਾ ਜਾਵੇ। ਆਗਾ ਖਾਨ ਨੇ ਭਵਨਾਗਰੀ ਨੂੰ ਝਾੜ ਪਾਈ ਕਿ ''ਤੂੰ ਗੁੱਸੇ 'ਚ ਕਿਉਂ ਬੋਲਦਾ ਹੈ।'' ਇਸ ਸਭਾ 'ਚ ਇਕ ਪਾਮਰ ਨਾਮ ਦਾ ਯੂਰੇਸ਼ੀਅਨ ਵੀ ਬੈਠਾ ਸੀ, ਉਸ ਨੇ ਸਾਵਰਕਰ ਦੀਆਂ ਅੱਖਾਂ ਦੇ ਨਜ਼ਦੀਕ ਇਕ ਮੁੱਕਾ ਜੜ੍ਹ ਦਿੱਤਾ। ਸਾਵਰਕਰ ਦੇ ਖ਼ੂਨ ਵੱਗਣ ਲੱਗ ਪਿਆ। ਸਾਵਰਕਰ ਨੇ ਫਿਰ ਕਿਹਾ, "ਮੈਂ ਹੁਣ ਵੀ ਇਸ ਮਤੇ ਦਾ ਵਿਰੋਧ ਕਰਦਾ ਹਾਂ।'' ਐਮ. ਪੀ. ਟੀ. ਅਚਾਰੀਆ ਜੋ ਕਿ ਸਾਵਰਕਰ ਦਾ ਮਿੱਤਰ ਸੀ ਨੇ ਪਾਮਰ 'ਤੇ ਇਕ ਡੰਡੇ ਨਾਲ ਹਮਲਾ ਕਰ ਦਿੱਤਾ ਤੇ ਉਸ ਦੇ ਕਈ ਹੋਰ ਡੰਡੇ ਵੀ ਮਾਰੇ। ਸੁਰਿੰਦਰ ਨਾਥ ਬੈਨਰਜੀ ਨੂੰ ਵੀ ਪਾਮਰ 'ਤੇ ਗੁੱਸਾ ਆ ਗਿਆ ਤੇ ਉਸ ਨੇ ਕਿਹਾ ਕਿ, ''ਸਾਵਰਕਰ ਨੂੰ ਆਪਣੀ ਗੱਲ ਕਹਿਣ ਦਾ ਪੂਰਾ ਅਧਿਕਾਰ ਹੈ, ਉਸ 'ਤੇ ਹਮਲਾ ਕਰਨ ਦੀ ਮੈਂ ਸਖ਼ਤ ਸ਼ਬਦਾਂ 'ਚ ਨਿੰਦਾ ਕਰਦਾ ਹਾਂ।'' ਬੈਨਰਜੀ, ਸਾਵਰਕਰ 'ਤੇ ਹੋਏ ਹਮਲੇ ਦੀ ਨਿੰਦਾ ਕਰਦੇ ਹੋਏ ਹਾਲ 'ਚੋਂ ਬਾਹਰ ਨਿਕਲ ਗਏ। ਹਾਲ 'ਚ ਮੌਜੂਦ ਔਰਤਾਂ ਡਰ ਗਈਆਂ। ਇਤਨੇ 'ਚ ਪੁਲਿਸ ਆ ਗਈ ਤੇ ਇਸ ਗੜਬੜ ਕਾਰਨ, ਬੁਲਾਈ ਗਈ ਸਭਾ ਖਤਮ ਹੋ ਗਈ।

ਇਸ ਤੋਂ ਪਿੱਛੋਂ ਸਾਵਰਕਰ ਨੇ 'ਟਾਈਮਜ਼' ਲੰਡਨ ਅਖ਼ਬਾਰ ਨੂੰ ਇਕ ਪੱਤਰ ਲਿਖਿਆ ਤੇ ਕਿਹਾ ਕਿ ਇਹ ਵਿਸ਼ਾ ਲੋਕਾਂ 'ਚ ਵਿਚਾਰਨ ਵਾਲਾ ਹੈ, ਕਿਸੇ 'ਤੇ ਦੋਸ਼ ਲਾਉਣ 'ਤੇ ਉਸ ਨੂੰ ਦੋਸ਼ੀ ਕਹਿਣਾ ਇਹ ਇਕ ਅਦਾਲਤ ਦਾ ਵਿਸ਼ਾ ਹੈ। ਸਾਵਰਕਰ ਦਾ ਇਹ ਪੱਤਰ 'ਟਾਈਮਜ਼' ਅਖ਼ਬਾਰ ਲੰਡਨ 'ਚ ਮਿਤੀ 6 ਜੁਲਾਈ, 1909 ਨੂੰ ਛਪਿਆ।

ਮਹਾਤਮਾ ਗਾਂਧੀ ਤੇ ਆਗਾ ਖਾਂ ਵਰਗੇ ਨੇਤਾਵਾਂ ਨੇ ਢੀਂਗਰਾ ਦੇ ਕਾਰਨਾਮੇ ਦੀ ਵਿਰੋਧਤਾ ਕੀਤੀ। ਉਹਨਾਂ ਨੇ ਕਰਜ਼ਨ ਵਾਇਲੀ ਦੀ ਹੱਤਿਆ ਦੀ ਨਿੰਦਿਆ ਕਰਦਿਆਂ ਕਿਹਾ ਕਿ, ''ਕੀ ਸਾਰੇ ਅੰਗਰੇਜ਼ ਲੋਕ ਮਾੜੇ ਹਨ? ਕੀ ਜਿਸ ਦੀ ਚਮੜੀ ਭਾਰਤੀ ਹੈ ਉਹ ਚੰਗਾ ਹੈ? ਜੇਕਰ ਇਹ, ਇਸ ਤਰ੍ਹਾਂ ਹੈ ਤਾਂ ਸਾਨੂੰ ਵਿਰੋਧ ਕਰਨਾ ਛੱਡ ਦੇਣਾ ਚਾਹੀਦਾ ਹੈ। ਭਾਰਤ ਕਤਲੋਗਾਰਤ ਦੀ ਨੀਤੀ ਤੋਂ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ, ਇਹ ਕੋਈ ਫਰਕ ਨਹੀਂ ਪੈਂਦਾ ਕਿ ਗੋਰੇ ਹਨ ਜਾਂ ਕਾਲੇ। ਇਸ ਤਰ੍ਹਾਂ ਦੇ ਰਾਜ ਅਧੀਨ ਭਾਰਤ ਦੀ ਬਰਬਾਦੀ ਹੋਵੇਗੀ ਤੇ ਉਸ ਦਾ ਸਭ ਕੁਝ ਬਰਬਾਦ ਹੋ ਜਾਏਗਾ।''

ਮਦਨ ਲਾਲ ਢੀਂਗਰਾ ਨੂੰ ਫਾਂਸੀ ਤੋਂ ਬਾਅਦ 'ਦੀ ਟਾਈਮਜ਼ ਲੰਡਨ' ਆਪਣੇ ਮਿਤੀ 24 ਅਗਸਤ, 1909 ਦੇ ਐਡੀਟੋਰੀਅਲ ਦੇ ਸਿਰਲੇਖ 'ਢੀਂਗਰਾ ਦੇ ਦੋਸ਼' 'ਚ ਲਿਖਦਾ ਹੈ ਕਿ, The nonchalance displayed by the assassin was of a charoctor which is happily unusual in such trails in this country. He asked no questions. He maintained a defiance of studied indifference. He walked smiling from the Dock."

ਗਾਈਲਾਰਡ ਜਿਹੜਾ ਕਿ 'ਦੀ ਇੰਡੀਅਨ ਸੋਸ਼ਲਿਸਟ' ਦਾ ਸੰਪਾਦਕ ਸੀ, ਨੂੰ ਬਾਰਾਂ ਮਹੀਨੇ ਬਾਮੁਸ਼ੱਕਤ ਜੇਲ੍ਹ ਹੋਈ, ਅਗਸਤ ਮਹੀਨੇ ਦੇ ਆਪਣੇ ਅੰਕ 'ਚ ਉਨ੍ਹਾਂ ਨੇ ਸ੍ਰੀ ਮਦਨ ਲਾਲ ਢੀਂਗਰਾ ਜੀ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਲਿਖਿਆ ਹੈ ਕਿ, ''ਸ੍ਰੀ ਢੀਂਗਰਾ ਦੇ ਕਾਰਨਾਮੇ ਨੇ ਆਇਰਿਸ਼ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਕਿਉਂਕਿ ਉਹ ਖੁਦ ਉਹਨਾਂ ਦਿਨਾਂ 'ਚ ਆਪਣੀ ਆਜ਼ਾਦੀ ਦੀ ਲੜਾਈ ਲਈ ਸੰਘਰਸ਼ ਕਰ ਰਹੇ ਸਨ।''

ਅੱਜ ਦੇ ਆਧੁਨਿਕ ਇਤਿਹਾਸਕਾਰਾਂ ਨੇ ਕਿਹਾ ਕਿ ਅਦਾਲਤੀ ਫੈਸਲਾ ਬੜੇ ਭੱਦੇ ਢੰਗ ਨਾਲ, ਨਾਜਾਇਜ਼ ਢੰਗ ਨਾਲ ਤੇ ਇਕ ਪਾਸੜ ਢੰਗ ਨਾਲ ਸੁਣਾਇਆ ਗਿਆ ਹੈ। ਢੀਂਗਰਾ ਨੂੰ ਬਚਾਉਣ ਦਾ ਕੋਈ ਮੌਕਾ ਨਹੀਂ ਦਿੱਤਾ ਗਿਆ ਤੇ ਨਾ ਹੀ ਉਸ ਨੂੰ ਕੋਈ ਵਕੀਲ ਦੀ ਸਹੂਲਤ ਦਿੱਤੀ ਗਈ (ਭਾਵੇਂ ਕਿ ਢੀਂਗਰਾ ਨੇ ਇਹ ਖੁਦ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਉਸ ਨੂੰ ਕੋਈ ਵਕੀਲ ਆਪਣਾ ਕੇਸ ਲੜਨ ਨਹੀਂ ਨਹੀਂ ਚਾਹੀਦਾ, ਕੋਈ ਵੀ ਬ੍ਰਿਟਿਸ਼ ਅਦਾਲਤ ਇਹਨਾਂ ਹਾਲਾਤਾਂ 'ਚ ਕਿਸੇ ਮੁਕੱਦਮੇ ਦਾ ਫੈਸਲਾ ਨਹੀਂ ਸੁਣਾ ਸਕਦੀ) ਅਤੇ ਇਸ ਮੁਕੱਦਮੇ ਦੀ ਸਾਰੀ ਕਾਰਵਾਈ ਇਕੋ ਹੀ ਦਿਨ 'ਚ ਸਮੇਟ ਦਿੱਤੀ ਗਈ। ਕੁਝ ਕਾਨੂੰਨੀ ਮਾਹਿਰਾਂ ਦੀ ਰਾਏ ਅਨੁਸਾਰ ਉਹਨਾਂ ਨੂੰ ਕਿਹਾ ਕਿ, ''ਇਹ ਕੋਰਟ ਦਾ ਕੰਮ ਸੀ ਕਿ ਇਸ ਮੁਕੱਦਮੇ ਦੇ ਫੈਸਲੇ ਲਈ ਕੋਈ ਸਮਾਂ ਸੀਮਾ ਤੇ ਸਥਾਨ ਨਿਸ਼ਚਿਤ ਕਰਦੀ।

ਸ਼ਹੀਦ ਸ੍ਰੀ ਮਦਨ ਲਾਲ ਢੀਂਗਰਾ ਹੀ ਸ਼ਾਇਦ ਪਹਿਲਾ ਅਜਿਹਾ ਮਹਾਨ ਸ਼ਹੀਦ ਹੈ ਜਿਸ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਬਰਤਾਨੀਆ ਦੀ ਧਰਤੀ 'ਤੇ ਸ਼ਹੀਦੀ ਜਾਮ ਪੀਤਾ ਤੇ ਦੁਨੀਆਂ ਨੂੰ ਦੱਸ ਦਿੱਤਾ ਕਿ ਭਾਰਤੀ ਨੌਜਵਾਨ ਦੇਸ਼ ਆਜ਼ਾਦ ਕਰਾਉਣ ਲਈ, ਮੌਤ ਦੀ ਪਰਵਾਹ ਨਹੀਂ ਕਰਦੇ ਤੇ ਆਪਣੇ ਦੁਸ਼ਮਣ ਨੂੰ ਉਸ ਦੇ ਘਰ ਜਾ ਕੇ ਵੀ ਸਬਕ ਸਿਖਾ ਸਕਦੇ ਹਨ। ਅਜਿਹੇ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਨੇ ਹੀ ਅੱਜ ਸਾਨੂੰ ਆਜ਼ਾਦ ਫਿਜ਼ਾ 'ਚ ਸਾਹ ਲੈਣ ਯੋਗ ਬਣਾਇਆ ਹੈ। ਪਰ ਇਹ ਗੱਲ ਬੜੇ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਸ਼ਹੀਦ ਸ੍ਰੀ ਮਦਨ ਲਾਲ ਢੀਂਗਰਾ ਜੀ ਦੀ ਸ਼ਹੀਦੀ ਦਾ ਸਰਕਾਰਾਂ ਨੇ ਬਣਦਾ ਮਾਣ ਸਤਿਕਾਰ, ਉਨਾ ਨਹੀਂ ਕੀਤਾ, ਜਿੰਨਾ ਕਈ ਦੂਸਰੇ ਪੰਜਾਬ ਦੇ ਮਹਾਨ ਸਿੱਖ ਸ਼ਹੀਦਾਂ ਦਾ ਕੀਤਾ ਗਿਆ ਹੈ। ਉਹਨਾਂ ਨੂੰ ਅਣਗੌਲਿਆਂ ਹੀ ਰੱਖਿਆ ਗਿਆ ਹੈ, ਜਦੋਂ ਕਿ ਵਿਦੇਸ਼ੀ ਧਰਤੀ 'ਤੇ ਸ਼ਹੀਦ ਹੋਣ ਵਾਲੇ ਉਹ ਪਹਿਲੇ ਮਹਾਨ ਭਾਰਤੀ ਸਪੂਤ ਹਨ ਤੇ ਉਹਨਾਂ ਦਾ ਮਾਣ ਸਤਿਕਾਰ ਉੱਚ-ਪੱਧਰ 'ਤੇ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਇਸ ਮਾਣ ਸਤਿਕਾਰ ਨਾਲ ਹੀ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਦੇਸ਼ ਪਿਆਰ ਦੇ ਰਾਹ 'ਤੇ ਤੋਰ ਸਕਦੇ ਹਾਂ। ਲਾਲਾ ਹਰਦਿਆਲ ਜੀ ਨੇ 10 ਸਤੰਬਰ, 1909 ਨੂੰ ਆਪਣੇ ਇਕ ਲੇਖ 'ਬੰਦੇ ਮਾਤਰੰਮ' 'ਚ ਸ਼ਹੀਦ ਸ੍ਰੀ ਮਦਨ ਲਾਲ ਢੀਂਗਰਾ ਨੂੰ ਸ਼ਰਧਾਂਜਲੀ ਦਿੰਦਿਆਂ ਲਿਖਿਆ ਸੀ ਕਿ, ''ਮਦਨ ਲਾਲ ਢੀਂਗਰਾ ਸ਼ਹੀਦੀ ਪ੍ਰਾਪਤ ਕਰਕੇ ਹਮੇਸ਼ਾ ਲਈ ਅਮਰ ਹੋ ਗਿਆ ਹੈ। ਉਸ ਨੇ ਮੁਕੱਦਮੇ ਦੇ ਹਰ ਪੜਾਅ 'ਤੇ ਅਡੋਲ ਰਹਿ ਕੇ ਇਕ ਮਹਾਨ ਨਾਇਕ ਦਾ ਰੋਲ ਅਦਾ ਕੀਤਾ ਹੈ, ਜਿਸ ਦੀ ਭਾਰਤ ਦੇ ਇਤਿਹਾਸ ਦੇ ਪੰਨਿਆਂ 'ਤੇ ਅਜਿਹੀ ਮਿਸਾਲ ਨਹੀਂ ਮਿਲਦੀ। ਇੰਗਲੈਂਡ ਸੋਚਦਾ ਹੈ ਕਿ ਉਹਨਾਂ ਨੇ ਢੀਂਗਰਾ ਨੂੰ ਸਦਾ ਲਈ ਖਤਮ ਕਰ ਦਿੱਤਾ ਹੈ ਪਰ ਅਸਲੀਅਤ 'ਚ ਉਹ ਹਮੇਸ਼ਾ ਲਈ ਅਮਰ ਹੋ ਗਿਆ ਤੇ ਉਹ ਭਾਰਤ 'ਚ ਅੰਗਰੇਜ਼ ਸਰਕਾਰ ਦੀ ਪ੍ਰਭੂਸੱਤਾ ਦੀ ਮੌਤ ਦਾ ਕਾਰਨ ਬਣਿਆ ਹੈ।'' ਮੈਂ ਭਾਰਤ ਦੇ ਇਸ ਮਹਾਨ ਸਪੂਤ ਨੂੰ ਉਨ੍ਹਾਂ ਦੇ ਸ਼ਹੀਦੀ ਦਿਵਸ 'ਤੇ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ।

# ਵੋਟਾਂ ਬਨਾਮ ਅਰਥੀ ਦਾ ਭਾਰ

ਛੱਡ ਸਕਦੇ ਹੋ ਕੋਈ ਔਖੀ ਗਲ ਨਹੀਂ ਹੈ। ਜਿਹੜੇ ਨੌਜਵਾਨ ਮੀਟਿੰਗਾਂ ਅਟੈਂਡ ਕਰਦੇ ਹਨ ਉਹਨਾਂ ਦੇ ਵਿਚਾਰ ਹੌਲ਼ੀ ਹੌਲ਼ੀ ਬਦਲਣੇ ਸ਼ੁਰੂ ਹੋ ਜਾਂਦੇ ਹਨ ਤੇ ਉਹਨਾਂ ਨੂੰ ਉਮੀਦ ਜਾਗਦੀ ਹੈ ਕਿ ਉਹ ਵੀ ਨਸ਼ਾ ਛਡ ਸਕਦੇ ਹਨ। ਜੇਕਰ ਸਮਾਜ ਸੇਵੀ ਜਥੇਬੰਦੀਆਂ, ਸਰਕਾਰ ਅਤੇ ਨੌਜਵਾਨ ਚਾਹੁਣ ਤਾਂ ਨਸ਼ਿਆਂ ਤੇ ਕਾਬੂ ਪਾਇਆ ਜਾ ਸਕਦਾ ਹੈ। ਕਦੇ ਡੀਜੇ ਪ੍ਰੋਗਰਾਮਾਂ ਤੇ ਐਂਕਰੀ ਕਰਨ ਵਾਲ਼ਾ ਸਟੇਜ ਦੇ ਕਲਾਕਾਰ ਨੌਜਵਾਨ ਨੇ ਖੁੱਲ ਕੇ ਆਪਣਾ ਨਾਂ ਰਾਮ ਔਜਲਾ ਦਸਦਿਆਂ ਕਿਹਾ ਕਿ ਨਸ਼ਿਆਂ ਨੇ ਐਨੀ ਭੈੜੀ ਜਿੰਦਗੀ ਬਣਾ ਦਿਤੀ ਸੀ ਕਿ ਕਦੇ ਸਟੇਜਾਂ ਗੂੰਜਦਾ ਸੀ ਤੇ ਹੁੱਣ ਜੁਬਾਨ ਵਿਚੋਂ ਇੱਕ ਵੀ ਲਫਜ ਬੋਲਣ ਦੀ ਹਿਮਤ ਨਹੀਂ ਸੀ ਰਹੀ, ਬੋਲਣਾਂ ਔਖਾ ਲੱਗਣ ਲੱਗਿਆ। ਉਸ ਨੇ ਨਸ਼ੇ ਦੀ ਬੀਮਾਰੀ ਤੋਂ ਪੀੜਤ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਹਿਮਤ ਤੁਹਾਨੂੰ ਕਰਨੀ ਪਏਗੀ, ਇਮਾਨਦਾਰੀ ਰੱਖਣੀ ਪਏਗੀ ਅਤੇ ਭਰੋਸਾ ਰੱਖਣਾ ਪਏਗਾ। ਨਸ਼ਾ ਛੱਡਣ ਵਾਲਾ ਵਿਆਕਤੀ ਜਿਨ੍ਹਾਂ ਛੁਪਾਏਗਾ ਉਨ੍ਹੀ ਬਿਮਾਰੀ ਵਧਦੀ ਜਾਏਗੀ ਅਤੇ ਅਨਮੋਲ ਜੀਵਨ ਇੱਕ ਗੁਆ ਬੈਠੇਂਗਾ।

ਦੋ ਸਾਲ ਪਹਿਲਾਂ ਨਸ਼ੇ ਛੱਡ ਚੁੱਕੇ ਰਾਮ ਔਜਲਾ ਨੇ ਆਪਣੀ ਕਹਾਣੀ ਰਾਹੀਂ ਨੌਜਵਾਨਾਂ ਦੀ ਦਰਦ ਭਰੀ ਦਾਸਤਾਨ ਦੱਸਦਿਆਂ ਕਿ ਮੈਂ ਵੀ ਲਮਾ ਸਮਾ ਨਸ਼ਿਆਂ ਦਾ ਆਦੀ ਰਿਹਾਂ, 8 ਸਾਲ ਸ਼ਰਾਬ ਦਾ ਬੇਅੰਤ ਨਸ਼ਾ ਕੀਤਾ, ਨਸ਼ੇ ਨੂੰ ਆਪਣਾ ਇਸ਼ਟ ਮਨਦਾ ਸੀ, ਨਸ਼ੇ ਤੋਂ ਸਿਵਾ ਕੁਝ ਵੀ ਚੰਗਾ ਨਹੀਂ ਸੀ ਲਗਦਾ। ਪਤਨੀ, ਬੱਚੇ ਛੱਡ ਕੇ ਚਲੇ ਗਏ ਕੋਈ ਪ੍ਰਵਾਹ ਨਹੀਂ, ਸਮਾਜ ਕੁੱਝ ਕਹਿੰਦਾ ਕੋਈ ਪ੍ਰਨਵਾਹ ਨਹੀਂ, ਬਸ ਇੱਕੋ ਚੰਗਾ ਲਗਦਾ ਸੀ ਨਸ਼ਾ। ਉਸ ਨੇ ਦੱਸਿਆ ਕਿ ਨਸ਼ਾ ਜੀਵਨ ਨੂੰ ਤਹਿਸ ਨਹਿਸ ਕਰ ਦਿੰਦਾ, ਇਸ ਵਿੱਚੋਂ ਨਿਕਲ਼ਿਆ ਜਾ ਸਕਦਾ ਕੋਈ ਔਖਾ ਨਹੀਂ ਹੈ, ਉਸ ਦੇ ਵਾਸਤੇ ਸਾਨੂੰ ਇਮਾਨਦਾਰੀ ਨਾਲ਼ ਸਵਿਕਾਰ ਕਰਨਾ ਪਏਗਾ ਕਿ ਮੈਂ ਨਸ਼ੇਵਾਜ ਹਾਂ, ਮੈਂ ਨਸ਼ੱਈ ਹਾਂ, ਮੈਂ ਅਮਲੀ ਹਾਂ, ਕਿਵੇਂ ਵੀ ਫਸਿਆਂ, ਪਰ ਫਸ ਗਿਆ ਹਾਂ ਮੇਰੇ ਤੋਂ ਗਲਤੀ ਹੋਈ ਗਈ ਹੈ ਸਵੀਕਾਰ ਕਰਨੀ ਪਏਗੀ।

ਪਰ ਨਸ਼ੱਈ ਘੱਟ ਈ ਮਨਦੇ ਨੇ ਉਹ ਅਮਲੀ ਹੈ ਨਸ਼ੇਵਾਜ ਹੈ, ਉਸ ਨੂੰ ਨਫਰਤ ਹੁੰਦੀ ਹੈ ਜਦੋਂ ਉਸ ਨੂੰ ਕੋਈ ਕਹਿੰਦਾ ਹੈ ਕਿ ਉਸ ਅਮਲੀ ਹੈ, ਸੁਣਨ ਨੂੰ ਤਿਆਰ ਨਹੀਂ ਹੋਵੇਗਾ ਜਦਕਿ ਮਨਣਾ ਪਏਗਾ ਕਿ ਉਹ ਕਿਸੇ ਕਾਰਣ ਇਸ ਦਲਦਲ ਵਿੱਚ ਫਸ ਚੁੱਕਾ ਹੈ, ਹਰ ਇੱਕ ਕਹੇਗਾ ਕਿ ਉਹ ਆਪਣੀ ਜੇਬ ਵਿੱਚੋਂ ਪੀਂਦਾ ਹਾਂ, ਬਸ ਸੌਣ ਲੱਗਾ ਪੀਂਦਾ ਹਾਂ ਜਾਂ ਹੋਰ ਸਚਾਈ ਲਈ ਬਹਾਨੇ ਪੇਸ਼ ਕਰਦਾ ਰਹੇਗਾ। ਜੇ ਲੜੇਗਾ ਤਾਂ ਵੀ ਕਹੇਗਾ ਮੈਂ ਸੱਚਾ ਹਾਂ, ਬਾਕੀ ਸਾਰਾ ਪਰਿਵਾਰ, ਸਮਾਜ ਝੂੱਠਾ ਹੈ ਸਿਰਫ ਮੈਂ ਹੀ ਸੱਚਾ ਹਾਂ। ਨਸ਼ਾ ਛੱਡਣ ਵਾਲ਼ੇ ਨੂੰ ਹਰ ਗਲ ਖੁੱਲ ਕੇ ਕਰਨੀ ਪਏਗੀ, ਮੰਨ ਕੇ ਚੱਲਣਾ ਪਏਗਾ ਕਿ ਉਹ ਬਿਮਾਰ ਹੈ।

ਜਿਵੇਂ ਅਸੀਂ ਕਿਸੇ ਬਿਮਾਰੀ ਵਾਰੇ ਡਾਕਟਰ ਨੂੰ ਸਾਰੀ ਜਾਣਕਾਰੀ ਦਿੰਦੇ ਹਾਂ ਅਤੇ ਸਰੀਰ ਦਾ ਕੋਈ ਵੀ ਹਿੱਸਾ ਡਾਕਟਰ ਨੂੰ ਦਿਖਾਉਂਦੇ ਹਾਂ ਤੇ ਉਹ ਇਲਾਜ ਕਰਦਾ ਹੈ ਤਾਂ ਅਸੀਂ ਦਵਾਈ ਦੇ ਨਾਲ਼ ਨਾਲ਼ ਪ੍ਰਹੇਜ ਵੀ ਕਰਦੇ ਹਾਂ ਤਾਂ ਅਸੀਂ ਠੀਕ ਹੋ ਜਾਂਦੇ ਹਾਂ। ਇਸੇ ਤਰਾਂ ਸਾਨੂੰ ਆਪਣੇ ਨਸ਼ੇ ਦੀ ਭਿਆਨਕ ਬਿਮਾਰੀ ਵਾਰੇ ਵੀ ਦਸਣਾ ਚਾਹੀਦਾ ਹੈ, ਤੇ ਇੱਕ ਦਿਨ ਤੁਸੀਂ ਨਸ਼ਿਆਂ ਤੋਂ ਬਾਹਰ ਆ ਕੇ ਇੱਕ ਚੰਗਾ ਜੀਵਨ ਬਤੀਤ ਕਰੋਗੇ।

ਇਸੇ ਤਰਾਂ ਬਹੁਤੇ ਨੌਜਵਾਨਾਂ ਨੇ ਆਪਣੇ ਨਾਮ ਨਾ ਦਸਣ ਦੀ ਸ਼ਰਤ ਤੇ ਦੱਸਿਆ ਕਿ ਵੋਟਾਂ ਦੇ ਦਿਨਾਂ ਵਿੱਚ ਲੀਡਰਾਂ ਦੀਆਂ ਗੱਡੀਆਂ ਵਿੱਚ ਬੈਠ ਕੇ ਐਸਾ ਐਸ਼-ਪ੍ਰਸਤੀ ਦੇ ਜਹਾਜੇ ਚੜੇ ਕੇ ਨਸ਼ਿਆਂ ਵਿੱਚ ਫਸ ਗਏ ਤੇ ਮੁੜ ਧਰਤੀ ਤੇ ਪੈਰ ਹੀ ਨਾ ਲੱਗੇ।

ਬਹੁਤੇ ਨੌਜਵਾਨਾਂ ਨੇ ਦੱਸਿਆ ਕਿ ਚਿੱਟੇ ਨਸ਼ੀਲੇ ਪਦਾਰਥ ਨੇ ਤਾਂ ਉਹਨਾਂ ਦਾ ਐਸਾ ਬੇੜਾ ਗਰਕ ਕੀਤਾ ਕਿ ਉਹ ਆਪਣਾ ਅਤੇ ਆਪਣੇ ਪਰਿਵਾਰ ਦਾ ਵੀ ਜੀਵਨ ਖਤਮ ਕਰ ਚੁੱਕੇ ਹਨ, ਤੇ ਉਹ ਆਪਣੇ ਖਾਨਦਾਨ ਨੂੰ ਅਗੇ ਨਹੀਂ ਤੋਰ ਸਕਦੇ। ਉਹਨਾਂ ਦੱਸਿਆ ਕਿ ਉਹ ਸ਼ਾਦੀ ਕਰਵਾਉਣ ਦੇ ਲਾਇਕ ਨਹੀਂ ਰਹੇ। ਭਾਂਵੇਂ ਉਹਨਾਂ ਦੇ ਮਾਪੇ ਤਾਂ ਵਾਰ ਵਾਰ ਰਿਸ਼ਤੇ ਕਰਨ ਨੂੰ ਕਹਿ ਰਹੇ ਹਨ ਪਰ ਨਸ਼ਿਆਂ ਦੇ ਕਾਰਣ ਨਾ-ਮਰਦ ਹੋਏ ਨੌਜਵਾਨ ਹਾਂ ਕਰਨ ਤਾਂ ਕਿਵੇਂ ਕਰਨ। ਆਓ ਪੰਜਾਬ ਤੇ ਜਵਾਨੀ ਨੂੰ ਰਲ਼ ਮਿਲ਼ਕੇ ਸੰਭਾਲ਼ੀਏ।

# ਸ੍ਰੀ ਪ੍ਰਦੀਪ ਵਿਲੱਖਣ ਸਖਸ਼ੀਅਤ

ਜੱਦੀ ਪਿੰਡ ਰੁੜਕੇ ਤੋਂ 1962 ਬੈਚ ਦੇ ਆਈ. ਏ. ਐਸ. ਸ੍ਰੀ ਰੌਣਕੀ ਲਾਲ ਪ੍ਰਦੀਪ ਜਿਹਨਾਂ ਨੂੰ ਆਰ. ਐਲ. ਪ੍ਰਦੀਪ ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਉਹਨਾਂ ਦਾ 6 ਅਗਸਤ 2016 ਦੀ ਸਵੇਰ ਨੂੰ ਆਪਣੇ ਨਿਵਾਸ ਸਥਾਨ ਵਸੰਤ ਕੁੰਜ ਵਿਖੇ ਦੇਹਾਂਤ ਹੋ ਗਿਆ। ਸ੍ਰੀ ਪ੍ਰਦੀਪ ਕਈ ਮਹੱਤਵਪੂਰਨ ਅਹੁਦਿਆਂ 'ਤੇ ਰਹੇ। ਉਹ ਮਹਾਂਰਾਸ਼ਟਰ ਕੇਡਰ ਦੇ ਸਨ, ਜਿੱਥੇ ਉਹ ਮਹਾਂਰਾਸ਼ਟਰ, ਬੰਬਈ ਵਿਖੇ ਉਚੇ ਅਹੁਦਿਆਂ 'ਤੇ ਰਹੇ, ਉਥੇ ਉਹ ਕੇਂਦਰ ਸਰਕਾਰ ਵਿਚ ਵੀ ਸੈਕਟਰੀ ਪੱਧਰ ਤੱਕ ਪਹੁੰਚੇ। ਉਹ ਕੌਮੀ ਪੱਧਰ ਦੇ ਕਵੀ ਵੀ ਸਨ, ਇਸ ਲਈ ਉਹ ਆਪਣੇ ਨਾਂ ਦੇ ਨਾਲ ਤਖੱਲਸ ਦੇ ਤੌਰ 'ਤੇ 'ਪ੍ਰਦੀਪ' ਲਿਖਦੇ ਸਨ। ਸੁਤੰਤਰਤਾ ਦਿਵਸ ਮੌਕੇ 'ਤੇ ਉਹ ਹਰ ਸਾਲ ਲਾਲ ਕਿਲੇ ਤੋਂ ਹੋਣ ਵਾਲੇ ਕਵੀ ਸੰਮੇਲਨ ਵਿਚ ਕਵਿਤਾ ਪੜ੍ਹਦੇ ਸਨ। ਇਸ ਵਾਰ ਉਹ ਆਜ਼ਾਦੀ ਦਿਵਸ ਤੋਂ ਦਸ ਦਿਨ ਪਹਿਲਾਂ ਹੀ ਚੱਲ ਵੱਸੇ। ਜਿੱਥੇ ਸ੍ਰੀ ਪ੍ਰਦੀਪ ਜੀ ਇਕ ਬਹੁਤ ਵੱਡੇ ਗਿਆਨਵਾਨ ਵਿਅਕਤੀ ਸਨ, ਉਥੇ ਉਹ ਇਕ ਉਚ ਕੋਟੀ ਦੇ ਸਮਾਜ ਸੇਵੀ ਵੀ ਸਨ। ਉਹ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਸਾਹਿਬ ਜੀ ਦੇ ਸੱਚੇ ਪੈਰੋਕਾਰ ਸਨ। ਉਹ ਬਹੁਤ ਸਾਰੀਆਂ ਸੰਸਥਾਵਾਂ ਦੇ ਮੋਹਰੀ ਸਨ, ਜਿਹਨਾਂ ਵਿਚ ਖਾਸ ਤੌਰ 'ਤੇ ਮਾਨਵ ਸਮੱਥਾ-ਸਥੱਲ ਚੈਰੀਟੇਬਲ ਸੁਸਾਇਟੀ ਦਿੱਲੀ ਅਤੇ ਬੇਗਮਪੁਰਾ ਰਿਨਾਇਸੈਂਸ ਯੂਨੀਵਰਸਿਟੀ ਪਠਾਨਕੋਟ ਮੁੱਖ ਹਨ। ਉਹਨਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਆਉਣ ਵਾਲੇ ਸਮੇਂ-ਸਮੇਂ ਤੇ ਯਾਦ ਕੀਤਾ ਜਾਵੇਗਾ। 14-8-16 ਦਿਨ ਐਤਵਾਰ ਨੂੰ ਦਿੱਲੀ ਵਿਖੇ ਉਹਨਾਂ ਦੇ ਨਿਵਾਸ ਸਥਾਨ 'ਤੇ ਅੰਤਿਮ ਸ਼ਰਧਾਂਜਲੀ ਦਿੱਤੀ ਗਈ।



**- ਐਫ. ਸੀ. ਮੱਲ**

## ਪੂਨਾ ਪੈਕਟ ਦੇ ਇਤਿਹਾਸਕ ਪਿਛੋਕੜ ਵਿਚ

# ਡਾ. ਅੰਬੇਡਕਰ ਦੀਆਂ ਕਾਮਯਾਬੀਆਂ ਅਤੇ ਮਜਬੂਰੀਆਂ



- ਫਤਿਹਜੰਗ ਸਿੰਘ
91-98726-70278

ਦਲਿਤ ਰਾਜਨੀਤੀ ਵਿਚ ਕਮਿਊਨਲ ਐਵਾਰਡ (ਸਮੂਦਾਈ ਫੈਸਲਾ) ਅਤੇ ਪੂਨਾ ਪੈਕਟ (ਪੂਨਾ ਸਮਝੌਤਾ) ਦੋ ਬੜੀਆਂ ਮਹੱਤਵਪੂਰਨ ਘਟਨਾਵਾਂ ਹਨ, ਜਿਹਨਾਂ ਨੂੰ ਸਮਝਣਾ ਦਲਿਤਾਂ ਲਈ ਬਹੁਤ ਜ਼ਰੂਰੀ ਹੈ। ਇਹਨਾਂ ਘਟਨਾਵਾਂ ਦੇ ਵਿਸ਼ਲੇਸ਼ਣ ਰਾਹੀਂ ਪਤਾ ਲੱਗਦਾ ਹੈ ਕਿ ਦਲਿਤਾਂ ਦੇ ਰਾਜਨੀਤਿਕ ਅਧਿਕਾਰ ਅਤੇ ਉਹਨਾਂ ਦੇ ਨਿਕਾਸ, ਵਿਕਾਸ ਅਤੇ ਵਿਨਾਸ਼ ਦੇ ਨੀਂਹ ਪੱਥਰ ਉੱਤੇ ਦਲਿਤਾਂ ਦੀ ਸਰਬਪੱਖੀ ਪ੍ਰਗਤੀ ਦੀ ਅਧੂਰੀ ਇਮਾਰਤ ਟਿਕੀ ਹੋਈ ਹੈ। ਇਸਨੂੰ ਮੁਕੰਮਲ ਕਰਨ ਨਹੀਂ ਇਸਦਾ ਭੇਦ ਵੀ ਇਸੇ ਵਿਚ ਹੀ ਛੁਪਿਆ ਹੋਇਆ ਹੈ। ਦਲਿਤ ਜਿਉਂ-ਜਿਉਂ ਇਸ ਭੇਦ ਨੂੰ ਸਮਝਦੇ ਜਾਣਗੇ, ਤਿਉਂ-ਤਿਉਂ ਆਪਣੀਆਂ ਮੂਲ ਸਮੱਸਿਆਵਾਂ ਅਤੇ ਉਹਨਾਂ ਦੇ ਹੱਲ ਸਮਝਣ ਦੇ ਕਾਬਲ ਵੀ ਹੁੰਦੇ ਜਾਣਗੇ। ਆਓ ਇਹਨਾਂ ਘਟਨਾਵਾਂ ਦਾ ਇਤਿਹਾਸਕ ਪਿਛੋਕੜ ਵੇਖੀਏ, ਜਿਸ ਤੋਂ ਇਹਨਾਂ ਦੀ ਉਤਪੱਤੀ ਸਮਝੀ ਜਾ ਸਕੇ।

ਦਲਿਤ ਅਤੇ ਦਲਿਤ ਰਾਜਨੀਤੀ ਅਸਲ ਵਿਚ ਬ੍ਰਾਹਮਣਵਾਦ ਵੱਲੋਂ ਪੈਦਾ ਕੀਤੇ ਦਲਿਤ ਦਾਸਤਾਂ ਰੂਪੀ ਦਰਿਆ ਦੇ ਦੋ ਕੰਢੇ ਰਹੇ ਹਨ ਜੋ ਆਪਸ ਵਿਚ ਕਦੇ ਨਹੀਂ ਸਨ ਮਿਲ ਸਕਦੇ। ਦਲਿਤ ਦੀ 'ਰਾਜਨੀਤੀ' ਤਾਂ ਬੱਸ ਉਸਦਾ ਸੇਵਾ ਕਰਨ ਦਾ 'ਅਧਿਕਾਰ' ਰਿਹਾ ਹੈ ਜੋ ਉਹ ਆਪਣੇ ਤਨ ਮਨ ਨਾਲ ਨਿਭਾਉਂਦਾ ਆ ਰਿਹਾ ਹੈ। ਰਾਜਨੀਤੀ ਦੇ ਖੰਭ ਬ੍ਰਾਹਮਣਵਾਦ ਦੀ ਸੋਚੀ ਸਮਝੀ ਸਾਜ਼ਿਸ਼ ਨੇ ਸਾਰੇ ਦੇ ਸਾਰੇ ਨੋਚ ਲਏ ਸਨ। ਇਸੇ ਤਰ੍ਹਾਂ ਦੀ ਗੁਲਾਮੀ ਤੇ ਲਾਚਾਰੀ ਭੋਗਦਿਆਂ ਜਦੋਂ ਦੇਸ਼ ਅੰਗਰੇਜ਼ਾਂ ਦਾ ਗੁਲਾਮ ਹੋਇਆ ਤਾਂ ਉਸਨੂੰ ਦੂਹਰੀ ਗੁਲਾਮੀ ਦਾ ਸ਼ਿਕਾਰ ਹੋਣਾ ਪਿਆ। ਇਕ ਅੰਗਰੇਜ਼ਾਂ ਦੀ ਤੇ ਦੂਜੀ ਕਾਲੇ ਅੰਗਰੇਜ਼ਾਂ ਦੀ। ਉਂਝ ਗੁਲਾਮੀ, ਗੁਲਾਮੀ ਹੁੰਦੀ ਹੈ ਅਸੀਂ ਇਸਦੇ ਹੱਕ ਵਿਚ ਬਿਲਕੁਲ ਨਹੀਂ ਹਾਂ। ਪਰ ਜਿਵੇਂ ਹਰ ਵਰਤਾਰੇ ਦੇ ਦੋ ਪਹਿਲੂ ਹੁੰਦੇ ਹਨ- ਇਕ ਚੰਗਾ ਤੇ ਇਕ ਮਾੜਾ, ਉਵੇਂ ਅੰਗਰੇਜ਼ਾਂ ਦੀ ਗੁਲਾਮੀ ਦਲਿਤਾਂ ਨਹੀਂ ਇਕ ਚੰਗੀ ਸ਼ੁਰੂਆਤ ਲੈ ਕੇ ਵੀ ਆਈ। ਅੰਗਰੇਜ਼ਾਂ ਦੀ ਸਭਿਅਤਾ ਵਿਚ ਛੂਤਛਾਤ, ਜਾਤਪਾਤ, ਊਚ-ਨੀਚ ਨਹੀਂ ਸੀ। ਇਸ ਨਹੀਂ ਜਦੋਂ ਉਹਨਾਂ ਨੇ ਆਪਣੇ ਧਰਮ ਪ੍ਰਚਾਰ ਤੇ ਵਿਦਿਆ ਦੇ ਪਸਾਰ ਹਿੱਤ ਸਕੂਲ ਖੋਲ੍ਹਣੇ ਸ਼ੁਰੂ ਕੀਤੇ ਤਾਂ ਬਿਨਾਂ ਵਿਤਕਰੇ ਤੋਂ ਦਲਿਤਾਂ ਨੂੰ ਵੀ ਖੁੱਲ੍ਹ ਕੇ ਵਿੱਦਿਆ ਪ੍ਰਾਪਤੀ ਦਾ ਮੌਕਾ ਮਿਲਿਆ। ਵਿਦਿਆ ਜੋ ਇਨਸਾਨ ਦੀ ਪ੍ਰਗਤੀ ਦੀ ਪਹਿਲੀ ਪੌੜੀ ਹੈ, ਬ੍ਰਾਹਮਣ ਨੇ ਇਸਨੂੰ ਦਲਿਤਾਂ ਨਹੀਂ ਵਰਜਿਤ ਕੀਤਾ ਹੋਇਆ ਸੀ, ਜਿਸ ਕਾਰਨ ਉਹ ਸਦੀਆਂ ਤੋਂ ਪਸ਼ੂਆਂ ਵਾਲਾ ਜੀਵਨ ਹੰਢਾਉਂਦਾ ਆ ਰਿਹਾ ਸੀ। ਅਜੋਕੇ ਯੁੱਗ ਦੇ ਦਲਿਤ ਸਮਾਜ ਦੇ ਰਹਿਬਰ ਮਹਾਤਮਾ ਫੂਲੇ ਨੇ ਕਿਹਾ ਹੈ:-

"ਵਿਦਿਆ ਬਿਨਾਂ ਮੱਤ ਗਈ, ਮਤ ਬਿਨਾਂ ਨੀਤੀ ਗਈ। ਨੀਤੀ ਬਿਨਾਂ ਗਤੀ ਗਈ, ਗਤੀ ਬਿਨਾਂ ਮਾਇਆ ਗਈ। ਮਾਇਆ ਬਿਨਾਂ ਸ਼ੂਦਰ ਗਏ।"

ਸ਼ੂਦਰਾਂ ਦੀ ਅਧੋਗਤੀ ਵਿਦਿਆ 'ਤੇ ਰੋਕ ਲਾਉਣ ਨਾਲ ਸ਼ੁਰੂ ਹੋਈ। ਅੰਗਰੇਜ਼ਾਂ ਦੇ ਆਉਣ ਨਾਲ ਵਿਦਿਆ ਦਾ ਰਾਹ ਖੁੱਲ੍ਹਿਆ ਤਾਂ ਦਲਿਤਾਂ ਨੇ ਵਿਦਿਆ ਪ੍ਰਾਪਤ ਕਰਨੀ ਸ਼ੁਰੂ ਕੀਤੀ, ਜਿਸ ਕਰਕੇ ਛੋਟੀ-ਮੋਟੀ ਨੌਕਰੀਆਂ ਪ੍ਰਾਪਤ ਹੋਣੀਆਂ ਸ਼ੁਰੂ ਹੋਈਆਂ। ਫੌਜ ਦੀ ਨੌਕਰੀ ਇਹਨਾਂ ਵਿਚੋਂ ਮੁੱਖ ਸੀ। ਹਥਿਆਰ ਰੱਖਣੇ ਜਾਂ ਹਥਿਆਰ ਵਰਤਣੇ ਵੀ ਦਲਿਤਾਂ ਨਹੀਂ ਵਰਜਿਤ ਸਨ ਪਰ ਅੰਗਰੇਜ਼ਾਂ ਦੀ ਇਸ ਖੁੱਲ੍ਹ ਨੇ ਦਲਿਤਾਂ ਵਿਚ ਇਕ ਨਵਾਂ ਵਿਸ਼ਵਾਸ ਭਰਿਆ। ਇਸੇ ਵਿਚੋਂ ਹੀ ਦਲਿਤਾਂ ਵਿਚ ਰਾਜਨੀਤੀ ਨੇ ਅੰਗੜਾਈ ਨਹੀਂ। ਅੰਗਰੇਜ਼ਾਂ ਦੀ ਗੁਲਾਮੀ ਇਨਸਾਨੀਅਤ ਪੱਖੋਂ ਸਹੀ ਨਹੀਂ ਸੀ ਪਰ ਦੂਹਰੀ ਗੁਲਾਮੀ ਭੋਗ ਰਿਹਾ ਦਲਿਤ ਪਹਿਲਾਂ ਤੋਂ ਹੀ ਗਾਹੇ-ਬਗਾਹੇ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਨਹੀਂ ਸੰਘਰਸ਼ ਕਰਦਾ ਆ ਰਿਹਾ ਸੀ। ਬੁੱਧ, ਨਾਨਕ, ਨਾਮਦੇਵ, ਕਬੀਰ, ਰਵਿਦਾਸ, ਚੋਖਮੇਲਾ ਵਰਗੇ ਮਹਾਂਪੁਰਖਾਂ ਦੀਆਂ ਇਨਸਾਨ ਪੱਖੀ ਸਿੱਖਿਆਵਾਂ ਨੇ ਦਲਿਤਾਂ ਵਿਚ ਪਹਿਲਾਂ ਹੀ ਦਿਮਾਗੀ ਚੇਤਨਤਾ ਭਰਨ ਦਾ ਕੰਮ ਕੀਤਾ ਹੋਇਆ ਸੀ, ਭਾਵੇਂ ਇਹ ਸਾਰੇ ਦੇਸ਼ ਵਿਚ ਸਮੁੱਚੇ ਰੂਪ ਨਾਲ ਨਹੀਂ ਸੀ ਹੋਇਆ। ਉਨੀਵੀਂ ਅਤੇ ਵੀਹਵੀਂ ਸਦੀ ਵਿਚ ਵੀ ਨਰਾਇਣਾ ਗੁਰੂ, ਰਾਮਾਸੁਆਮੀ, ਸ਼ਾਹੂ ਜੀ ਮਹਾਰਾਜ, ਮਹਾਤਮਾ ਫੂਲੇ ਨੇ ਇਸ ਲੁੱਟੇ ਪੁੱਟੇ ਸਮਾਜ ਨਹੀਂ ਵਿਸ਼ੇਸ਼ ਤੌਰ 'ਤੇ ਯਤਨ ਕੀਤੇ। ਇਹਨਾਂ ਸਾਰੇ ਯਤਨਾਂ ਨੂੰ ਯੋਜਨਾਬੱਧ ਕਰਕੇ ਸੰਯੁਕਤ ਰੂਪ ਵਿਚ ਸੰਗਠਿਤ ਕਰਕੇ ਡਾ. ਅੰਬੇਡਕਰ ਨੇ ਜੋ ਹਮਲਾ ਬੋਲਿਆ ਉਹ ਲਾਜਵਾਬ ਸੀ। ਦੇਸ ਦੇਸਾਂਤਰਾਂ ਤੋਂ ਹਰ ਤਰ੍ਹਾਂ ਦੀ ਪੜ੍ਹਾਈ ਕਰਕੇ ਪੂਰੇ ਗਿਆਨ ਨਾਲ ਲੈਸ ਹੋ ਕੇ ਉਹ ਮੈਦਾਨ ਵਿਚ ਨਿਤਰੇ। ਸ਼ਾਹੂ ਜੀ ਮਹਾਰਾਜ ਨੇ ਬਕਾਇਦਾ ਇਕ ਭਰੀ ਸਭਾ ਵਿਚ 1925 ਵਿਚ ਐਲਾਨ ਕੀਤਾ ਕਿ "ਇਹਨਾਂ ਵਰਗਾਂ ਦੀ ਸਦੀਆਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਨਹੀਂ ਮੈਂ ਡਾ. ਅੰਬੇਡਕਰ ਨੂੰ ਤੁਹਾਨੂੰ ਸੌਂਪ ਰਿਹਾ ਹਾਂ। ਇਹਨਾਂ ਦਾ ਡੱਟ ਕੇ ਸਾਥ ਦਿਓ।"

ਇਹ ਉਹ ਸਮਾਂ ਚੱਲ ਰਿਹਾ ਸੀ ਜਦੋਂ ਕਾਂਗਰਸ ਬਾਲ ਗੰਗਾਧਰ ਤਿਲਕ ਤੋਂ ਬਾਅਦ ਗਾਂਧੀ, ਨਹਿਰੂ ਅਤੇ ਪਟੇਲ ਦੀ ਅਗਵਾਈ ਵਿਚ ਅੰਗਰੇਜ਼ਾਂ ਤੋਂ ਰਾਜ ਸੰਭਾਲਣ ਦੀਆਂ ਤਿਆਰੀਆਂ ਵਿਚ ਸੀ। ਉਹਨਾਂ ਦੇ ਏਜੰਡੇ ਵਿਚ ਕਿਤੇ ਵੀ ਦਲਿਤਾਂ ਨਹੀਂ ਕੋਈ ਥਾਂ ਨਹੀਂ ਸੀ। ਗਾਂਧੀ ਇਹਨਾਂ ਦਾ ਅਖੌਤੀ ਸਰਪ੍ਰਸਤ ਜ਼ਰੂਰ ਅਖਵਾਉਂਦਾ ਸੀ। ਇਸੇ ਸਮੇਂ ਡਾ. ਅੰਬੇਡਕਰ ਦਲਿਤਾਂ ਦੇ ਅਧਿਕਾਰ ਪ੍ਰਾਪਤ ਕਰਨ ਨਹੀਂ ਸੰਘਰਸ਼ ਦੀਆਂ ਤਿਆਰੀਆਂ ਕਰ ਰਹੇ ਸਨ। ਇਸ ਸਮੇਂ ਅੰਗਰੇਜ਼ਾਂ ਨੇ ਅੰਦਰੂਨੀ ਤੌਰ 'ਤੇ ਮੰਨ ਲਿਆ ਸੀ ਕਿ ਭਾਰਤ ਛੱਡ ਕੇ ਜਾਣਾ ਹੀ ਪੈਣਾ ਹੈ, ਇਸ ਨਹੀਂ ਭਾਰਤੀਆਂ ਨੂੰ ਹੌਲੀ ਹੌਲੀ ਸਰਕਾਰ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਤਾਂ ਜੋ ਛੱਡਣ ਤੋਂ ਪਹਿਲਾਂ ਇਕ ਜ਼ਿੰਮੇਵਾਰ ਸਰਕਾਰ ਬਣਾਈ ਜਾ ਸਕੇ। ਇਸ ਵੇਲੇ ਲਾਰਡ ਕਰਜ਼ਨ ਦਾ ਰਾਜ ਸੀ ਜੋ ਸਖ਼ਤ ਮੰਨਿਆ ਜਾ ਰਿਹਾ ਸੀ। ਅੰਗਰੇਜ਼ਾਂ ਵਿਰੁੱਧ ਲੋਕਾਂ ਦਾ ਰੋਹ ਵਧਦਾ ਜਾ ਰਿਹਾ ਸੀ।

ਇਸ ਦਿਸ਼ਾ ਵਿਚ ਕੁਝ ਸੰਵਿਧਾਨਕ ਤਬਦੀਲੀਆਂ ਸੁਧਾਰ ਦੇ ਰੂਪ ਵਿਚ ਮੌਰਲੇ-ਮਿੰਟੋ ਨੇ ਸੁਝਾਈਆਂ ਸਨ ਜੋ 'ਗੌਰਮਿੰਟ ਆਫ਼ ਇੰਡੀਆ ਐਕਟ 1909'ਦਾ ਹਿੱਸਾ ਬਣ ਚੁੱਕੀਆਂ ਸਨ। ਇਸੇ ਅਧੀਨ ਹੀ ਪਹਿਲੀ ਵਾਰ ਇਕ ਭਾਰਤੀ ਸਤਵੇਂਦਰ ਪਰਸੰਨਾ ਸਿਨਹਾ ਨੂੰ ਗਵਰਨਰ ਜਨਰਲ ਦੀ ਐਗਜੈਕਟਿਵ ਕੌਂਸਲ ਵਿਚ ਮੈਂਬਰ ਲਿਆ ਗਿਆ। ਪ੍ਰਾਂਤਾਂ ਵਿਚ ਵੀ ਇਸੇ ਤਰ੍ਹਾਂ ਨੁਮਾਇੰਦਗੀ ਦਿੱਤੀ ਗਈ। ਇਸ ਐਕਟ ਦੀ ਖਾਸ ਗੱਲ ਇਹ ਰਹੀ ਕਿ ਇਸਨੇ ਲੈਜਿਸਲੇਟਿਵ ਕੌਂਸਲ ਦੀ ਬਣਤਰ ਅਤੇ ਕੰਮ ਕਰਨ ਦੇ ਢੰਗ ਵਿਚ ਵੱਡੀਆਂ ਤਬਦੀਲੀਆਂ ਕਰਦਿਆਂ ਇਸਦੇ ਮੈਂਬਰਾਂ ਦੀ ਗਿਣਤੀ 16 ਤੋਂ 60 ਕਰ ਦਿੱਤੀ, ਜਿਸ ਵਿਚ 28 ਮੈਂਬਰ ਸਰਕਾਰੀ ਸਨ। ਗਵਰਨਰ ਜਨਰਲ 3 ਮੈਂਬਰ ਕਿਸੇ ਵੀ ਸਮੁਦਾਇ ਦੇ ਨਾਮਜ਼ਦ ਕਰ ਸਕਦਾ ਸੀ, ਬਾਕੀ ਦੇ ਚੁਣ ਕੇ ਆਉਣੇ ਸਨ। ਪਹਿਲੀ ਵਾਰ ਮੁਸਲਮਾਨਾਂ ਦੀ ਮੰਗ ਸਵੀਕਾਰ ਕਰਦਿਆਂ ਕਮਿਊਨਲ (ਸਮੁਦਾਇ) ਪ੍ਰਤੀਨਿਧਤਾ ਦਾ ਨਿਯਮ ਮੁੱਢਲੇ ਤੌਰ 'ਤੇ ਮੰਨ ਲਿਆ ਗਿਆ, ਜਿਸ ਅਧੀਨ ਮੁਸਲਮਾਨਾਂ ਨੂੰ 1909 ਦੇ ਐਕਟ ਮੁਤਾਬਕ ਆਪਣਾ ਨੁਮਾਇੰਦਾ ਆਪ ਚੁਣਨ ਦਾ ਅਧਿਕਾਰ ਮਿਲ ਗਿਆ। ਇੱਥੋਂ ਹੀ ਦਲਿਤਾਂ ਨਹੀਂ ਵੀ ਕਮਿਊਨਲ ਐਵਾਰਡ ਦੀ ਨੀਂਹ ਰੱਖੀ ਗਈ।



**ਪੂਨਾ ਸਮਝੌਤਾ ਤਾਂ 25 ਸਤੰਬਰ 1932 ਨੂੰ ਹੋ ਗਿਆ। ਗਾਂਧੀ ਦੀ ਜਾਨ ਬਚ ਗਈ ਪਰ ਜੋ ਡੀਪਰੈਸਡ ਕਲਾਸਾਂ ਨੂੰ ਲਾਭ ਮਿਲਣਾ ਸੀ, ਅਸਲ ਵਿਚ ਉਹ ਗੁਆਚ ਗਿਆ। ਡਾ. ਅੰਬੇਡਕਰ ਇਸ ਤੋਂ ਬਹੁਤ ਨਿਰਾਸ਼ ਸਨ। ਪੂਨਾ ਸਮਝੌਤੇ ਤੋਂ ਅਗਲੇ ਦਿਨ ਹੀ ਉਹਨਾਂ ਨੇ ਇਸਨੂੰ ਨਿਕ-ਾਰਨਾ/ਭੰਡਣਾ ਸ਼ੁਰੂ ਕਰ ਦਿੱਤਾ ਸੀ। ਪੂਨਾ ਪੈਕਟ ਤੋਂ 15 ਸਾਲਾਂ ਬਾਅਦ 15 ਮਾਰਚ 1947 ਨੂੰ ਸੰਵਿਧਾਨਕ ਕਮੇਟੀ ਨੂੰ ਜੋ ਸੰਵਿਧਾਨ ਤਿਆਰ ਕਰਨ ਜਾ ਰਹੀ ਸੀ, ਉਹਨਾਂ ਨੇ ਸ਼ਡਿਊਲਡ ਕਾਸਟ ਫੈਡਰੇਸ਼ਨ ਵੱਲੋਂ ਇਕ ਮੈਮੋਰੰਡਮ ਦਿੱਤਾ, ਜਿਸ ਤੋਂ ਪਤਾ ਲੱਗਦਾ ਹੈ ਕਿ ਡਾ. ਅੰਬੇਡਕਰ ਪੂਨਾ ਪੈਕਟ ਨੂੰ ਇਕ ਫਰੇਬੀ ਚਾਲ ਸਮਝਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਪੂਨਾ ਪੈਕਟ ਇਸ ਢੰਗ ਨਾਲ ਤਿਆਰ ਕੀਤਾ ਗਿਆ ਸੀ ਕਿ ਡੀਪਰੈਸਡ ਕਲਾਸਾਂ ਦਾ ਉਮੀਦਵਾਰ ਉਹਨਾਂ ਦੀ ਮਰਜ਼ੀ ਦਾ ਜਿੱਤ ਕੇ ਨਾ ਆਵੇ। ਉਹਨਾਂ ਨੇ ਪੂਨਾ ਪੈਕਟ ਤੋਂ ਬਾਅਦ ਹੋਈਆਂ ਚੋਣਾਂ ਦੇ ਦਿੱਤੇ ਅੰਕੜਿਆਂ ਤੋਂ ਸਿੱਧ ਕੀਤਾ ਕਿ ਡੀਪਰੈਸਡ ਕਲਾਸਾਂ ਦੇ ਉਮੀਦਵਾਰ ਹਿੰਦੂ ਵੋਟਾਂ ਦੇ ਸਿਰ 'ਤੇ ਜਿੱਤੇ ਹਨ ਨਾਂ ਕਿ ਡੀਪਰੈਸਡ ਕਲਾਸਾਂ ਦੇ। ਇਸ ਤਰ੍ਹਾਂ ਇਹ ਸਿੱਧ ਹੁੰਦਾ ਹੈ ਕਿ ਇਸ ਚੋਣ ਪ੍ਰਣਾਲੀ ਰਾਹੀਂ ਜਿੱਤਣ ਵਾਲਾ ਰਾਖਵਾਂ ਉਮੀਦਵਾਰ ਅਸਲ ਵਿਚ ਡੀਪਰੈਸਡ ਕਲਾਸਾਂ ਦਾ ਨੁਮਾਇੰਦਾ ਨਹੀਂ ਹੈ ਤੇ ਨਾ ਹੋ ਸਕਦਾ ਹੈ।**

1914 ਵਿਚ ਪਹਿਲਾ ਸੰਸਾਰ ਯੁੱਧ ਛਿੜ ਗਿਆ। ਭਾਰਤ ਵੱਲੋਂ ਬਰਤਾਨੀਆ ਦਾ ਸਾਥ ਦੇਣ ਕਾਰਨ ਅੰਗਰੇਜ਼ ਖੁਸ਼ੀ ਦੇ ਰੌਅ ਵਿਚ ਭਾਰਤੀਆਂ ਨੂੰ ਕੁਝ ਹੋਰ ਦੇਣਾ ਚਾਹੁੰਦੇ ਸਨ। ਇਸੇ ਦਰਮਿਆਨ ਹੀ ਭਾਰਤੀਆਂ ਵੱਲੋਂ ਦੋ ਹੋਰ ਸਕੀਮਾਂ- ਇਕ ਜੀ. ਪੀ. ਗੋਖਲੇ ਵੱਲੋਂ ਅਤੇ ਦੂਜੀ ਕਾਂਗਰਸ ਅਤੇ ਮੁਸਲਿਮ ਲੀਗ ਵੱਲੋਂ ਸੰਯੁਕਤ ਰੂਪ ਵਿਚ ਪੇਸ਼ ਕੀਤੀਆਂ ਗਈਆਂ। ਇਹਨਾਂ ਰਾਹੀਂ ਪ੍ਰਸ਼ਾਸਨ ਵਿਚ ਭਾਰਤੀਆਂ ਦੀ ਹਿੱਸੇਦਾਰੀ ਵਧਾਉਣ ਅਤੇ ਹੋਰ ਸੁਧਾਰ ਲਾਗੂ ਕਰਨ ਨਹੀਂ ਕੁਝ ਨੁਕਤੇ ਪੇਸ਼ ਕੀਤੇ ਗਏ ਸਨ। ਉਸ ਵੇਲੇ ਦੇ ਭਾਰਤ ਵਿਚ ਬ੍ਰਿਟਿਸ਼ ਸਕੱਤਰ (ਵਜ਼ੀਰ) ਮਿਸਟਰ ਐਡਵਿਨ ਮੌਂਟੇਗ ਨੇ 20 ਅਗਸਤ 1917 ਨੂੰ ਹਾਊਸ ਆਫ਼ ਕਾਮਨਜ਼ (ਸੰਸਦ) ਵਿਚ ਐਲਾਨ ਕੀਤਾ ਕਿ "ਬਰਤਾਨੀਆ ਸਰਕਾਰ ਨੇ ਪਾਲਸੀ ਬਣਾ ਨਹੀਂ ਹੈ ਕਿ ਪ੍ਰਸ਼ਾਸਨ ਦੇ ਹਰ ਖੇਤਰ ਵਿਚ ਭਾਰਤੀਆਂ ਦੀ ਸ਼ਮੂਲੀਅਤ ਹੋਰ ਵਧਾਈ ਜਾਵੇ ਤਾਂ ਜੋ ਇਕ ਜ਼ਿੰਮੇਵਾਰ ਸਰਕਾਰ ਦਾ ਨਿਰਮਾਣ ਕੀਤਾ ਜਾ ਸਕੇ।"

ਇਸ ਐਲਾਨ ਦੀ ਪ੍ਰਤੀਕਿਰਿਆ ਜਾਨਣ ਨਹੀਂ ਉਹ ਨਵੰਬਰ 1917 ਨੂੰ ਭਾਰਤ ਦੇ ਦੌਰੇ 'ਤੇ ਆਇਆ ਅਤੇ ਅਪ੍ਰੈਲ 1918 ਨੂੰ ਆਪਣੀ ਰਿਪੋਰਟ ਤਿਆਰ ਕੀਤੀ, ਜਿਸਨੂੰ 'ਮੌਂਟੇਗ ਚੈਮਸਫੋਰਡ ਰਿਪੋਰਟ' ਕਿਹਾ ਜਾਂਦਾ ਹੈ। ਇਹੀ ਰਿਪੋਰਟ 'ਗੌਰਮਿੰਟ ਆਫ਼ ਇੰਡੀਆ ਐਕਟ-1919' ਦਾ ਆਧਾਰ ਬਣੀ। ਇਹ ਐਕਟ 1921 ਦੇ ਸ਼ੁਰੂ ਵਿਚ ਲਾਗੂ ਕੀਤਾ ਗਿਆ। ਇਸ ਐਕਟ ਰਾਹੀਂ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਵਿਚਕਾਰ ਮਹਿਕਮਿਆਂ ਦੀ ਵੰਡ ਹੋਈ। ਕੇਂਦਰੀ ਲੈਜਿਸਲੇਚਰ ਦੇ ਦੋ ਸਦਨ ਹੋਂਦ ਵਿਚ ਆਏ। ਸੂਬਿਆਂ ਦਾ ਇਕਹਿਰਾ ਸਦਨ ਹੀ ਰੱਖਿਆ ਗਿਆ। ਸ਼ੁਰੂ ਵਿਚ ਬੰਗਾਲ, ਮਦਰਾਸ, ਯੂ. ਪੀ., ਬੰਬਈ, ਬਿਹਾਰ, ਉੜੀਸਾ, ਪੰਜਾਬ, ਸੀ. ਪੀ. ਅਤੇ ਆਸਾਮ ਦੇ ਸੂਬੇ ਬਣਾਏ ਗਏ ਜਿਹਨਾਂ ਵਿਚ 1923 ਵਿਚ ਬਰ੍ਹਮਾ ਅਤੇ 1932 ਵਿਚ ਉਤਰ ਪੱਛਮੀ ਫਰੰਟੀਅਰ ਪ੍ਰਾਂਤ ਸ਼ਾਮਲ ਕੀਤੇ ਗਏ। ਇਹਨਾਂ ਪ੍ਰਾਂਤਾਂ ਦੇ 70 ਫੀਸਦੀ ਮੈਂਬਰ ਚੁਣ ਕੇ ਆਉਂਦੇ ਸਨ ਅਤੇ ਵੱਧ ਤੋਂ ਵੱਧ 20 ਫੀਸਦੀ ਮੈਂਬਰ ਨਾਮਜ਼ਦ ਕੀਤੇ ਜਾਂਦੇ ਸਨ। ਕੁਝ ਗਰੁੱਪ ਇਹੋ ਜਿਹੇ ਸਨ, ਜਿਹਨਾਂ ਨੂੰ ਸਿਰਫ਼ ਆਪਣੀਆਂ ਹੀ ਵੋਟਾਂ ਰਾਹੀਂ ਆਪਣੇ ਨੁਮਾਇੰਦੇ ਚੁਣਨ ਦਾ ਅਧਿਕਾਰ ਦਿੱਤਾ ਗਿਆ। ਇਹਨਾਂ ਵਿਚ ਜ਼ਿਮੀਂਦਾਰ, ਚੈਂਬਰਜ਼ ਆਫ਼ ਕਾਮਰਸ, ਮੁਸਲਮਾਨ, ਯੂਨੀਵਰਸਿਟੀਆਂ, ਯੂਰਪੀਅਨ, ਐਂਗਲੋ ਇੰਡੀਅਨ, ਭਾਰਤੀ ਇਸਾਈ ਅਤੇ ਸਿੱਖ ਸ਼ਾਮਲ ਸਨ। ਇੱਥੋਂ ਕਮਿਊਨਲ ਐਵਾਰਡ ਹੋਰ ਪੱਕਾ ਹੁੰਦਾ ਹੈ। ਇਸ ਤਰ੍ਹਾਂ ਕੇਂਦਰ ਅਤੇ ਪ੍ਰਾਂਤਾਂ ਵਿਚ ਜ਼ਿੰਮੇਵਾਰ ਸਰਕਾਰਾਂ ਬਣਾਉਣ ਦੀ ਪ੍ਰਣਾਲੀ ਲਾਗੂ ਕੀਤੀ ਗਈ, ਜਿਸਨੂੰ 10 ਸਾਲਾਂ ਬਾਅਦ ਇਕ ਕਮਿਸ਼ਨ ਰਾਹੀਂ ਰੀਵਿਊ ਕਰਕੇ ਕਾਇਮ ਰੱਖਿਆ ਜਾ ਸਕਦਾ ਸੀ ਜਾਂ ਖਤਮ ਕੀਤਾ ਜਾ ਸਕਦਾ ਸੀ।

1919 ਦੇ ਸੁਧਾਰਾਂ ਨੇ ਭਾਰਤੀਆਂ ਦੀ ਕੌਮੀ ਭਾਵਨਾ ਦੀ ਸੰਤੁਸ਼ਟੀ ਨਹੀਂ ਕਰਵਾਈ। ਇਸ ਨਹੀਂ ਦਸ ਸਾਲਾਂ ਦੇ ਦਿੱਤੇ ਗਏ ਸਮੇਂ ਤੋਂ ਪਹਿਲਾਂ ਹੀ ਬਰਤਾਨੀਆ ਸਰਕਾਰ ਵੱਲੋਂ ਸਰ ਜੌਹਨ ਸਾਈਮਨ ਦੀ ਪ੍ਰਧਾਨਗੀ ਵਿਚ ਇਕ ਕਮਿਸ਼ਨ ਬਣਾਇਆ ਗਿਆ, ਜਿਸਨੇ ਇਹਨਾਂ 1919 ਦੇ ਸੁਧਾਰਾਂ ਦੀ ਰਿਪੋਰਟ ਤਿਆਰ ਕਰਨੀ ਸੀ। ਇਸਦੇ ਸਾਰੇ ਸੱਤ ਮੈਂਬਰ ਹੀ ਬ੍ਰਿਟਿਸ਼ ਸਨ। ਜਦੋਂ 3 ਫਰਵਰੀ 1925 ਨੂੰ ਸਾਈਮਨ ਕਮਿਸ਼ਨ ਬੰਬਈ ਉੱਤਰਿਆ ਤਾਂ ਕਾਂਗਰਸੀਆਂ ਅਤੇ ਮੁਸਲਮਾਨਾਂ ਦੇ ਕੁਝ ਹਿੱਸੇ ਨੇ ਇਸਦਾ ਬਾਈਕਾਟ ਕੀਤਾ। ਉਹਨਾਂ ਦਾ ਕਹਿਣਾ ਸੀ ਕਿ ਸਾਰੇ ਬਾਹਰਲੇ ਗੈਰ-ਭਾਰਤੀ ਮੈਂਬਰ ਹੋਣ ਕਾਰਨ ਇਹ ਕਮਿਸ਼ਨ ਸਹੀ ਰਿਪੋਰਟ ਤਿਆਰ ਨਹੀਂ ਕਰ ਸਕੇਗਾ। ਸਾਈਮਨ ਕਮਿਸ਼ਨ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਮਜ਼ੇ ਮੈਕਡੋਨਾਲਡ ਨੂੰ ਪੱਤਰ ਲਿਖ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਅਤੇ ਸੁਝਾਓ ਦਿੱਤਾ ਕਿ ਕਮਿਸ਼ਨ ਦੀ ਰਿਪੋਰਟ ਛਪਣ ਤੋਂ ਬਾਅਦ ਮਾਮਲੇ ਨੂੰ ਸੁਲਝਾਉਣ ਦੇ ਨਹੀਂ ਬ੍ਰਿਟਿਸ਼ ਭਾਰਤ ਅਤੇ ਭਾਰਤੀ ਪ੍ਰਾਂਤਾਂ ਦੇ ਨੁਮਾਇੰਦਿਆਂ ਦੀ ਇਕ ਕਾਨਫਰੰਸ ਬੁਲਾਈ ਜਾਵੇ। ਡਾ. ਅੰਬੇਡਕਰ ਨੇ ਸਾਈਮਨ ਕਮਿਸ਼ਨ ਨੂੰ ਆਪਣੀਆਂ ਦਲੀਲਾਂ ਨਾਲ ਸਹਿਮਤ ਕਰ ਲਿਆ ਸੀ ਕਿ ਦੱਬੇ ਕੁਚਲੇ ਵਰਗਾਂ ਦੀ ਤਰਸਯੋਗ ਹਾਲਤ ਹੈ, ਜਿਸ ਨਹੀਂ ਅਲੱਗ ਤੋਂ ਵਿਸ਼ੇਸ਼ ਅਧਿਕਾਰਾਂ ਦੀ ਲੋੜ ਹੈ, ਇਸ ਨਹੀਂ ਇਹਨਾਂ ਨੂੰ ਧਿਰ ਮੰਨ ਕੇ ਇਹਨਾਂ ਦੀ ਗੱਲ ਵੀ ਸੁਣਨੀ ਚਾਹੀਦੀ ਹੈ। ਬ੍ਰਿਟਿਸ਼ ਕੈਬਨਿਟ ਵੱਲੋਂ ਕਾਨਫਰੰਸ ਬੁਲਾਉਣ ਦਾ ਸੁਝਾਅ ਮੰਨ ਲਿਆ ਗਿਆ ਅਤੇ ਗਵਰਨਰ ਜਨਰਲ ਲਾਰਡ ਇਰਵਿਨ ਨੇ 31 ਅਕਤੂਬਰ 1929 ਨੂੰ ਐਲਾਨ ਕੀਤਾ ਕਿ ਸਾਈਮਨ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਇਕ ਗੋਲਮੇਜ਼ ਕਾਨਫਰੰਸ ਬੁਲਾਈ ਜਾਵੇਗੀ। ਮਈ 1930 ਵਿਚ ਸਾਈਮਨ ਕਮਿਸ਼ਨ ਦੀ ਰਿਪੋਰਟ ਛਾਪੀ ਗਈ। ਇਸ ਰਿਪੋਰਟ ਦਾ ਵੀ ਵਿਰੋਧ ਹੋਣ 'ਤੇ ਬ੍ਰਿਟਿਸ਼ ਸਰਕਾਰ ਨੇ ਲੰਡਨ ਵਿਚ ਗੋਲਮੇਜ਼ ਕਾਨਫਰੰਸ ਸੱਦ ਨਹੀਂ, ਜਿਸਦਾ ਪਹਿਲਾ ਸਮਾਗਮ 12 ਨਵੰਬਰ 1930 ਤੋਂ 19 ਜਨਵਰੀ 1931 ਤੱਕ ਚੱਲਿਆ। ਇਸ ਵਿਚ 16 ਮੈਂਬਰ ਬ੍ਰਿਟਿਸ਼ ਦੀਆਂ ਤਿੰਨ ਰਾਜਨੀਤਿਕ ਪਾਰਟੀਆਂ ਦੇ, 16 ਡੈਲੀਗੇਟ ਭਾਰਤੀ ਪ੍ਰਾਂਤਾਂ ਦੇ, 57 ਡੈਲੀਗੇਟ ਬ੍ਰਿਟਿਸ਼ ਭਾਰਤ ਦੇ ਸਨ, ਜਿਹਨਾਂ ਵਿਚ ਸਰ ਤੇਜ ਬਹਾਦੁਰ ਸਪਰੂ, ਸ੍ਰੀ ਨਿਵਾਸ ਸ਼ਾਸਤਰੀ, ਸੀ. ਵਾਈ. ਚਿੰਤਾਮਣੀ, ਡਾ. ਬੀ. ਆਰ. ਅੰਬੇਡਕਰ, ਸਰ ਮੁਹੰਮਦ ਸ਼ਫੀ ਆਦਿ ਮਹੱਤਵਪੂਰਨ ਸ਼ਖਸੀਅਤਾਂ ਸ਼ਾਮਲ ਸਨ। ਇਸ ਸੈਸ਼ਨ ਵਿਚ ਗਾਂਧੀ ਜੀ ਸ਼ਾਮਲ ਨਹੀਂ ਸਨ। ਉਹ ਦੂਜੇ ਸਮਾਗਮ ਵਿਚ ਸ਼ਾਮਲ ਹੋਏ। ਇਹਨਾਂ ਮੈਂਬਰਾਂ ਨੇ ਭਾਰਤੀ ਸੰਵਿਧਾਨ ਦੇ ਸੁਆਲ ਤੇ ਵਿਚਾਰ ਚਰਚਾ ਕਰਨੀ ਸੀ। ਦੂਜਾ ਸਮਾਗਮ 7 ਸਤੰਬਰ ਤੋਂ 1 ਦਸੰਬਰ 1931 ਤੱਕ ਚੱਲਿਆ, ਜਿਸ ਵਿਚ ਕਾਂਗਰਸ ਦਾ ਇਕੋ ਇਕ ਨੁਮਾਇੰਦਾ ਗਾਂਧੀ ਹਾਜ਼ਰ ਸੀ। ਉਹ ਵੀ ਜੋ ਚਾਹੁੰਦਾ ਸੀ, ਉਸ ਵੇਲੇ ਪ੍ਰਾਪਤ ਨਹੀਂ ਕਰ ਸਕਿਆ। ਤੀਜਾ ਸਮਾਗਮ 17 ਨਵੰਬਰ ਤੋਂ 24 ਦਸੰਬਰ 1932 ਤੱਕ ਚੱਲਿਆ। ਇਹਨਾਂ ਸਮਾਗਮਾਂ ਦੇ ਆਧਾਰ 'ਤੇ ਇਕ ਰਿਪੋਰਟ 'ਵਾਈਟ ਪੇਪਰ' ਮਾਰਚ 1933 ਵਿਚ ਛਾਪੀ। ਭਾਰਤ ਦੇ ਵਾਇਸਰਾਇ ਲਾਰਡ ਲਿਲਿੰਥਗੋ ਦੀ ਪ੍ਰਧਾਨਗੀ ਹੇਠ ਦੋਹਾਂ ਸਦਨਾਂ ਦੀ ਸਾਂਝੀ ਕਮੇਟੀ ਵਿਚ ਇਹ ਰਿਪੋਰਟ ਵਿਚਾਰੀ ਗਈ। ਪਾਸ ਕੀਤੀਆਂ ਮਦਾਂ/ ਯੋਜਨਾਵਾਂ ਹੀ ਬਾਅਦ ਵਿਚ 'ਗੌਰਮਿੰਟ ਆਫ਼ ਇੰਡੀਆ ਐਕਟ- 1935' ਵਿਚ ਦਰਜ ਕਰਕੇ ਪਾਸ ਕਰ ਦਿੱਤਾ ਗਿਆ ਸੀ।

ਪਾਸ ਕੀਤੇ ਐਕਟ ਅਨੁਸਾਰ ਦੋ ਸਿਧਾਂਤ ਅਪਣਾਏ ਗਏ। ਇਕ ਸਰਬ ਭਾਰਤੀ ਫੈਡਰੇਸ਼ਨ ਕੇਂਦਰ ਵਿਚ ਬਣਾਈ ਗਈ ਅਤੇ ਦੂਜਾ ਆਜ਼ਾਦ ਰਿਆਸਤਾਂ ਬਣਾਈਆਂ ਗਈਆਂ। ਰਿਆਸਤਾਂ ਦਾ ਫੈਡਰੇਸ਼ਨ ਵਿਚ ਸ਼ਾਮਲ ਹੋਣਾ ਉਹਨਾਂ ਦੀ ਮਰਜ਼ੀ 'ਤੇ ਨਿਰਭਰ ਕਰਦਾ ਸੀ, ਉਹਨਾਂ ਨੂੰ ਮਜਬੂਰ ਨਹੀਂ ਸੀ ਕੀਤਾ ਜਾ ਸਕਦਾ। ਸ਼ਾਮਲ ਹੋਣ ਨਹੀਂ ਰਿਆਸਤ ਦੇ ਰਾਜੇ ਦਾ ਲਿਖਤੀ ਸਮਝੌਤਾ ਹੋਣਾ ਯਕੀਨੀ ਬਣਾਇਆ ਗਿਆ। ਫੈਡਰਲ ਲੈਜੀਸਲੇਚਰ (ਕੇਂਦਰ) ਦੇ ਦੋ ਸਦਨ ਬਣਾਏ ਗਏ 'ਹੇਠਲਾ ਸਦਨ' ਅਤੇ 'ਉਪਰਲਾ ਸਦਨ'। ਹੇਠਲੇ ਸਦਨ ਦੇ 250 ਨੁਮਾਇੰਦੇ ਬ੍ਰਿਟਿਸ਼ ਭਾਰਤ ਦੇ ਅਤੇ ਵੱਧ ਤੋਂ ਵੱਧ 125 ਭਾਰਤੀ ਰਿਆਸਤਾਂ ਦੇ ਨਿਸ਼ਚਿਤ ਕੀਤੇ ਗਏ। ਫੈਡਰਲ ਅਸੈਂਬਲੀ ਦੇ ਮੈਂਬਰ ਪ੍ਰਾਂਤਾਂ ਦੀ ਅਸੈਂਬਲੀਆਂ ਰਾਹੀਂ ਚੁਣੇ ਜਾਂਦੇ ਸਨ। ਇਸ ਅਸਿੱਧੀ ਚੋਣ ਵਿਚ ਪ੍ਰਾਂਤਾਂ ਦੀ ਅਸੈਂਬਲੀਆਂ ਵਿਚ ਨਿਰਧਾਰਿਤ ਸੀਟਾਂ 'ਤੇ ਜਨਰਲ (ਹਿੰਦੂ), ਮੁਸਲਮਾਨ ਅਤੇ ਸਿੱਖ ਆਪਣੀਆਂ ਵੱਖਰੀਆਂ ਵੋਟਾਂ ਰਾਹੀਂ ਵੱਖਰੇ ਨੁਮਾਇੰਦੇ ਚੁਣਦੇ ਸਨ।

ਇਸੇ ਤਰ੍ਹਾਂ ਉਪਰਲੇ ਸਦਨ ਵਿਚ 156 ਮੈਂਬਰ ਬ੍ਰਿਟਿਸ਼ ਭਾਰਤ ਵੱਲੋਂ ਅਤੇ ਵੱਧ ਤੋਂ ਵੱਧ 104 ਫੈਡਰਲ ਪ੍ਰਾਂਤਾਂ ਦੇ ਰਾਜਿਆਂ ਵੱਲੋਂ ਨਾਮਜ਼ਦ ਕੀਤੇ ਜਾਂਦੇ ਸਨ। ਗਵਰਨਰ ਜਨਰਲ ਵੱਲੋਂ ਸਮਤੋਲ ਕਾਇਮ ਰੱਖਣ ਨਹੀਂ 6 ਮੈਂਬਰ ਘੱਟ ਗਿਣਤੀਆਂ, ਡਿਪਰੈਸਡ ਕਲਾਸਾਂ ਅਤੇ ਔਰਤਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਸਨ। ਬਰ੍ਹਮਾ ਨੂੰ ਬ੍ਰਿਟਿਸ਼ ਭਾਰਤ ਤੋਂ ਅਲੱਗ ਕਰ ਦਿੱਤਾ ਗਿਆ। ਸਿੰਧ ਦਾ ਨਵਾਂ ਸੂਬਾ ਬਣਾਇਆ ਗਿਆ ਅਤੇ ਉੜੀਸਾ ਨੂੰ ਪੁਨਰ ਗਠਿਤ ਕੀਤਾ ਗਿਆ। ਪ੍ਰਾਂਤਾਂ ਦੀਆਂ ਲੈਜਿਸਲੇਟਿਵ ਅਸੈਂਬਲੀਆਂ ਦੇ ਮੈਂਬਰਾਂ ਦੀ ਗਿਣਤੀ 50 ਤੋਂ 250 ਵਿਚਕਾਰ ਸੀ ਜੋ ਸਾਰੇ ਦੇ ਸਾਰੇ ਚੁਣੇ ਜਾਂਦੇ ਸਨ।

### ਕਮਿਊਨਲ ਐਵਾਰਡ ਦਾ ਐਲਾਨ

ਗੌਰਮਿੰਟ ਆਫ਼ ਇੰਡੀਆ ਐਕਟ-1935 ਬਣਨ ਤੋਂ ਪਹਿਲਾਂ ਜਦੋਂ 4 ਅਗਸਤ 1932 (ਕਾਂਸ਼ੀ ਰਾਮ ਜੀ ਦੀ ਲਿਖੀ 'ਚਮਚਾ ਯੁੱਗ' ਅਨੁਸਾਰ 17 ਅਗਸਤ 1932) ਨੂੰ ਕਮਿਊਨਲ ਐਵਾਰਡ ਦਾ ਐਲਾਨ ਕੀਤਾ ਗਿਆ ਜੋ ਕਿ ਦਲਿਤਾਂ ਪ੍ਰਤੀ ਡਾ. ਅੰਬੇਡਕਰ ਦੇ ਸੰਘਰਸ਼ ਦਾ ਨਤੀਜਾ ਸੀ, ਤਾਂ ਮਹਾਤਮਾ ਗਾਂਧੀ ਨੂੰ ਇਹ ਪਚਿਆ ਨਹੀਂ। ਉਹ ਨਹੀਂ ਸਨ ਚਾਹੁੰਦੇ ਕਿ ਦਲਿਤਾਂ ਨੂੰ ਕੋਈ ਵਿਸ਼ੇਸ਼ ਅਧਿਕਾਰ ਦਿੱਤੇ ਜਾਣ, ਇਸ ਨਹੀਂ ਉਹਨਾਂ ਨੇ ਇਸਦੇ ਵਿਰੋਧ ਵਿਚ ਮਰਨ ਵਰਤ ਰੱਖ ਦਿੱਤਾ। ਕੁਝ ਦਿਨਾਂ ਦੀ ਜੱਦੋ-ਜਹਿਦ ਉਪਰੰਤ ਮਜਬੂਰੀ ਵੱਸ ਡਾ. ਅੰਬੇਡਕਰ ਨੂੰ ਪੂਨਾ ਸਮਝੌਤਾ ਕਰਨਾ ਪਿਆ। ਸਮਝੌਤੇ ਤੋਂ ਬਾਅਦ ਉਹ ਆਪਣੇ-ਆਪ ਨੂੰ ਠੱਗਿਆ-ਠੱਗਿਆ ਮਹਿਸੂਸ ਕਰਨ ਲੱਗ ਪਏ ਕਿਉਂਕਿ ਜੋ ਦਲਿਤਾਂ ਨਹੀਂ ਰਾਜਨੀਤਿਕ ਅਧਿਕਾਰ ਉਨ੍ਹਾਂ ਨੇ ਇਕ ਲੰਬੇ ਸੰਘਰਸ਼ ਨਾਲ ਲੰਡਨ ਵਿਚ ਹੋਈਆਂ ਗੋਲਮੇਜ਼ ਕਾਨਫਰੰਸਾਂ ਵਿਚ ਜੱਦੋ-ਜਹਿਦ ਕਰਕੇ ਕਮਿਊਨਲ ਐਵਾਰਡ ਦੇ ਰੂਪ ਵਿਚ ਪ੍ਰਾਪਤ ਕੀਤੇ ਸਨ ਉਹ ਪੂਨਾ ਪੈਕਟ ਵਿਚ ਗੁਆਉਣੇ ਪਏ। ਉਹਨਾਂ ਨੇ ਕਿਹਾ, "ਕਾਂਗਰਸ ਨੇ ਪੂਨਾ ਪੈਕਟ ਦਾ ਸਾਰਾ ਰਸ ਚੂਸ ਕੇ ਫੋਕਟ ਅਛੂਤਾਂ ਦੇ ਮੂੰਹ ਤੇ ਦੇ ਮਾਰਿਆ।" ਇਸਦਾ ਭਾਵ ਇਹ ਹੋਇਆ ਕਿ ਪੂਨਾ ਪੈਕਟ ਵਿਚ ਦਲਿਤਾਂ ਨਹੀਂ ਕੁਝ ਨਹੀਂ ਸੀ ਬਚਿਆ। ਕਾਂਸ਼ੀ ਰਾਮ ਜੀ ਨੇ ਤਾਂ ਪੂਨਾ ਪੈਕਟ ਤੋਂ ਬਾਅਦ ਦੇ ਸ਼ੁਰੂ ਹੋਏ ਸਮੇਂ ਨੂੰ ਚਮਚਾ ਯੁੱਗ ਦਾ ਨਾਂ ਦਿੱਤਾ ਹੈ, ਜੋ ਬਿਲਕੁਲ ਠੀਕ ਜਾਪਦਾ ਹੈ ਕਿਉਂਕਿ ਇਸ ਸਮੇਂ ਵਿਚ ਦਲਿਤ ਆਗੂ ਪਹਿਲਾਂ ਦੀ ਤਰ੍ਹਾਂ ਹੀ ਉੱਚ ਜਾਤੀ ਵਾਲਿਆਂ ਦੀਆਂ ਖੁਸ਼ਾਮਦਾਂ ਵਿਚ ਲੱਗੇ ਰਹੇ, ਜਿਸ ਕਰਕੇ ਜੋ ਉਨਤੀ ਇਸ ਵਰਗ ਦੀ ਹੋਣੀ ਚਾਹੀਦੀ ਸੀ, ਉਹ ਨਹੀਂ ਹੋ ਸਕੀ। ਉਹਨਾਂ ਨੇ ਚਮਚਾਗਿਰੀ ਕਰਕੇ ਆਪਣੇ ਨਿੱਜੀ ਲਾਭ ਤਾਂ ਪ੍ਰਾਪਤ ਕਰ ਲਏ ਪਰ ਸਮਾਜ ਪੱਛੜਦਾ ਹੀ ਗਿਆ। ਅੱਜ ਵੀ ਇਸ ਸਮਾਜ ਦੇ 80-90 ਫੀਸਦੀ ਲੋਕ ਗਰੀਬੀ ਤੇ ਲਾਚਾਰੀ ਵਾਲੀ ਜ਼ਿੰਦਗੀ ਬਤੀਤ ਕਰਦੇ ਵੇਖੇ ਜਾ ਸਕਦੇ ਹਨ।

ਅਸਲ ਵਿਚ 1919 ਵਿਚ ਕਾਂਗਰਸ ਦੀ ਵਾਗਡੋਰ ਜਦੋਂ ਗਾਂਧੀ ਦੇ ਹੱਥ ਆਈ ਤਾਂ ਇਹ ਪਾਰਟੀ ਜੋ ਪਹਿਲਾਂ ਬ੍ਰਾਹਮਣ ਦੇ ਕਬਜ਼ੇ ਵਿਚ ਸੀ, ਫਿਰ ਬ੍ਰਾਹਮਣ ਤੇ ਬਾਣੀਆ ਗੱਠਜੋੜ ਬਣ ਗਿਆ ਤਾਂ ਉਸਦੇ ਅਧੀਨ ਆ ਗਈ ਸੀ। ਬਾਣੀਏ ਦਾ ਪੈਸਾ ਸਿਆਸਤ ਵਿਚ ਲੱਗਣਾ ਸ਼ੁਰੂ ਹੋ ਗਿਆ ਸੀ। ਇਸੇ ਸਮੇਂ ਡਾ. ਅੰਬੇਡਕਰ ਨੇ ਵੀ ਆਪਣਾ ਸੰਘਰਸ਼ ਆਰੰਭਿਆ। ਉਹਨਾਂ ਨੇ ਡਿਪਰੈਸਡ ਕਲਾਸਿਜ਼ ਸੰਸਥਾ ਰਾਹੀਂ ਘੋਲ ਨਹੀਂ ਆਪਣਾ ਬਿਗਲ ਵਜਾ ਦਿੱਤਾ ਤੇ ਕਈ ਪ੍ਰਾਪਤੀਆਂ ਹਾਸਲ ਕੀਤੀਆਂ, ਜਿਸ ਕਰਕੇ ਉਹ ਜਲਦੀ ਹੀ ਅਛੂਤਾਂ ਦੇ ਸਰਬ ਪ੍ਰਵਾਨਿਤ ਆਗੂ ਹੋ ਨਿਬੜੇ। ਉਹਨਾਂ ਨੇ ਲੰਡਨ ਵਿਚ ਹੋਈਆਂ ਗੋਲਮੇਜ਼ ਕਾਨਫਰੰਸਾਂ ਵਿਚ ਇਹਨਾਂ ਵਰਗਾਂ ਦੇ ਹਿੱਤ ਖਾਤਰ ਲੰਬੀ ਲੜਾਈ ਲੜੀ। ਡਾ. ਅੰਬੇਡਕਰ ਨੇ ਗੋਲਮੇਜ਼ ਕਾਨਫਰੰਸਾਂ ਵਿਚ ਦੋ ਮਹੱਤਵਪੂਰਨ ਯਾਦ ਪੱਤਰ ਪੇਸ਼ ਕੀਤੇ। ਪਹਿਲਾ 12 ਨਵੰਬਰ 1930 ਨੂੰ ਅਤੇ ਦੂਜਾ ਇਸਦੇ ਹੀ ਅਨੁਪੂਰਕ ਦੇ ਤੌਰ ਤੇ 4 ਨਵੰਬਰ 1931 ਨੂੰ ਪੇਸ਼ ਕੀਤਾ। ਪਹਿਲੇ ਯਾਦ ਪੱਤਰ ਦੀਆਂ 8 ਮੰਗਾਂ ਸਨ, ਜਿਹਨਾਂ ਨੂੰ ਵਾਚਣ 'ਤੇ ਪਤਾ ਲੱਗਦਾ ਹੈ ਕਿ ਕਿੰਨੀ ਗੰਭੀਰਤਾ ਨਾਲ ਉਹਨਾਂ ਨੇ ਅਛੂਤਾਂ ਦੇ ਹਿੱਤਾਂ ਨਹੀਂ ਲੜਾਈ ਲੜੀ। ਮੰਗਾਂ ਇਸ ਤਰ੍ਹਾਂ ਸਨ:-

1. ਡੀਪਰੈਸਡ ਕਲਾਸਾਂ ਨੂੰ ਬਰਾਬਰ ਦੇ ਸ਼ਹਿਰੀ ਮੰਨਦੇ ਹੋਏ ਛੂਤਛਾਤ ਦਾ ਖਾਤਮਾ ਕਰਕੇ ਕਾਨੂੰਨ ਦੀਆਂ ਨਜ਼ਰਾਂ ਵਿਚ ਸਭ ਨੂੰ ਬਰਾਬਰ ਮੰਨਿਆ ਜਾਵੇ।

**(ਬਾਕੀ ਅਗਲੇ ਸਫੇ ਤੇ)**

# ਡਾ. ਅੰਬੇਡਕਰ ਦੀਆਂ ਕਾਮਯਾਬੀਆਂ ਅਤੇ ਮਜਬੂਰੀਆਂ

2. ਬਰਾਬਰਤਾ ਦਾ ਅਧਿਕਾਰ ਲਾਗੂ ਕਰਨ ਨਹੀਂ ਹੇਠ ਲਿਖੀਆਂ ਸਜ਼ਾਵਾਂ ਲਾਗੂ ਕੀਤੀਆਂ ਜਾਣ ਅਤੇ ਗੌਰਮਿੰਟ ਆਫ਼ ਇੰਡੀਆ ਐਕਟ ਵਿਚ ਸ਼ਾਮਲ ਕੀਤੀਆਂ ਜਾਣ:

(ੳ) ਬਰਾਬਰ ਦਾ ਸ਼ਹਿਰੀ ਨਾ ਮੰਨਣ ਦੀ ਸੂਰਤ ਵਿਚ ਅਪਰਾਧੀ ਨੂੰ ਘੱਟੋ ਘੱਟ 5 ਸਾਲ ਦੀ ਕੈਦ ਅਤੇ ਜੁਰਮਾਨਾ ਕੀਤਾ ਜਾਵੇ।

(ਅ) ਡੀਪਰੈਸਡ ਕਲਾਸਿਜ਼ ਦਾ ਸਮਾਜਿਕ ਬਾਈਕਾਟ ਕਰਨ ਵਾਲੇ ਨੂੰ ਘੱਟੋ ਘੱਟ 7 ਸਾਲ ਕੈਦ ਅਤੇ ਭਾਰੀ ਜੁਰਮਾਨਾ ਕੀਤਾ ਜਾਵੇ।

(ੲ) ਸਮਾਜਿਕ ਬਾਈਕਾਟ ਕਿਸੇ ਵੀ ਰੂਪ ਵਿਚ ਉਤਸ਼ਾਹਿਤ ਕਰਨ ਵਾਲੇ ਨੂੰ ਵੀ ਘੱਟੋ ਘੱਟ 5 ਸਾਲ ਕੈਦ ਅਤੇ ਭਾਰੀ ਜੁਰਮਾਨਾ ਕੀਤਾ ਜਾਵੇ।

(ਸ) ਬਾਈਕਾਟ ਕਰਨ ਦੀ ਧਮਕੀ ਦੇਣ ਵਾਲੇ ਨੂੰ ਵੀ ਘੱਟੋ ਘੱਟ 5 ਸਾਲ ਕੈਦ ਅਤੇ ਜੁਰਮਾਨਾ ਹੋਵੇ।

3. ਡੀਪਰੈਸਡ ਕਲਾਸਾਂ ਪ੍ਰਤੀ ਜਾਤੀ ਭੇਦਭਾਵ ਰੱਖਣ ਵਿਰੁੱਧ ਇਹਨਾਂ ਦੀ ਰੱਖਿਆ ਯਕੀਨੀ ਬਣਾਈ ਜਾਵੇ, ਤਾਂ ਜੋ ਇਹਨਾਂ ਵਿਰੁੱਧ ਕਿਸੇ ਕਿਸਮ ਦਾ ਕਾਨੂੰਨ, ਹੁਕਮ ਜਾਂ ਕੋਈ ਹੋਰ ਢੰਗ ਤਰੀਕੇ ਨਾ ਅਪਣਾਇਆ ਜਾ ਸਕੇ।

4. ਕਾਨੂੰਨ ਬਣਾਉਣ (ਲੈਜਿਸਲੇਚਰ) ਅਤੇ ਕਾਨੂੰਨ ਲਾਗੂ ਕਰਨ (ਐਗਜੈਕਟਿਵ) ਵਿਚ ਇਹਨਾਂ ਨੂੰ ਯੋਗ ਨੁਮਾਇੰਦਗੀ ਦਿੱਤੀ ਜਾਵੇ ਤਾਂ ਜੋ ਇਹ ਆਪਣੇ ਹਿੱਤਾਂ ਖਾਤਰ ਆਪ ਕੰਮ ਕਰ ਸਕਣ। ਇਸ ਵਿਚ ਮਹੱਤਵਪੂਰਨ ਗੱਲ ਇਹ ਸੀ ਕਿ ਡੀਪਰੈਸਡ ਕਲਾਸਾਂ ਨੂੰ ਕੇਂਦਰੀ ਅਤੇ ਸੂਬਾ ਅਸੈਂਬਲੀਆਂ ਵਿਚ ਆਪਣੇ ਨੁਮਾਇੰਦੇ ਆਪਣੀਆਂ ਵੋਟਾਂ ਰਾਹੀਂ ਚੁਣਨ ਦਾ ਅਧਿਕਾਰ ਦਿੱਤਾ ਜਾਵੇ। ਪਹਿਲੇ ਦਸ ਸਾਲ ਨਹੀਂ ਅਲੱਗ ਚੋਣ ਖੇਤਰ ਦਾ ਅਧਿਕਾਰ ਦਿੱਤਾ ਜਾਵੇ ਅਤੇ ਫਿਰ ਰਾਖਵੀਆਂ ਸੀਟਾਂ 'ਤੇ ਸਾਂਝੇ ਚੋਣ ਖੇਤਰ ਦਾ ਅਧਿਕਾਰ ਦਿੱਤਾ ਜਾਵੇ।

5. ਨੌਕਰੀਆਂ ਵਿਚ ਸਹੀ ਨੁਮਾਇੰਦਗੀ ਨਹੀਂ ਕੇਂਦਰ ਅਤੇ ਸੂਬਿਆਂ ਵਿਚ ਭਰਤੀ ਨਹੀਂ ਲੋਕ ਸੇਵਾ ਕਮਿਸ਼ਨ ਬਣਾਇਆ ਜਾਵੇ ਜੋ ਇਹਨਾਂ ਦੀ ਨੁਮਾਇੰਦਗੀ ਯਕੀਨੀ ਬਣਾਉਣ ਨਹੀਂ ਜ਼ਿੰਮੇਵਾਰ ਹੋਵੇ।

6. ਕਿਉਂਕਿ ਆਉਣ ਵਾਲੇ ਸਮੇਂ ਵਿਚ ਜਾਪਦਾ ਹੈ ਕਿ ਦਕੀਆਨੂਸੀ ਲੋਕਾਂ ਦਾ ਰਾਜ ਰਹੇਗਾ, ਇਸ ਨਹੀਂ ਡੀਪਰੈਸਡ ਕਲਾਸਾਂ ਦੇ ਹਿੱਤ ਮਹਿਫ਼ੂਜ਼ ਰਹਿਣ ਦਾ ਖਤਰਾ ਹੈ। ਇਸ ਨਹੀਂ ਡੀਪਰੈਸਡ ਕਲਾਸਾਂ ਨੂੰ ਅਜਿਹੀ ਸੂਰਤ ਵਿਚ ਆਪਣੇ ਅਧਿਕਾਰ ਹਾਸਲ ਕਰਨ ਦਾ ਹੱਕ ਹੋਵੇ।

7. ਦੱਬੇ ਕੁਚਲੇ ਇਹਨਾਂ ਲੋਕਾਂ ਦੇ ਹੱਕਾਂ ਦੀ ਰਾਖੀ ਨਹੀਂ ਇਕ ਵੱਖਰਾ ਮਹਿਕਮਾ ਵੱਖਰੀ ਮਨਿਸਟਰੀ ਵਾਲਾ ਹੋਵੇ, ਜਿਸ ਕੋਲ ਇਹਨਾਂ ਵਰਗਾਂ ਦੀ ਭਲਾਈ ਨਹੀਂ ਸ਼ਕਤੀਆਂ ਹੋਣ।

8. ਸਰਕਾਰ ਦੀ ਪਾਲਸੀ ਨਿਰਧਾਰਿਤ ਕਰਨ ਨਹੀਂ ਇਹ ਜ਼ਰੂਰੀ ਹੈ ਕਿ ਕੈਬਨਿਟ ਵਿਚ ਵੀ ਡੀਪਰੈਸਡ ਕਲਾਸਾਂ ਦੀ ਯੋਗ ਨੁਮਾਇੰਦਗੀ ਹੋਵੇ।

ਇਸੇ ਤਰ੍ਹਾਂ ਇਸ ਯਾਦ ਪੱਤਰ ਵਿਚ ਕੁਝ ਹੋਰ ਸ਼ਾਮਲ ਕਰਨ ਨਹੀਂ ਡਾ. ਅੰਬੇਡਕਰ ਨੇ 4 ਨਵੰਬਰ 1931 ਨੂੰ ਦੂਜਾ ਮੈਮੋਰੰਡਮ ਪਹਿਲੇ ਦੇ ਪੂਰਕ ਦੇ ਤੌਰ 'ਤੇ ਪੇਸ਼ ਕੀਤਾ। ਪਹਿਲੇ ਮੈਮੋਰੰਡਮ ਵਿਚ ਜੋ ਡੀਪਰੈਸਡ ਕਲਾਸਾਂ ਦੀ ਨੁਮਾਇੰਦਗੀ ਦੀ ਗੱਲ ਕੀਤੀ ਸੀ ਉਹ ਸਾਈਮਨ ਕਮਿਸ਼ਨ ਅਤੇ ਇੰਡੀਅਨ ਸੈਂਟਰਲ ਕਮੇਟੀ ਵੱਲੋਂ ਡੀਪਰੈਸਡ ਕਲਾਸਾਂ ਦੀ ਆਬਾਦੀ ਦੇ ਜੋ ਅੰਕੜੇ ਦਿੱਤੇ ਗਏ ਸਨ, ਉਹ ਆਧਾਰ 'ਤੇ ਹੀ ਬੰਗਾਲ, ਕੇਂਦਰੀ ਪ੍ਰਾਂਤ, ਆਸਾਮ, ਬਿਹਾਰ, ਉੜੀਸਾ, ਪੰਜਾਬ ਅਤੇ ਯੂਨਾਈਟਿਡ ਪ੍ਰਾਂਤਾਂ ਵਿਚ ਨੁਮਾਇੰਦਗੀ ਦਿੱਤੀ ਜਾਵੇ। ਮਦਰਾਸ ਵਿਚ 22 ਫੀਸਦੀ ਅਤੇ ਬੰਬਈ ਵਿਚ 16 ਫੀਸਦੀ ਦਿੱਤੀ ਜਾਵੇ। ਇਸੇ ਤਰ੍ਹਾਂ ਕੇਂਦਰੀ ਫੈਡਰਲ ਲੈਜੀਸਲੇਚਰ ਵਿਚ ਡੀਪਰੈਸਡ ਕਲਾਸਾਂ ਦੀ ਕੁੱਲ ਆਬਾਦੀ ਦੇ ਆਧਾਰ 'ਤੇ ਨੁਮਾਇੰਦਗੀ ਦਿੱਤੀ ਜਾਵੇ। ਇਹ ਮੈਂਬਰ ਅਲੱਗ ਚੋਣ ਖੇਤਰਾਂ ਰਾਹੀਂ ਚੁਣੇ ਜਾਣਗੇ।

ਡੀਪਰੈਸਡ ਕਲਾਸਾਂ ਦੀ ਕੋਈ ਸੰਪੂਰਨ ਵਿਆਖਿਆ ਨਾ ਹੋਣ ਕਰਕੇ ਇਸਦਾ ਗਲਤ ਇਸਤੇਮਾਲ ਹੁੰਦਾ ਰਿਹਾ ਹੈ। ਇਸ ਨਹੀਂ ਚੋਣਾਂ ਵਾਸਤੇ ਤਿਆਰ ਕੀਤੇ ਸ਼ਡਿਊਲ ਵਿਚ ਅਜਿਹੀਆਂ ਸਮੁਦਾਵਾਂ ਹੀ ਸ਼ਾਮਲ ਕੀਤੀਆਂ ਜਾਣ, ਜਿਹਨਾਂ ਨਾਲ ਛੂਤਛਾਤ ਅਤੇ ਭੇਦਭਾਵ ਵਾਲਾ ਵਖਰੇਵਾਂ ਹੁੰਦਾ ਆ ਰਿਹਾ ਹੈ। ਇਹਨਾਂ ਦੇ ਨਾਂ ਹੀ ਮੈਂਬਰੀ ਨਹੀਂ ਵਿਚਾਰੇ ਜਾਣ।

'ਡੀਪਰੈਸਡ ਕਲਾਸਾਂ' ਦਾ ਨਾਂ ਇਹਨਾਂ ਸਮੁਦਾਵਾਂ ਦੀ ਪੂਰੀ ਪ੍ਰਤੀਨਿਧਤਾ ਨਹੀਂ ਕਰਦਾ, ਜਿਸ ਕਰਕੇ ਇਸਦੇ ਗਲਤ ਇਸਤੇਮਾਲ ਹੋਣ ਦਾ ਡਰ ਹੈ। ਇਸ ਨਹੀਂ ਇਹਦਾ ਨਾਂ ਵੀ ਬਦਲਿਆ ਜਾਵੇ ਜੋ ਕਿ 'ਨਾਨ ਕਾਸਟ ਹਿੰਦੂ', 'ਪਰੋਟੈਸਟੈਂਟ ਹਿੰਦੂ', 'ਨਾਨ ਕਨਫਰਮਿਸਟ ਹਿੰਦੂ' ਆਦਿ ਰੱਖਿਆ ਜਾ ਸਕਦਾ ਹੈ। ਇਸ ਸਬੰਧੀ ਪੂਰੇ ਦੇਸ਼ ਭਰ ਵਿਚੋਂ ਤਾਰਾਂ ਪ੍ਰਾਪਤ ਹੋਈਆਂ ਹਨ।

ਕਿਉਂਕਿ ਤਾਕਤ ਉੱਚ ਜਾਤੀ ਹਿੰਦੂਆਂ ਦੇ ਹੱਥ ਵਿਚ ਸੌਂਪੀ ਜਾ ਰਹੀ ਹੈ, ਇਸ ਨਹੀਂ ਇਹ ਜ਼ਰੂਰੀ ਹੈ ਕਿ ਅਛੂਤਾਂ ਦੇ ਹੱਕਾਂ ਦੀ ਰਾਖੀ ਦਾ ਪ੍ਰਾਵਧਾਨ ਜ਼ਰੂਰ ਕੀਤਾ ਜਾਵੇ। ਇਹ ਘੱਟੋ ਘੱਟ ਦੂਜੀਆਂ ਮੁਸਲਿਮ ਘੱਟ ਗਿਣਤੀਆਂ ਦੇ ਬਰਾਬਰ ਦਾ ਜ਼ਰੂਰ ਹੋਵੇ।

ਡਾ. ਅੰਬੇਡਕਰ ਵੱਲੋਂ ਡੀਪਰੈਸਡ ਕਲਾਸਾਂ ਦੇ ਹੱਕਾਂ ਨਹੀਂ ਕੀਤੀ ਬੁਲੰਦ ਆਵਾਜ਼ ਨਾਲ ਸਾਰੇ ਸਹਿਮਤ ਸਨ, ਸਿਰਫ਼ ਕਾਂਗਰਸ ਅਤੇ ਗਾਂਧੀ ਹੀ ਸਹਿਮਤ ਨਹੀਂ ਸਨ। ਉਹਨਾਂ ਨੇ ਪੂਰੇ ਜ਼ੋਰ ਨਾਲ ਗੋਲਮੇਜ ਕਾਨਫਰੰਸ ਵਿਚ ਅਛੂਤਾਂ ਨੂੰ ਮਿਲ ਰਹੀ ਪਛਾਣ ਅਤੇ ਉਹਨਾਂ ਦੇ ਹੱਕਾਂ ਦੀ ਰਾਖੀ ਵਿਰੁੱਧ ਕੋਸ਼ਿਸ਼ਾਂ ਕੀਤੀਆਂ। ਉਹਨਾਂ ਨੇ ਮੁਸਲਮਾਨਾਂ ਨੂੰ ਵੀ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ।

ਦੂਜੀ ਕਾਨਫਰੰਸ ਤੋਂ ਬਾਅਦ ਗਾਂਧੀ ਨੇ ਡੀਪਰੈਸਡ ਕਲਾਸਾਂ ਨੂੰ ਮਿਲ ਰਹੇ ਅਧਿਕਾਰਾਂ ਦੇ ਵਿਰੁੱਧ ਅੰਗਰੇਜ਼ ਸਰਕਾਰ ਨੂੰ ਸਿਵਲ ਨਾ ਫੁਰਮਾਨੀ ਦੀ ਆਪਣੀ ਲਹਿਰ ਫਿਰ ਸ਼ੁਰੂ ਕਰਨ ਦੀ ਧਮਕੀ ਦਿੱਤੀ, ਜਿਸ ਕਰਕੇ ਉਸਨੂੰ ਗ੍ਰਿਫ਼ਤਾਰ ਕਰਕੇ ਯਰਵਦਾ ਜੇਲ੍ਹ ਪੂਨਾ ਵਿਚ ਡੱਕ ਦਿੱਤਾ ਗਿਆ। ਜੇਲ੍ਹ ਵਿਚ ਸਵਰਾਜ ਨਹੀਂ ਸਗੋਂ ਅਛੂਤਾਂ ਦੀ ਸਮੱਸਿਆ ਉਸਨੂੰ ਵੱਧ ਸਤਾ ਰਹੀ ਸੀ। ਉਸਨੂੰ ਡਰ ਸੀ ਕਿ ਬਰਤਾਨੀਆ ਦਾ ਪ੍ਰਧਾਨ ਮੰਤਰੀ ਕਿਤੇ ਅਛੂਤਾਂ ਦੀ ਮੰਗ ਨਾ ਮੰਨ ਲਵੇ। ਇਸ ਨਹੀਂ ਉਸਨੇ 11 ਮਾਰਚ 1932 ਨੂੰ ਉਸ ਵੇਲੇ ਦੇ ਭਾਰਤ ਦੇ ਸਕੱਤਰ (ਵਜ਼ੀਰ) ਸਰ ਸੈਮੂਅਲ ਹੋਰੇ ਨੂੰ ਇਕ ਪੱਤਰ ਲਿਖਿਆ, ਜਿਸਦਾ ਉੱਤਰ ਹੋਰੇ ਨੇ 13 ਅਪ੍ਰੈਲ 1932 ਨੂੰ ਦਿੱਤਾ ਅਤੇ 17 ਅਗਸਤ 1932 ਨੂੰ ਕਮਿਊਨਲ ਐਵਾਰਡ ਐਲਾਨ ਦਿੱਤਾ।

ਗਾਂਧੀ ਨੇ ਲਿਖਿਆ, "ਤੁਹਾਨੂੰ ਯਾਦ ਹੋਵੇਗਾ ਕਿ ਮੈਂ ਗੋਲਮੇਜ਼ ਕਾਨਫਰੰਸ ਵਿਚ ਡੀਪਰੈਸਡ ਕਲਾਸਾਂ ਨੂੰ ਵੱਖਰੇ ਚੋਣ ਖੇਤਰ ਦੇਣ ਦੀ ਸਖ਼ਤ ਵਿਰੋਧਤਾ ਕੀਤੀ ਸੀ ਤੇ ਮੈਂ ਕਿਹਾ ਸੀ ਕਿ ਭਾਰਤ ਪਰਤਦਿਆਂ ਇਸਦੇ ਵਿਰੋਧ ਵਿਚ ਇਕ ਲਹਿਰ ਖੜ੍ਹੀ ਕਰ ਦੇਵਾਂਗਾ ਪਰ ਮੈਂ ਇਹ ਕਰ ਨਹੀਂ ਸਕਿਆ। ਮੈਂ ਇਹਨਾਂ ਨੂੰ ਲੈਜਿਸਲੇਚਰ ਵਿਚ ਨੁਮਾਇੰਦਗੀ ਅਤੇ ਵੋਟ ਅਧਿਕਾਰ ਦੇ ਵਿਰੁੱਧ ਨਹੀਂ ਹਾਂ ਪਰ ਮੈਂ ਕਿਸੇ ਵੀ ਹਾਲਤ ਵਿਚ ਇਹਨਾਂ ਦੇ ਅਲੱਗ ਚੋਣ ਖੇਤਰ ਦਾ ਅਧਿਕਾਰ ਸਵੀਕਾਰ ਨਹੀਂ ਕਰ ਸਕਦਾ। ਕਿਉਂਕਿ ਡੀਪਰੈਸਡ ਕਲਾਸਾਂ ਪੂਰੀ ਤਰ੍ਹਾਂ ਹਿੰਦੂਆਂ 'ਤੇ ਨਿਰਭਰ ਹਨ, ਇਸ ਨਹੀਂ ਇਹ ਅਧਿਕਾਰ ਦੇਣੇ ਨਾ ਇਹਨਾਂ ਡੀਪਰੈਸਡ ਕਲਾਸਾਂ ਦੇ ਹੱਕ ਵਿਚ ਹਨ ਅਤੇ ਨਾ ਹਿੰਦੂਆਂ ਦੇ। ਮੈਂ ਬਚਪਨ ਤੋਂ ਹੀ ਇਹਨਾਂ ਦੀ ਸਦੀਆਂ ਪੁਰਾਣੀ ਹਾਲਤ ਪ੍ਰਤੀ ਚਿੰਤਾਤੁਰ ਹਾਂ ਅਤੇ ਕਈ ਵਾਰੀ ਇਹਨਾਂ ਦੀ ਖਾਤਰ ਮੈਂ ਆਪਣਾ ਸਭ ਕੁਝ ਦਾਅ 'ਤੇ ਲਾਇਆ ਹੈ ਪਰ ਇਹ ਅਲੱਗ ਚੋਣ ਖੇਤਰ ਇਹਨਾਂ ਦਾ ਹੱਲ ਨਹੀਂ ਹੈ। ਜੇ ਤੁਸੀਂ ਹੁਣ ਵੀ ਮੇਰੇ ਨਾਲ ਸਹਿਮਤ ਨਾ ਹੋਏ ਤਾਂ ਮੈਂ ਇਸਦੇ ਵਿਰੋਧ ਵਿਚ ਮਰਨ ਵਰਤ ਰੱਖ ਦੇਵਾਂਗਾ।" "ਮੈਨੂੰ ਦੁੱਖ ਹੈ ਕਿ ਮੇਰੇ ਇਸ ਕਦਮ ਨਾਲ ਬ੍ਰਿਟਿਸ਼ ਸਰਕਾਰ ਨਹੀਂ ਗੰਭੀਰ ਮੁਸ਼ਕਿਲਾਂ ਖੜ੍ਹੀਆਂ ਹੋਣਗੀਆਂ ਪਰ ਇਹ ਮੇਰੀ ਅੰਤਰ ਆਤਮਾ ਦੀ ਆਵਾਜ਼ ਹੈ ਜਿਸਨੂੰ ਮੈਂ ਦਬਾਅ ਨਹੀਂ ਸਕਦਾ। ਭਾਵੇਂ ਮੇਰਾ ਕੋਈ ਵੀ ਨੁਕਸਾਨ ਹੋ ਜਾਵੇ।"

ਸਕੱਤਰ ਸਰ ਸੈਮੂਅਲ ਹੋਰੇ ਨੇ ਜਵਾਬ ਦਿੱਤਾ ਕਿ "ਤੁਹਾਨੂੰ ਪਤਾ ਹੈ ਕਿ ਲੋਥੀਅਨ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਨਹੀਂ ਕੀਤੀ। ਰਿਪੋਰਟ ਆਉਣ 'ਤੇ ਤੁਹਾਡੇ ਵਿਚਾਰਾਂ ਨੂੰ ਬਰਾਬਰ ਰੱਖ ਕੇ ਹੀ ਮੈਰਿਟ 'ਤੇ ਕੋਈ ਫੈਸਲਾ ਲਿਆ ਜਾਵੇਗਾ। ਜੇ ਤੁਸੀਂ ਮੇਰੀ ਥਾਂ ਤੇ ਹੁੰਦੇ ਮੈਨੂੰ ਯਕੀਨ ਹੈ ਤੁਸੀਂ ਵੀ ਇਵੇਂ ਹੀ ਕਰਨਾ ਸੀ। ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ।"

ਇਸਤੋਂ ਬਾਅਦ ਗਾਂਧੀ ਨਿਸ਼ਚਿੰਤ ਹੋ ਗਿਆ। ਉਸਨੂੰ ਭੁਲੇਖਾ ਸੀ ਕਿ ਉਸਦੇ ਮਰਨ ਵਰਤ ਦੀ ਧਮਕੀ ਬ੍ਰਿਟਿਸ਼ ਸਰਕਾਰ ਨਹੀਂ ਕਾਫ਼ੀ ਹੈ ਪਰ 17 ਅਗਸਤ 1932 ਨੂੰ ਪ੍ਰਧਾਨ ਮੰਤਰੀ ਨੇ ਕਮਿਊਨਲ ਐਵਾਰਡ ਦਾ ਐਲਾਨ ਕਰ ਦਿੱਤਾ, ਜਿਸ ਤੋਂ ਗਾਂਧੀ ਹੈਰਾਨ ਹੋ ਗਿਆ। ਉਸਨੂੰ ਬਿਲਕੁਲ ਅਜਿਹੀ ਕੋਈ ਆਸ ਨਹੀਂ ਸੀ। ਕਮਿਊਨਲ ਐਵਾਰਡ ਵਿਚ ਅਛੂਤਾਂ ਨਾਲ ਸਬੰਧਤ ਮੱਦਾਂ ਇਹ ਸਨ:-

ਬ੍ਰਿਟਿਸ਼ ਸਰਕਾਰ ਸਮਝਦੀ ਹੈ ਕਿ ਘੱਟ ਗਿਣਤੀਆਂ ਆਪਸ ਵਿਚ ਕਿਸੇ ਨਿਰਣੇ 'ਤੇ ਨਾ ਪਹੁੰਚਣ ਕਾਰਨ ਸੰਵਿਧਾਨ ਦੀ ਤਿਆਰੀ ਵਿਚ ਦੇਰੀ ਹੋ ਸਕਦੀ ਹੈ ਪਰ ਇਹਨਾਂ ਦੀਆਂ ਸਮੱਸਿਆਵਾਂ ਦਾ ਨਿਵਾਰਣ ਕਰਨ ਤੋਂ ਬਿਨਾਂ ਵੀ ਸੰਵਿਧਾਨ ਨਿਰਮਾਣ ਸੰਭਵ ਨਹੀਂ। ਇਹਨਾਂ ਦੋਹਾਂ ਧਿਰਾਂ ਨੂੰ ਕਿਸੇ ਨਿਰਣੇ 'ਤੇ ਪਹੁੰਚ ਜਾਣਾ ਚਾਹੀਦਾ ਹੈ, ਸਰਕਾਰ ਇਸ ਵਿਚ ਕੋਈ ਪਾਰਟੀ ਨਹੀਂ ਬਣੇਗੀ।

ਡੀਪਰੈਸਡ ਕਲਾਸਾਂ ਨੂੰ ਸ਼ਡਿਊਲ ਵਿਚ ਦਿੱਤੇ ਅੰਕੜਿਆਂ ਅਨੁਸਾਰ ਇਹਨਾਂ ਦੀਆਂ ਬਹੁਗਿਣਤੀ ਵਾਲੀਆਂ ਵਿਸ਼ੇਸ਼ ਸੀਟਾਂ ਦਿੱਤੀਆਂ ਗਈਆਂ ਹਨ, ਜਿਹਨਾਂ 'ਤੇ ਇਹ ਆਪਣੇ ਮੈਂਬਰਾਂ ਨੂੰ ਆਪ ਵੋਟ ਪਾਉਣਗੇ। ਇਹ ਵਿਸ਼ੇਸ਼ ਸੀਟਾਂ 20 ਸਾਲਾਂ ਦੇ ਸਮੇਂ ਨਹੀਂ ਹੋਣਗੀਆਂ।

## ਪੂਨਾ ਸਮਝੌਤਾ

ਗਾਂਧੀ ਨੇ ਜਦੋਂ ਵੇਖਿਆ ਕਿ ਉਸਦੀ ਧਮਕੀ ਦਾ ਕੋਈ ਅਸਰ ਨਹੀਂ ਹੋਇਆ ਅਤੇ ਕਮਿਊਨਲ ਐਵਾਰਡ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ ਤਾਂ ਉਸਨੇ ਫਿਰ 18 ਅਗਸਤ 1932 ਨੂੰ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ। ਭਾਵੇਂ ਗਾਂਧੀ ਨੇ ਕਮਿਊਨਲ ਐਵਾਰਡ ਪ੍ਰਵਾਨ ਕਰਨ ਦੇ ਪਾਬੰਦ ਹੋਣ ਨਹੀਂ ਪਹਿਲਾਂ ਹੀ ਦਸਖ਼ਤ ਵੀ ਕੀਤੇ ਹੋਏ ਸਨ, ਫਿਰ ਵੀ ਉਸਨੇ ਇਹ ਚਿੱਠੀ ਲਿਖੀ। ਉਸਨੇ ਲਿਖਿਆ ਕਿ "ਮੈਂ ਪਹਿਲਾਂ ਵੀ ਚਿੱਠੀ ਲਿਖੀ ਸੀ ਤੇ ਇਹ ਚਿੱਠੀ ਵੀ ਉਸਦੇ ਸਬੰਧ ਵਿਚ ਹੀ ਹੈ। ਮੇਰੀ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਕਿ ਮੈਂ ਡੀਪਰੈਸਡ ਕਲਾਸਾਂ ਨੂੰ ਅਲੱਗ ਚੋਣ ਖੇਤਰ ਦੇਣ ਦੇ ਸਖ਼ਤ ਵਿਰੁੱਧ ਹਾਂ। ਹੁਣ ਮੈਂ ਫਿਰ ਆਖਦਾ ਹਾਂ ਕਿ ਜੇ ਮੇਰੀ ਇਹ ਮੰਗ ਨਾ ਮੰਨੀ ਗਈ ਤਾਂ ਮੈਂ ਮਰਨ ਵਰਤ ਰੱਖ ਦੇਵਾਂਗਾ। ਇਸ ਨਹੀਂ ਜੇ ਤੁਸੀਂ ਕਮਿਊਨਲ ਐਵਾਰਡ ਵਾਲਾ ਆਪਣਾ ਨਿਰਣਾ ਨਾ ਬਦਲਿਆ ਤਾਂ 20 ਸਤੰਬਰ ਨੂੰ ਮੇਰਾ ਮਰਨ ਵਰਤ ਸ਼ੁਰੂ ਹੋ ਜਾਵੇਗਾ।"

ਪ੍ਰਧਾਨ ਮੰਤਰੀ ਨੇ ਲਿਖਿਆ ਕਿ "ਤੁਸੀਂ ਇਹ ਪੱਤਰ ਕਿਸੇ ਗਲਤ ਫਹਿਮੀ ਵਿਚ ਲਿਖਿਆ ਲੱਗਦਾ ਹੈ। ਸਾਨੂੰ ਪਤਾ ਹੈ ਕਿ ਤੁਸੀਂ ਡੀਪਰੈਸਡ ਕਲਾਸਾਂ ਦੀ ਹਿੰਦੂਆਂ ਨਾਲੋਂ ਪੱਕੇ ਤੌਰ ਤੇ ਅਲੱਗ ਹੋਣ ਦੇ ਵਿਰੁੱਧ ਹੋ ਇਸ ਨਹੀਂ ਇਹ ਵਿਸ਼ੇਸ਼ ਚੋਣ ਖੇਤਰ 20 ਸਾਲਾਂ ਨਹੀਂ ਹੀ ਰੱਖੇ ਗਏ ਹਨ। ਡੀਪਰੈਸਡ ਕਲਾਸਾਂ ਦੀਆਂ ਕਈ ਜਥੇਬੰਦੀਆਂ ਵੱਲੋਂ ਭੇਜੀਆਂ ਅਪੀਲਾਂ ਕਿ ਉਹਨਾਂ ਵੱਲੋਂ ਲੰਮੇ ਸਮੇਂ ਤੋਂ ਸਮਾਜਿਕ ਬੁਰਾਈਆਂ ਝੱਲੀਆਂ ਜਾ ਰਹੀਆਂ ਹਨ- ਜਿਹਨਾਂ ਨੂੰ ਤੁਸੀਂ ਵੀ ਮੰਨਦੇ ਹੋ, ਇਹ ਕਦਮ ਉਹਨਾਂ ਦੇ ਅਧਿਕਾਰਾਂ ਦੀ ਰੱਖਿਆ ਦੇ ਮੱਦੇਨਜ਼ਰ ਹੀ ਚੁੱਕਿਆ ਗਿਆ ਹੈ। ਜਿੱਥੇ ਵੀ ਇਹ ਵਿਸ਼ੇਸ਼ ਚੋਣ ਖੇਤਰ ਹੋਣਗੇ, ਉਥੇ ਉਹ ਡੀਪਰੈਸਡ ਕਲਾਸਾਂ ਦੇ ਵੋਟਰ ਜਨਰਲ ਹਿੰਦੂ ਨੂੰ ਵੀ ਵੋਟ ਪਾ ਸਕਣਗੇ। ਇਸ ਨਹੀਂ ਇਹ ਹਿੰਦੂਆਂ ਤੋਂ ਅਲੱਗ ਕਰਨ ਵਾਲਾ ਕਦਮ ਨਹੀਂ ਹੈ। ਡੀਪਰੈਸਡ ਕਲਾਸਾਂ ਦਾ ਮੈਂਬਰ ਜਨਰਲ ਹਿੰਦੂ ਸੀਟ 'ਤੇ ਵੀ ਖੜ੍ਹ ਸਕਦਾ ਹੈ ਪਰ ਮੁਸਲਮਾਨਾਂ ਜਾਂ ਸਿੱਖਾਂ ਦੇ ਕੇਸ ਵਿਚ ਅਜਿਹਾ ਨਹੀਂ ਹੈ। ਤੁਸੀਂ ਸਿਰਫ਼ ਇਹ ਨਹੀਂ ਚਾਹੁੰਦੇ ਕਿ ਡੀਪਰੈਸਡ ਕਲਾਸਾਂ ਦੇ ਨੁਮਾਇੰਦੇ ਹੀ ਡੀਪਰੈਸਡ ਕਲਾਸਾਂ ਦੇ ਹਿੱਤ ਵਾਚਣ। ਸਾਡਾ ਫੈਸਲਾ ਬਦਲਣ ਵਾਲਾ ਨਹੀਂ। ਇਸ ਸਬੰਧ ਵਿਚ ਸਿਰਫ਼ ਦੋਵੇਂ ਕਮਿਊਨਿਟੀਆਂ ਹੀ ਕੋਈ ਆਪਸ ਵਿਚ ਸਮਝੌਤਾ ਕਰ ਸਕਦੀਆਂ ਹਨ।"

ਗਾਂਧੀ ਇਸਨੂੰ ਹਿੰਦੂ ਧਰਮ ਦਾ ਮਸਲਾ ਗਰਦਾਨਦੇ ਸਨ, ਜਿਸ ਕਰਕੇ ਉਸਦਾ ਮੰਨਣਾ ਸੀ ਕਿ ਇਹਨਾਂ ਵਿਸ਼ੇਸ਼ ਅਧਿਕਾਰਾਂ ਨਾਲ ਡੀਪਰੈਸਡ ਕਲਾਸਾਂ ਹਿੰਦੂਆਂ ਤੋਂ ਅਲੱਗ ਮੰਨੀਆਂ ਜਾਣ ਲੱਗ ਪੈਣਗੀਆਂ। ਉਸਨੂੰ ਬੱਸ ਇਹ ਚਿੰਤਾ ਸਤਾ ਰਹੀ ਸੀ। ਹੋਰ ਚਾਰਾ ਚਲਦਾ ਨਾ ਵੇਖ ਕੇ ਅੰਤ ਉਸਨੇ 20 ਸਤੰਬਰ 1932 ਨੂੰ ਮਰਨ ਵਰਤ ਰੱਖ ਦਿੱਤਾ।

ਗਾਂਧੀ ਦੇ ਮਰਨ ਵਰਤ ਰੱਖਣ ਤੇ ਡਾ. ਅੰਬੇਡਕਰ ਨੇ ਕਿਹਾ ਕਿ ਗਾਂਧੀ ਗੋਲਮੇਜ਼ ਕਾਨਫਰੰਸ ਵਿਚ ਕਮਿਊਨਲ ਐਵਾਰਡ ਦੇ ਸਵਾਲ ਨੂੰ ਤੁੱਛ ਹੀ ਸਮਝਦੇ ਸਨ ਤੇ ਇਸਨੂੰ ਸੰਵਿਧਾਨ ਦਾ ਹੀ ਇਕ ਛੋਟਾ ਜਿਹਾ ਅਨੁਲੱਗ ਸਮਝਦੇ ਸਨ ਪਰ ਹੁਣ ਉਹਨਾਂ ਨੇ ਇਸਨੂੰ ਇੱਡਾ ਵੱਡਾ ਮੁੱਦਾ ਬਣਾ ਦਿੱਤਾ ਹੈ ਕਿ ਇਸ ਨਹੀਂ ਮਰਨ ਵਰਤ ਵਰਗਾ ਵੱਡਾ ਹਥਿਆਰ ਵਰਤਿਆ ਜਾ ਰਿਹਾ ਹੈ। ਚੰਗਾ ਹੁੰਦਾ ਜੇ ਇਹ ਹਥਿਆਰ ਉਹ ਆਜ਼ਾਦੀ ਲੈਣ ਨਹੀਂ ਵਰਤਦੇ। ਅਲੱਗ ਚੋਣ ਖੇਤਰ ਡੀਪਰੈਸਡ ਕਲਾਸਾਂ ਨੂੰ ਹੀ ਨਹੀਂ ਇਸਾਈਆਂ, ਐਂਗਲੋ ਇੰਡੀਅਨ, ਯੂਰਪੀਅਨ, ਮੁਸਲਮਾਨ ਅਤੇ ਸਿੱਖਾਂ ਨੂੰ ਵੀ ਦਿੱਤੇ ਗਏ ਸਨ। ਪਹਿਲਾਂ ਗਾਂਧੀ ਨੇ ਮੁਸਲਮਾਨਾਂ ਅਤੇ ਸਿੱਖਾਂ ਤੋਂ ਇਲਾਵਾ ਸਭ ਦੀ ਵਿਰੋਧਤਾ ਕੀਤੀ ਪਰ ਫਿਰ ਉਹ ਡੀਪਰੈਸਡ ਕਲਾਸਾਂ ਤੋਂ ਬਿਨਾਂ ਸਭ ਨੂੰ ਵਿਸ਼ੇਸ਼ ਚੋਣ ਖੇਤਰ ਦੇਣ ਨਹੀਂ ਸਹਿਮਤ ਹੋ ਗਏ। ਜੇ ਦੇਸ਼ ਮੁਸਲਮਾਨਾਂ ਤੇ ਸਿੱਖਾਂ ਨੂੰ ਵਿਸ਼ੇਸ਼ ਚੋਣ ਖੇਤਰ ਦੇਣ ਨਾਲ ਨਹੀਂ ਵੰਡਿਆ ਜਾਂਦਾ ਤਾਂ ਡੀਪਰੈਸਡ ਕਲਾਸਾਂ ਨੂੰ ਹੀ ਦੇਣ ਨਾਲ ਕਿਵੇਂ ਵੰਡਿਆ ਜਾਵੇਗਾ? ਡੀਪਰੈਸਡ ਕਲਾਸਾਂ ਪੂਰਨ ਤੌਰ ਤੇ ਹਿੰਦੂਆਂ 'ਤੇ ਨਿਰਭਰ ਹਨ, ਇਹਨਾਂ ਨੂੰ ਰਾਜਨੀਤਿਕ ਅਧਿਕਾਰਾਂ ਦੀ ਰਾਖੀ ਨਹੀਂ ਇਹਨਾਂ ਵਿਸ਼ੇਸ਼ ਚੋਣ ਖੇਤਰਾਂ ਦੀ ਅਤਿਅੰਤ ਲੋੜ ਹੈ ਪਰ ਹਿੰਦੂ ਇਹਨਾਂ ਦੇ ਸਾਰੇ ਦਰਵਾਜ਼ੇ ਬੰਦ ਕਰਦੇ ਜਾ ਰਹੇ ਹਨ। ਕਮਿਊਨਲ ਐਵਾਰਡ ਤਾਂ ਅਲੱਗ ਚੋਣ ਖੇਤਰ ਮੰਗਣ ਵਾਲੇ ਅਤੇ ਸਾਂਝੇ ਚੋਣ ਖੇਤਰ ਮੰਗਣ ਵਾਲੇ ਦੋਹਾਂ ਦੀ ਸੰਤੁਸ਼ਟੀ ਕਰਵਾਉਂਦਾ ਹੈ।

ਡਾ. ਅੰਬੇਡਕਰ ਅੱਗੇ ਦੱਸਦੇ ਹਨ ਕਿ ਗਾਂਧੀ ਵੱਲੋਂ ਇਸ ਸਬੰਧ ਵਿਚ ਉਹਨਾਂ ਨੂੰ ਇਕ ਹੋਰ ਸਕੀਮ ਦੱਸੀ ਗਈ। ਗਾਂਧੀ ਦਾ ਕਹਿਣਾ ਸੀ ਕਿ ਜੇ ਡੀਪਰੈਸਡ ਕਲਾਸਿਜ਼ ਦਾ ਮੈਂਬਰ ਜਨਰਲ ਮੈਂਬਰ ਦੇ ਮੁਕਾਬਲੇ ਹਾਰ ਜਾਂਦਾ ਹੈ ਤਾਂ ਉਹ (ਗਾਂਧੀ) ਉਸ ਹਾਰੇ ਮੈਂਬਰ ਨਹੀਂ ਕਿਤੋਂ ਹੋਰ ਕਿਸੇ ਕਾਂਗਰਸ ਦੇ ਮੈਂਬਰ ਨੂੰ ਸੀਟ ਖਾਲੀ ਕਰਨ ਨਹੀਂ ਮਨਾ ਲਵੇਗਾ ਅਤੇ ਉਥੋਂ ਉਸ ਹਾਰੇ ਹੋਏ ਮੈਂਬਰ ਨੂੰ ਦੁਬਾਰਾ ਚੋਣ ਲੜਾ ਦੇਵੇਗਾ। ਪਰ ਇਹ ਸਾਰੀ ਜ਼ੁਬਾਨੀ ਕਲਾਮੀ ਗੱਲ ਸੀ, ਇਹ ਕੋਈ ਸੰਵਿਧਾਨਕ ਹੱਲ ਤਾਂ ਹੈ ਨਹੀਂ ਸੀ। ਡਾ. ਅੰਬੇਡਕਰ ਕਹਿੰਦੇ ਹਨ ਕਿ ਮਹਾਤਮਾ ਗਾਂਧੀ ਅਮਰ ਤਾਂ ਹੈ ਨਹੀਂ ਜੋ ਉਹ ਆਪਣੇ ਆਖੇ ਹੋਏ ਸ਼ਬਦਾਂ ਤੇ ਹਮੇਸ਼ਾਂ ਖੜ੍ਹਾ ਰਹੇਗਾ। ਕਿੰਨੇ ਹੀ ਮਹਾਤਮਾ ਜਾਤਪਾਤ ਅਤੇ ਛੂਤਛਾਤ ਦੂਰ ਕਰਨਾ ਚਾਹੁੰਦੇ ਸਨ ਪਰ ਉਹ ਆਏ ਅਤੇ ਚਲੇ ਗਏ ਪਰ ਛੂਤਛਾਤ ਹਾਲੇ ਵੀ ਕਾਇਮ ਹੈ। ਇਸ ਨਹੀਂ ਮੈਂ ਉਹਨਾਂ ਦੀਆਂ ਗੱਲਾਂ 'ਤੇ ਭਰੋਸਾ ਨਹੀਂ ਸੀ ਕਰ ਸਕਦਾ। ਆਪਣੇ ਲੋਕਾਂ ਦੀ ਭਲਾਈ ਦਾ ਸਵਾਲ ਜੋ ਬਹੁਤ ਮਹੱਤਵਪੂਰਨ ਹੈ ਉਹ ਮੈਂ ਸਿਰਫ਼ ਗਾਂਧੀ ਦੇ ਜ਼ੁਬਾਨੀ ਭਰੋਸੇ 'ਤੇ ਹੀ ਨਹੀਂ ਸੀ ਛੱਡ ਸਕਦਾ। ਉਹਨਾਂ ਕਿਹਾ ਕਿ ਜੇ ਗਾਂਧੀ ਇਸ ਤੋਂ ਵਧੀਆ ਕੋਈ ਸੰਵਿਧਾਨਕ ਹੱਲ ਪੇਸ਼ ਕਰਨਾ ਚਾਹੁੰਦਾ ਹੈ ਤਾਂ ਆਪਣੀ ਸਕੀਮ ਪੇਸ਼ ਕਰੇ। ਮਹਾਤਮਾ ਨੂੰ ਪਤਾ ਹੈ ਜਾਂ ਨਹੀਂ ਕਿ ਉਹਨਾਂ ਦੇ ਇਸ ਕਦਮ ਨਾਲ (ਮਰਨ ਵਰਤ) ਹੋਰ ਕੁਝ ਨਹੀਂ ਦੇਸ਼ ਭਰ ਵਿਚ ਡੀਪਰੈਸਡ ਕਲਾਸਾਂ ਵਿਚ ਡਰ ਪੈਦਾ ਕੀਤਾ ਜਾ ਰਿਹਾ ਹੈ। ਮਹਾਤਮਾ ਜੇ ਡੀਪਰੈਸਡ ਕਲਾਸਾਂ ਨੂੰ ਪੁੱਛਣ ਦੀ ਖੇਚਲ ਕਰਨ ਕਿ ਉਹ ਹਿੰਦੂ ਧਰਮ ਜਾਂ ਰਾਜਨੀਤਿਕ ਅਧਿਕਾਰ/ਤਾਕਤ ਵਿਚੋਂ ਕਿਸਨੂੰ ਚੁਣਨਗੇ ਤਾਂ ਨਿਸ਼ਚੇ ਹੀ ਉਹ ਰਾਜਨੀਤਿਕ ਤਾਕਤ ਹੀ ਚੁਣਨਗੇ। ਇੰਝ ਕਰਨ ਨਾਲ ਉਹ ਮਹਾਤਮਾ ਨੂੰ ਵੀ ਬਚਾ ਲੈਣਗੇ। ਪਰ ਜੇ ਗਾਂਧੀ ਆਪਣੇ ਐਕਸ਼ਨ ਦੇ ਭੈੜੇ ਨਤੀਜਿਆਂ ਦਾ ਡਰਾਵਾ ਦੇ ਕੇ ਜਿੱਤ ਵੀ ਜਾਂਦੇ ਹਨ ਤਾਂ ਇਹ ਜਿੱਤ ਕੋਈ ਅਰਥ ਨਹੀਂ ਰੱਖਦੀ ਕਿਉਂਕਿ ਇੰਝ ਕਰਕੇ ਉਹ ਹਿੰਦੂਆਂ ਅਤੇ ਡੀਪਰੈਸਡ ਕਲਾਸਾਂ ਵਿਚ ਨਫ਼ਰਤ ਫੈਲਾਉਣ ਦਾ ਸਾਧਨ ਬਣ ਰਹੇ ਹਨ। ਉਹਨਾਂ ਅੱਗੇ ਦੱਸਿਆ ਕਿ ਗੋਲਮੇਜ਼ ਕਾਨਫਰੰਸ ਵਿਚ ਜਦੋਂ ਉਹਨਾਂ ਨੇ ਗਾਂਧੀ ਦੀ ਵਿਰੋਧਤਾ ਕੀਤੀ ਤਾਂ ਸਾਰੇ ਦੇਸ਼ ਵਿਚ ਹੋ ਹੱਲਾ ਮਚਾ ਦਿੱਤਾ ਗਿਆ।ਕਥਿਤ ਕੌਮੀ ਪ੍ਰੈਸ ਨੇ ਮੈਨੂੰ ਗੱਦਾਰ ਤੱਕ ਕਿਹਾ। ਮੇਰੇ ਚਿੱਠੀ ਪੱਤਰ ਦਬਾਅ ਲਿਤੇ ਜਾਂਦੇ ਸਨ ਅਤੇ ਗਾਂਧੀ ਪੱਖੀ ਪ੍ਰਚਾਰ ਨੂੰ ਵਧਾ ਚੜ੍ਹਾ ਕੇ ਛਾਪਿਆ ਜਾਂਦਾ ਸੀ। ਮੀਟਿੰਗਾਂ ਜੋ ਕਦੇ ਨਹੀਂ ਹੋਈਆਂ ਉਹਨਾਂ ਦੀਆਂ ਜਾਅਲੀ ਰਿਪੋਰਟਾਂ ਤਿਆਰ ਕਰਕੇ ਛਾਪੀਆਂ ਜਾਂਦੀਆਂ ਸਨ ਅਤੇ ਪੈਸਾ ਪਾਣੀ ਦੀ ਤਰ੍ਹਾਂ ਵਹਾਇਆ ਗਿਆ। ਡੀਪਰੈਸਡ ਕਲਾਸਾਂ ਵਿਚ ਆਪਸੀ ਫੁੱਟ ਪਾਉਣ ਅਤੇ ਆਪਸੀ ਝੜੱਪਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਕਈ ਥਾਂਵਾਂ 'ਤੇ ਘਟਨਾਵਾਂ ਵਾਪਰੀਆਂ ਵੀ। ਮਹਾਤਮਾ ਜੇ ਚਾਹੁੰਦੇ ਹਨ ਕਿ ਅਜਿਹਾ ਦੁਬਾਰਾ ਨਾ ਵਾਪਰੇ ਤਾਂ ਉਹਨਾਂ ਨੂੰ ਆਪਣਾ ਮਰਨ ਵਰਤ ਦਾ ਫੈਸਲਾ ਬਦਲ ਲੈਣਾ ਚਾਹੀਦਾ ਹੈ। ਜੇ ਉਹਨਾਂ ਨੇ ਫੈਸਲਾ ਨਾ ਬਦਲਿਆ ਤਾਂ ਇਸਦੇ ਨਤੀਜੇ ਵਿਚੋਂ ਤਬਾਹੀ ਨਿਸ਼ਚਿਤ ਹੈ, ਜਿਵੇਂ ਦਿਨ ਤੋਂ ਬਾਅਦ ਰਾਤ ਅਟੱਲ ਹੈ।

ਬਾਬਾ ਸਾਹਿਬ ਅੱਗੇ ਲਿਖਦੇ ਹਨ ਕਿ, "ਮੈਂ ਅੰਤ ਵਿਚ ਲੋਕਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਵੱਲੋਂ ਇਹ ਮਾਮਲਾ ਬੰਦ ਕਰ ਦਿੱਤਾ ਗਿਆ ਹੈ। ਪਰ ਫਿਰ ਵੀ ਜੇ ਮਹਾਤਮਾ ਕੋਲ ਕੋਈ ਯੋਜਨਾ ਹੈ ਤਾਂ ਮੈਂ ਉਸ 'ਤੇ ਵਿਚਾਰ ਕਰਨ ਨਹੀਂ ਤਿਆਰ ਹਾਂ। ਮੈਨੂੰ ਯਕੀਨ ਹੈ ਕਿ ਮਹਾਤਮਾ ਮੈਨੂੰ ਆਪਣੀ ਜ਼ਿੰਦਗੀ ਅਤੇ ਮੇਰੇ ਲੋਕਾਂ ਦੇ ਅਧਿਕਾਰਾਂ ਵਿਚਕਾਰ ਨਹੀਂ ਆਉਣਗੇ ਦੇਣਗੇ ਕਿਉਂਕਿ ਮੈਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਜਾਤੀਵਾਦੀ ਹਿੰਦੂਆਂ ਦੇ ਰਹਿਮੋ-ਕਰਮ ਤੇ ਬੱਧੇ ਹੱਥ ਅਤੇ ਪੈਰ ਨਹੀਂ ਛੱਡਣਾ ਚਾਹਾਂਗਾ। ਪਰ ਅਫਸੋਸ ਇਹੋ ਜਿਹੇ ਹਾਲਾਤ ਪੈਦਾ ਹੋ ਗਏ ਕਿ ਉਹਨਾਂ ਨੂੰ ਮਜਬੂਰੀ ਵੱਸ ਗਾਂਧੀ ਨਾਲ 'ਪੂਨਾ ਸਮਝੌਤਾ' ਕਰਨਾ ਹੀ ਪਿਆ। ਇਸ ਮੌਕੇ ਬਾਰੇ ਉਹਨਾਂ ਨੇ ਲਿਖਿਆ ਕਿ "ਮੈਂ ਬੜੀ ਦੁਬਿਧਾ ਵਿਚ ਫਸ ਗਿਆ ਸੀ। ਇਕ ਪਾਸੇ ਇਨਸਾਨੀਅਤ ਦਾ ਫਰਜ਼- ਇਕ ਜਾਨ ਬਚਾਉਣੀ ਸੀ ਤੇ ਦੂਜੇ ਪਾਸੇ ਡੀਪਰੈਸਡ ਕਲਾਸਾਂ ਦੇ ਰਾਜਨੀਤਿਕ ਅਧਿਕਾਰ ਜੋ ਉਹਨਾਂ ਨੂੰ ਮਿਲ ਚੁੱਕੇ ਸਨ, ਉਹ ਬਚਾਉਣੇ ਸਨ। ਮੈਂ ਇਨਸਾਨੀਅਤ ਨੂੰ ਪਹਿਲ ਦਿੰਦਿਆਂ ਗਾਂਧੀ ਦੀ ਜਾਨ ਬਚਾਈ ਤੇ ਸਮਝੌਤਾ ਕਰਨਾ ਪਿਆ, ਜੋ 'ਪੂਨਾ ਪੈਕਟ' ਕਰਕੇ ਜਾਣਿਆ ਜਾਂਦਾ ਹੈ।"

ਪੂਨਾ ਸਮਝੌਤੇ ਨਾਲ ਵੱਖਰੇ ਚੋਣ ਖੇਤਰ ਅਤੇ ਦੂਹਰੀ ਵੋਟ ਪ੍ਰਣਾਲੀ ਸਮਾਪਤ ਕਰ ਦਿੱਤੀ ਗਈ। ਇਸਦੀ ਥਾਂ ਤੇ ਸੂਬਾ ਅਤੇ ਕੇਂਦਰੀ ਲੈਜੀਸਲੇਚਰ ਵਿਚ ਜਨਰਲ ਸੀਟਾਂ ਵਿਚ ਰਾਖਵਾਂਕਰਨ ਕਰ ਦਿੱਤਾ ਗਿਆ। ਸੂਬਿਆਂ ਵਿਚ ਕੁੱਲ 148 ਸੀਟਾਂ ਰਾਖਵੀਆਂ ਕੀਤੀਆਂ ਗਈਆਂ, ਜਿਹਨਾਂ ਵਿਚੋਂ ਪੰਜਾਬ ਨੂੰ 8 ਸੀਟਾਂ ਮਿਲੀਆਂ। ਕੇਂਦਰੀ ਲੈਜੀਸਲੇਚਰ ਵਿਚ 18 ਫੀਸਦੀ ਰਾਖਵਾਂਕਰਨ ਦਿੱਤਾ ਗਿਆ। ਇਹ ਸੀਟਾਂ ਸਾਂਝੇ ਚੋਣ ਖੇਤਰ ਰਾਹੀਂ ਭਰੀਆਂ ਜਾਣਗੀਆਂ ਪਰ ਰਾਖਵਾਂ ਉਮੀਦਵਾਰ ਚੁਣਨ ਨਹੀਂ ਪਹਿਲਾਂ ਪ੍ਰਾਇਮਰੀ ਪੱਧਰ 'ਤੇ ਚਾਰ ਉਮੀਦਵਾਰਾਂ ਦਾ ਇਕ ਪੈਨਲ ਤਿਆਰ ਕੀਤਾ ਜਾਵੇਗਾ। ਇਹਨਾਂ ਵਿਚੋਂ ਸਭ ਤੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ ਅੰਤਿਮ ਤੌਰ 'ਤੇ ਉਮੀਦਵਾਰ ਹੋਵੇਗਾ, ਜਿਸਨੂੰ ਸਾਰੇ ਹੀ ਸਾਂਝੇ ਤੌਰ 'ਤੇ ਵੋਟਾਂ ਪਾਉਣਗੇ। ਇਸੇ ਤਰ੍ਹਾਂ ਕੇਂਦਰੀ ਅਸੈਂਬਲੀ ਦੀ ਚੋਣ ਹੋਵੇਗੀ। ਇਹ ਰਾਖਵਾਂਕਰਨ 10 ਸਾਲਾਂ ਦੇ ਸਮੇਂ ਨਹੀਂ ਹੋਵੇਗਾ, ਜਿਸਨੂੰ ਦੋਵੇਂ ਧਿਰਾਂ ਆਪਸੀ ਸਮਝੌਤੇ ਰਾਹੀਂ ਪਹਿਲਾਂ ਵੀ ਖਤਮ ਕਰ ਸਕਦੀਆਂ ਹਨ। ਡੀਪਰੈਸਡ ਕਲਾਸਾਂ ਨਹੀਂ ਕੁਝ ਵਿਦਿਆ ਦੇ ਬਜਟ ਵਿਚੋਂ ਵੱਖਰਾ ਬਜਟ ਦਿੱਤਾ ਜਾਵੇਗਾ, ਜਿਸ ਨਾਲ ਇਹਨਾਂ ਦੀ ਵਿੱਦਿਅਕ ਉਨਤੀ ਹੋ ਸਕੇ। ਹੋਰ ਵੀ ਕਿਸੇ ਪਬਲਿਕ ਸਰਵਿਸ ਨਹੀਂ ਡੀਪਰੈਸਡ ਕਲਾਸਾਂ ਦਾ ਮੈਂਬਰ ਹੋਣਾ ਕੋਈ ਅਯੋਗਤਾ ਨਹੀਂ ਗਿਣੀ ਜਾਵੇਗੀ।

ਪੂਨਾ ਸਮਝੌਤਾ ਤਾਂ 25 ਸਤੰਬਰ 1932 ਨੂੰ ਹੋ ਗਿਆ। ਗਾਂਧੀ ਦੀ ਜਾਨ ਬਚ ਗਈ ਪਰ ਜੋ ਡੀਪਰੈਸਡ ਕਲਾਸਾਂ ਨੂੰ ਲਾਭ ਮਿਲਣਾ ਸੀ, ਅਸਲ ਵਿਚ ਉਹ ਗੁਆਚ ਗਿਆ। ਡਾ. ਅੰਬੇਡਕਰ ਇਸ ਤੋਂ ਬਹੁਤ ਨਿਰਾਸ਼ ਸਨ। ਪੂਨਾ ਸਮਝੌਤੇ ਤੋਂ ਅਗਲੇ ਦਿਨ ਹੀ ਉਹਨਾਂ ਨੇ ਇਸਨੂੰ ਨਿਕਾਰਨਾ/ਭੰਡਣਾ ਸ਼ੁਰੂ ਕਰ ਦਿੱਤਾ ਸੀ। ਪੂਨਾ ਪੈਕਟ ਤੋਂ 15 ਸਾਲਾਂ ਬਾਅਦ 15 ਮਾਰਚ 1947 ਨੂੰ ਸੰਵਿਧਾਨਕ ਕਮੇਟੀ ਨੂੰ ਜੋ ਸੰਵਿਧਾਨ ਤਿਆਰ ਕਰਨ ਜਾ ਰਹੀ ਸੀ, ਉਹਨਾਂ ਨੇ ਸ਼ਡਿਊਲਡ ਕਾਸਟ ਫੈਡਰੇਸ਼ਨ ਵੱਲੋਂ ਇਕ ਮੈਮੋਰੰਡਮ ਦਿੱਤਾ, ਜਿਸ ਤੋਂ ਪਤਾ ਲੱਗਦਾ ਹੈ ਕਿ ਡਾ. ਅੰਬੇਡਕਰ ਪੂਨਾ ਪੈਕਟ ਨੂੰ ਇਕ ਫਰੇਬੀ ਚਾਲ ਸਮਝਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਪੂਨਾ ਪੈਕਟ ਇਸ ਢੰਗ ਨਾਲ ਤਿਆਰ ਕੀਤਾ ਗਿਆ ਸੀ ਕਿ ਡੀਪਰੈਸਡ ਕਲਾਸਾਂ ਦਾ ਉਮੀਦਵਾਰ ਉਹਨਾਂ ਦੀ ਮਰਜ਼ੀ ਦਾ ਜਿੱਤ ਕੇ ਨਾ ਆਵੇ। ਉਹਨਾਂ ਨੇ ਪੂਨਾ ਪੈਕਟ ਤੋਂ ਬਾਅਦ ਹੋਈਆਂ ਚੋਣਾਂ ਦੇ ਦਿੱਤੇ ਅੰਕੜਿਆਂ ਤੋਂ ਸਿੱਧ ਕੀਤਾ ਕਿ ਡੀਪਰੈਸਡ ਕਲਾਸਾਂ ਦੇ ਉਮੀਦਵਾਰ ਹਿੰਦੂ ਵੋਟਾਂ ਦੇ ਸਿਰ 'ਤੇ ਜਿੱਤੇ ਹਨ ਨਾਂ ਕਿ ਡੀਪਰੈਸਡ ਕਲਾਸਾਂ ਦੇ। ਇਸ ਤਰ੍ਹਾਂ ਇਹ ਸਿੱਧ ਹੁੰਦਾ ਹੈ ਕਿ ਇਸ ਚੋਣ ਪ੍ਰਣਾਲੀ ਰਾਹੀਂ ਜਿੱਤਣ ਵਾਲਾ ਰਾਖਵਾਂ ਉਮੀਦਵਾਰ ਅਸਲ ਵਿਚ ਡੀਪਰੈਸਡ ਕਲਾਸਾਂ ਦਾ ਨੁਮਾਇੰਦਾ ਨਹੀਂ ਹੈ ਤੇ ਨਾ ਹੋ ਸਕਦਾ ਹੈ। ਇਸ ਨਹੀਂ 'ਪੂਨਾ ਪੈਕਟ' ਗਾਂਧੀ ਦੀ ਘਟੀਆ ਚਾਲ ਨਾਲ ਹੋਂਦ ਵਿਚ ਆਇਆ ਜੋ ਕਿ ਡੀਪਰੈਸਡ ਕਲਾਸਾਂ ਦੇ ਹਿੱਤ ਵਿਚ ਬਿਲਕੁਲ ਨਹੀਂ ਹੈ। ਉਸ ਵੇਲੇ ਭਾਵੇਂ ਇਹ ਵਿਸ਼ਵਾਸ ਵੀ ਦਿਵਾਇਆ ਗਿਆ ਸੀ ਕਿ ਹਿੰਦੂ ਡੀਪਰੈਸਡ ਕਲਾਸਾਂ ਦੀ ਚੋਣ ਵਿਚ ਦਖਲਅੰਦਾਜ਼ੀ ਨਹੀਂ ਕਰਨਗੇ। ਡਾ. ਅੰਬੇਡਕਰ ਨੇ ਸਾਵਧਾਨ ਕੀਤਾ ਕਿ ਗਾਂਧੀ ਡੀਪਰੈਸਡ ਕਲਾਸਾਂ ਨਹੀਂ ਹੋਰ ਵੀ ਮੁਸ਼ਕਿਲਾਂ ਪੈਦਾ ਕਰ ਸਕਦਾ ਹੈ। ਇਸ ਨਹੀਂ ਸਾਵਧਾਨ ਰਹਿਣ ਦੀ ਲੋੜ ਹੈ।

## ਡਾ. ਅੰਬੇਡਕਰ ਦੇ ਸੰਘਰਸ਼ ਵਿਚ 'ਆਦਿ ਧਰਮ' ਲਹਿਰ ਦਾ ਯੋਗਦਾਨ

ਉਨੀਵੀਂ ਸਦੀ ਦੇ ਤੀਜੇ ਦਹਾਕੇ ਵਿਚ ਜਿਸ ਵੇਲੇ ਬਾਬਾ ਸਾਹਿਬ ਅਛੂਤਾਂ ਨਹੀਂ ਸੰਘਰਸ਼ ਕਰ ਰਹੇ ਸਨ ਤਾਂ ਪੰਜਾਬ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਵੀ ਅਛੂਤਾਂ ਦੇ ਹੱਕਾਂ ਦੀ ਪ੍ਰਾਪਤੀ ਨਹੀਂ ਬਹੁਤ ਵੱਡਾ ਘੋਲ ਕਰ ਰਹੇ ਸਨ। ਉਹਨਾਂ ਵੱਲੋਂ ਸ਼ੁਰੂ ਕੀਤੀ 'ਆਦਿ ਧਰਮ' ਲਹਿਰ ਅਛੂਤਾਂ ਦੀ ਇਕ ਬਹੁਤ ਵੱਡੀ ਸਮਾਜਿਕ ਕ੍ਰਾਂਤੀਕਾਰੀ ਲਹਿਰ ਬਣ ਚੁੱਕੀ ਸੀ, ਜਿਸਨੇ ਅਛੂਤਾਂ ਵਿਚ ਇਕ ਨਵਾਂ ਜੋਸ਼ ਅਤੇ ਜਾਗ੍ਰਿਤੀ ਭਰ ਦਿੱਤੀ ਸੀ।

**(ਬਾਕੀ ਅਗਲੇ ਸਫੇ ਤੇ)**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨਛੋਹ ਪ੍ਰਾਪਤ ਪਿੰਡ ਲੰਮਾ ਜੱਟਪੁਰਾ

ਕੁਲਵੰਤ ਸਿੰਘ ਟਿੱਬਾ
91-92179-71379

ਸਿੱਖ ਇਤਿਹਾਸ ਸੰਸਾਰ ਪ੍ਰਸਿੱਧ ਬਹੁਤ ਹੀ ਵਿਲੱਖਣ ਇਤਿਹਾਸ ਹੈ। ਜਿਸ ਵਿੱਚ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਸ ਸਥਾਨ ਹੈ। ਜਿੰਨਾਂ ਨੇ ਸਿੱਖ ਇਤਿਹਾਸ ਅਤੇ ਸਿੱਖ ਕੌਮ ਲਈ ਸਾਰਾ ਪਰਿਵਾਰ ਲੇਖੇ ਲਾ ਦਿੱਤਾ ਅਤੇ ਸਿੱਖ ਇਤਿਹਾਸ ਨੂੰ ਮੋੜ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਵੱਖ ਵੱਖ ਇਤਿਹਾਸਕਾਰਾਂ ਨੇ ਖੋਜ ਦੇ ਅਧਾਰ ਤੇ ਵੱਖ ਵੱਖ ਵਿਚਾਰ ਪੇਸ਼ ਕੀਤੇ ਹਨ। ਜਿੰਨਾਂ ਤੋਂ ਸਿੱਖ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪ੍ਰੰਤੂ ਕੋਈ ਵੀ ਇਤਿਹਾਸ ਜਿਉਂ ਜਿਉਂ ਪੁਰਾਣਾਂ ਹੁੰਦਾ ਹੈ ਉਸ ਵਿੱਚ ਗੁੰਝਲਾਂ ਪੈਦਾ ਹੋ ਜਾਂਦੀਆਂ ਹਨ ਜਿੰਨਾਂ ਨੂੰ ਹੱਲ ਕਰਨ ਲਈ ਪੁਰਾਤਨ ਲਿਖਤਾਂ ਦਾ ਸਹਾਰਾ ਲੈਣਾ ਪੈਂਦਾ ਹੈ। ਸਿੱਖ ਇਤਿਹਾਸ ਬਾਰੇ ਵੀ ਭਾਵੇਂ ਕਿ ਪੁਰਾਤਨ ਇਤਿਹਾਸਕਾਰ ਸ਼੍ਰੋਮਣੀ ਕਵੀ ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ, ਭਾਈ ਵੀਰ ਸਿੰਘ ਜੀ, ਭਾਈ ਸੋਭਾ ਸਿੰਘ ਜੀ ਚਿੱਤਰਕਾਰ, ਭਾਈ ਵੀਰ ਸਿੰਘ ਜੀ, ਭਾਈ ਕਾਹਨ ਸਿੰਘ ਜੀ ਨਾਭਾ ਆਦਿ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਬੁੱਧੀਜੀਵੀ ਸਹੀ ਮੰਨਦੇ ਹਨ। ਪ੍ਰੰਤੂ ਅੱਜ ਦੇ ਨਵੇਂ ਲੇਖਕ ਆਪਣੀ ਮਨਮ-ਰਜ਼ੀ ਨਾਲ ਜਾਂ ਫਿਰ ਸਿਆਸੀ ਦਬਾਅ ਹੇਠ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੇ ਹਨ।


ਸਿੱਖ ਇਤਿਹਾਸ ਦਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਿਤ ਇੱਕ ਬਹੁਤ ਹੀ ਜ਼ਰੂਰੀ ਤੱਥ ਹੈ ਕਿ ਗੁਰੂ ਜੀ ਚਮਕੌਰ ਦੀ ਜੰਗ ਤੋਂ ਬਾਅਦ ਮਾਛੀਵਾੜੇ ਤੋਂ ਉੱਚ ਦੇ ਪੀਰ ਬਣਕੇ ਮਾਲਵੇ ਵੱਲ ਨੂੰ ਚਲੇ ਗਏ। ਮਾਲਵੇ ਵਿੱਚ ਗੁਰੂ ਜੀ ਨੇ ਨੂਰੇ ਮਾਹੀ ਨੂੰ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੀ ਸਹੀਦੀ ਦੀ ਖ਼ਬਰ ਮੰਗਵਾਈ ਅਤੇ ਕਾਹੀ ਦਾ ਬੂਟਾ ਪੁੱਟ ਕੇ ਜ਼ੁਲਮ ਰਾਜ ਦੀ ਜੜ੍ਹ ਪੁੱਟੀ। ਰਾਇਕੱਲੇ ਨੂੰ ਤਲਵਾਰ, ਰੈਹਲ ਅਤੇ ਗੰਗਾ ਸਾਗਰ ਦੀ ਬਖਸ਼ਿਸ਼ ਕੀਤੀ ਅਤੇ ਖਾਨ ਮਲੇਰਕੋਟਲਾ ਨੂੰ ਗੱਦੀ ਸਦਾ ਕਾਇਮ ਰਹਿਣ ਦਾ ਵਰ ਦਿੱਤਾ ਅਤੇ ਸਰਹਿੰਦ ਨੂੰ ਗੁਰੂ ਮਾਹੀ ਸਰਹਿੰਦ ਦਾ ਸਰਾਪ ਦਿੱਤਾ। ਇਸ ਬਾਰੇ ਭਾਵੇਂ ਕਿ ਪੁਰਾਤਨ ਇਤਿਹਾਸਕਾਰ ਜ਼ਿਲ੍ਹਾ ਲੁਧਿਆਣਾ ਦਾ ਇਤਿਹਾਸਕ ਨਗਰ ਲੰਮਾ ਜੱਟਪੁਰਾ ਲਿਖਦੇ ਹਨ।

ਪ੍ਰੰਤੂ ਇਸ ਬਾਰੇ ਨਵੇਂ ਲੇਖਕ ਮਾਛੀਵਾੜਾ, ਕਨੇਚ, ਆਲਮਗੀਰ, ਰਾਏਕੋਟ, ਲੰਮਾ ਜੱਟਪੁਰਾ ਜਾਂ ਫਿਰ ਕਾਂਗੜਦੀਨਾ ਲਿਖਦੇ ਹਨ। ਬਹੁਤ ਹੀ ਅਫ਼ਸੋਸ ਦੀ ਗੱਲ ਹੈ ਕਿ ਹੁਣ ਅਸੀਂ 1999 ਤੋ ਲੈ ਕੇ ਅੱਜ ਤੱਕ ਸਿੱਖ ਧਰਮ ਨਾਲ ਸਬੰਧਿਤ ਕਿੰਨੀਆਂ ਹੀ ਸ਼ਤਾਬਦੀਆਂ ਮਨਾਈਆਂ ਪਰ ਇਸ ਇਤਿਹਾਸਕ ਤੱਥ ਸਬੰਧੀ ਕਿਸੇ ਨੇ ਵੀ ਸੱਚਾਈ ਪੇਸ਼ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਪਿੰਡ ਲੰਮਾ ਜੱਟਪੁਰਾ, ਰਾਏਕੋਟ ਜਗਰਾਉਂ ਰੋਡ ਤੇ ਪਿੰਡ ਕਮਾਲਪੁਰਾ ਤੋਂ 3 ਕਿੱਲੋਮੀਟਰ ਦੱਖਣ ਵੱਲ ਸਥਿਤ ਹੈ। ਉਂਜ ਭਾਵੇਂ ਲੰਮਾ ਅਤੇ ਜੱਟਪੁਰਾ ਦੋ ਵੱਖ ਵੱਖ ਪਿੰਡ ਹਨ, ਪਰ ਇਨ੍ਹਾਂ ਦੋਵਾਂ ਪਿੰਡਾਂ ’ਚ ਇਤਿਹਾਸਕ ਸਾਂਝ ਹੈ। ਨਗਰ ਜੱਟਪੁਰੇ ਨੂੰ ਛੇਵੇਂ ਪਾਤਿਸਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਣ ਛੂਹ ਪ੍ਰਾਪਤ ਹੈ। ਜਦਕਿ ਲੰਮਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 21 ਦਿਨ ਤੱਕ ਭਾਗ ਲਾਏ। 16 ਪੋਹ ਮੁਤਾਬਿਕ ਬਿਕਰਮੀ 1761 ਸੰਮਤ 1704 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਗੜੀ ਦੇ ਜੰਗ ਤੋਂ ਬਾਅਦ ਮਾਛੀਵਾੜੇ ਤੋਂ ਉੱਚ ਦੇ ਪੀਰ ਭਾਈ ਦਯਾ ਸਿੰਘ,ਭਾਈ ਧਰਮ ਸਿੰਘ,ਭਾਈ ਮਨੀ ਸਿੰਘ ਅਤੇ ਭਾਈ ਗਨੀ ਖਾਂ ਸਮੇਤ ਰਵਾਨਾ ਹੋਏ ਅਤੇ ਆਲਮਗੀਰ,ਲੱਲੀ ਕਟਾਣੀ,ਕਨੇਚ ਮੋਹੀ ਤੋਂ ਹੁੰਦੇ ਹੋਏ ਪਿੰਡ ਹੇਰਾਂ ਪੁੱਜੇ। ਇੱਥੇ ਮਹੰਤ ਕਿਰਪਾਲ ਦਾਸ ਕੋਲ ਵਿਸਰਾਮ ਕੀਤਾ।ਮਹੰਤ ਕਿਰਪਾਲ ਦਾਸ ਨੇ ਮੁਗਲ ਹਕੀਮਾਂ ਤੋਂ ਡਰਦਿਆਂ ਗੁਰੂ ਜੀ ਨੂੰ ਡੇਰੇ ਵਿੱਚ ਰੱਖਣ ਤੋਂ ਇਨਕਾਰ ਕਰ ਦਿੱਤਾ ਅਤੇ ਲੰਮੇ ਨਗਰ ਵੱਲ ਜਾਣ ਦੀ ਬੇਨਤੀ ਕੀਤੀ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਹੇਰਾਂ ਤੋਂ ਸੀਲੋਆਣੀ, ਰਾਏਕੋਟ ਹੁੰਦੇ ਹੋਏ ਲੰਮਾ (ਜਿਸ ਨੂੰ ਇਤਿਹਾਸ ਵਿਚ ਲੰਮਾ-ਜੱਟਪੁਰਾ ਵੀ ਕਿਹਾ ਜਾਂਦਾ ਹੈ) ਪੁੱਜੇ, ਉਸ ਦਿਨ 15 ਪੋਹ ਸੀ। ਇਸ ਨਗਰ ਵਿਚ ਗੁਰੂ ਜੀ 21 ਦਿਨ ਬਿਰਾਜਮਾਨ ਰਹੇ। ਗੁਰੂ ਜੀ ਦੀ ਪਿੰਡ ਵਾਸੀਆਂ ਨੇ ਬਹੁਤ ਸੇਵਾ ਕੀਤੀ। ਜਦੋਂ ਰਾਏਕੋਟ ਦੇ ਨਵਾਬ ਰਾਇ ਕੱਲੇ ਨੂੰ ਗੁਰੂ ਜੀ ਦੇ ਨੇੜਲੇ ਪਿੰਡ ਲੰਮਾ-ਜੱਟਪੁਰਾ ਵਿਚ ਪਹੁੰਚਣ ਬਾਰੇ ਪਤਾ ਲੱਗਾ ਤਾਂ ਰਾਇ ਕੱਲਾ ਪਰਿਵਾਰ ਸਮੇਤ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਰਾਇ ਕੱਲੇ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਕੋਈ ਸੇਵਾ ਬਖ਼ਸ਼ੋ ਤਾਂ ਗੁਰੂ ਜੀ ਨੇ ਕਿਹਾ ਕਿ ਸਾਨੂੰ ਪਤਾ ਲੱਗਾ ਹੈ ਕਿ ਸਾਡੇ 2 ਸਾਹਿਬਜ਼ਾਦੇ ਅਤੇ ਬਿਰਧ ਮਾਤਾ ਗੁਜਰੀ ਜੀ ਸਰਹਿੰਦ ਵਿਖੇ ਗ੍ਰਿਫ਼ਤਾਰ ਕੀਤੇ ਗਏ ਹਨ। ਸਾਨੂੰ ਉਨ੍ਹਾਂ ਦੀ ਖ਼ਬਰ ਮੰਗਵਾ ਕੇ ਦਿਓ ਤਾਂ ਰਾਇ ਕੱਲਾ ਨੇ ਆਪਣੇ ਨਿੱਜੀ ਨੌਕਰ ਨੂਰਾਮਾਹੀ ਨੂੰ ਖ਼ਬਰ ਲੈਣ ਘੱਲਿਆ। ਜਦੋਂ ਨੂਰਾਮਾਹੀ ਖ਼ਬਰ ਲੈ ਕੇ ਸਰਹਿੰਦ ਤੋਂ ਵਾਪਸ ਆਇਆ ਤਾਂ ਗੁਰੂ ਜੀ ਬੀਰ ਆਸਣ ਲਗਾਈ ਬੈਠੇ ਸਨ। ਨੂਰੇਮਾਹੀ ਨੇ ਭਰੇ ਮਨ ਨਾਲ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਦੀ ਖ਼ਬਰ ਸੁਣਾਈ। ਗੁਰੂ ਜੀ ਖ਼ਬਰ ਸੁਣ ਰਹੇ ਸਨ ਅਤੇ ਨਾਲ ਹੀ ਤੀਰ ਦੀ ਨੁੱਕਰ ਨਾਲ ਕਾਹੀ ਦਾ ਬੂਟਾ ਪੁੱਟ ਰਹੇ ਸਨ। ਖ਼ਬਰ ਸੁਣ ਕੇ ਗੁਰੂ ਜੀ ਨੇ ਕਾਹੀ ਦਾ ਬੂਟਾ ਪੁੱਟ ਕੇ ਵਚਨ ਕੀਤਾ ਕਿ ਹੁਣ ਤੁਰਕ ਰਾਜ ਦੀ ਜੜ੍ਹ ਪੁੱਟੀ ਗਈ ਹੈ ਤਾਂ ਰਾਇ ਕੱਲਾ ਗਲ ਵਿਚ ਪੱਲੂ ਪਾ ਕੇ ਅਰਜ਼ ਕਰਨ ਲੱਗਾ ਕਿ ਗੁਰੂ ਜੀ ਮੈਂ ਵੀ ਤੁਰਕ ਜਾਤੀ ਵਿਚੋਂ ਹਾਂ ਪਰ ਗੁਰੂ ਘਰ ਦਾ ਸੱਚਾ ਸ਼ਰਧਾਲੂ ਹਾਂ, ਮੈਨੂੰ ਅਤੇ ਮੇਰੇ ਪਰਿਵਾਰ ਨੂੰ ਬਖ਼ਸ਼ੋ। ਗੁਰੂ ਜੀ ਨੇ ਰਾਇ ਕੱਲੇ ਤੋਂ ਪ੍ਰਸੰਨ ਹੋ ਕੇ ਤਲਵਾਰ, ਰੈਹਲ ਅਤੇ ਗੰਗਾਸਾਗਰ ਦੀ ਬਖਸ਼ਿਸ਼ ਕੀਤੀ। ਖਾਨ ਮਾਲੇਰਕੋਟਲਾ ਨੂੰ ਹਾਅ ਦਾ ਨਾਅਰਾ ਮਾਰਨ ਬਦਲੇ ਗੁਰੂ ਜੀ ਨੇ ਗੱਦੀ ਸਦਾ ਕਾਇਮ ਰਹਿਣ ਦਾ ਵਰ ਦਿੱਤਾ। ਪਿੰਡ ਲੰਮਾ-ਜੱਟਪੁਰਾ ਵਿਚ ਗੁਰੂ ਜੀ ਦੀ ਯਾਦ ਵਿਚ ਦੋ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ। ਦਿਨ ਦੇ ਵਕਤ ਗੁਰੂ ਜੀ ਪਿੰਡ ਤੋਂ ਬਾਹਰ ਇਕ ਢਾਬ ਕਿਨਾਰੇ ਦੀਵਾਨ ਸਜਾਉਂਦੇ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਸਨ, ਜਿਸ ਥਾਂ ਅੱਜਕੱਲ੍ਹ ਗੁਰਦੁਆਰਾ ਗੁਰੂਸਰ ਪੰਜੂਆਣਾ ਸਾਹਿਬ ਸੁਸ਼ੋਭਿਤ ਹੈ। ਢਾਬ ਵਿਚ ਗੁਰੂ ਜੀ ਨੇ ਮਾਘੀ ਵਾਲੇ ਦਿਨ ਪੰਜ ਬੁੱਕ ਗਾਰ ਕੱਢ ਕੇ ਸਰੋਵਰ ਹੋਣ ਦਾ ਵਰ ਦਿੱਤਾ, ਜਿੱਥੇ ਅੱਜਕੱਲ੍ਹ ਸਰੋਵਰ ਪੰਜੂਆਣਾ ਸਾਹਿਬ ਬਣਿਆ ਹੋਇਆ ਹੈ ਅਤੇ ਜਿਸ ਥਾਂ ਤੇ ਗੁਰੂ ਜੀ ਰਾਤ ਸਮੇਂ ਵਿਸਰਾਮ ਕਰਦੇ ਸਨ, ਉਸ ਜਗ੍ਹਾ ਹੁਣ ਗੁਰਦੁਆਰਾ ਛੋਟਾ ਦਮਦਮਾ ਸਾਹਿਬ ਸੁਸ਼ੋਭਿਤ ਹੈ। ਇਸ ਥਾਂ ਉਹ ਇਤਿਹਾਸਕ ਜੰਡ ਅੱਜ ਵੀ ਮੌਜੂਦ ਹੈ, ਜਿਸ ’ਤੇ ਚੜ ਕੇ ਇੱਕ ਸਿੰਘ ਨੇ ਨੂਰੇ ਮਾਹੀ ਨੂੰ ਸਰਹਿੰਦ ਤੋਂ ਆਉਂਦਿਆਂ ਤੱਕਿਆ ਸੀ। ਗੁਰੂ ਜੀ 7 ਮਾਘ ਨੂੰ ਪਿੰਡ ਲੰਮਾ ਤੋਂ ਅੱਗੇ ਮਾਣੂੰਕੇ, ਚਕਰ ਵੱਲ ਰਵਾਨਾ ਹੋ ਗਏ। ਇਸ ਇਤਿਹਾਸ ਦੀ ਪੜਚੋਲ ਸਬੰਧੀ ਭਾਈ ਸੰਤੋਖ ਸਿੰਘ ਦੀ ਕ੍ਰਿਤ ਗੁਰਪ੍ਰਤਾਪ ਸੂਰਜ ਗ੍ਰੰਥ,ਭਾਈ ਵੀਰ ਸਿੰਘ ਜੀ ਕ੍ਰਿਤ ਕਲਗ਼ੀਧਰ ਚਮਤਕਾਰ, ਭਾਈ ਕਾਹਨ ਸਿੰਘ ਨਾਭਾ ਦੀ ਕ੍ਰਿਤ ਗੁਰਸ਼ਬਦ ਰਤਨਾਕਾਰ ਮਹਾਨਕੋਸ਼ ਸਮੇਤ ਅਨੇਕ ਕ੍ਰਿਤਾਂ ਹਨ, ਜਿਨ੍ਹਾਂ ਵਿੱਚ ਲੰਮਾ ਜੱਟਪੁਰਾ ਦਾ ਜ਼ਿਕਰ ਆਉਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿੰਡ ਲੰਮਾਂ ਵਿੱਚ ਦਿਨ ਰਹਿਣ ਦੀ ਯਾਦ ਵਿੱਚ ਹਰ ਸਾਲ 5,6 ਅਤੇ 7 ਮਾਘ ਨੂੰ ਸਲਾਨਾ ਜੋੜਮੇਲਾ ਮਨਾਇਆ ਜਾਂਦਾ ਹੈ। ਇਸ ਸਮੇਂ ਗੁਰਦੁਆਰਾ ਸ੍ਰੀ ਪੰਜੂਆਣਾਂ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਲਬੀਰ ਸਿੰਘ ਜੀ ਦੀ ਯੋਗ ਅਤੇ ਗਤੀਸ਼ੀਲ ਅਗਵਾਈ ਹੇਠ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾਂਦੇ ਹਨ।


ਗੁਰਦੁਆਰਾ ਸ੍ਰੀ ਪੰਜੂਆਣਾ ਸਾਹਿਬ, ਪਿੰਡ ਲੰਮਾ ਜੱਟਪੁਰਾ


ਇਤਿਹਾਸਕ ਜੰਡ


ਸੰਤ ਬਲਬੀਰ ਸਿੰਘ ਜੀ

# ਚੰਡੀਗੜ੍ਹ ਦੀ ਬੇਬੇ ਨੇ ਲੁੱਟੀਆਂ ਵੈਨਕੂਵਰ ਅਮਰੀਕਨ ਮਾਸਟਰਜ਼ ਖੇਡਾਂ

ਵੈਨਕੂਵਰ- ਅਮਰੀਕਨ ਮਾਸਟਰਜ਼ ਖੇਡਾਂ ਵਿੱਚ ਭਾਰਤ ਦੀ ਮਾਨ ਕੌਰ ਨੇ ਇਕ ਮਿੰਟ ਤੇ 21 ਸੈਕਿੰਡ ਵਿੱਚ ਸੌ ਮੀਟਰ ਦੌੜ ਪੂਰੀ ਕਰਕੇ ਸੋਨ ਤਗਮਾ ਜਿੱਤ ਲਿਆ। ਪਾਠਕਾਂ ਨੂੰ ਇਸ ਗੱਲ ਦੀ ਹੈਰਾਨੀ ਹੋ ਰਹੀ ਹੈ ਕਿ ਸੌ ਮੀਟਰ ਦੀ ਦੌੜ ਡੇਢ ਮਿੰਟ ਵਿੱਚ ਪੂਰੀ ਕਰਕੇ ਇਸ ਬੀਬੀ ਨੇ ਕਿਹੜੀ ਮੱਲ ਮਾਰੀ ਲਈ ਪਰ ਸੱਚਾਈ ਇਹ ਹੈ ਕਿ ਇਹ ਕੋਈ ਬੀਬੀ ਨਹੀਂ ਸਗੋਂ ਸੌ ਸਾਲ ਦੀ ਬੇਬੇ ਹੈ। ਇਸ ਤੋਂ ਦਿਲਚਸਪ ਗੱਲ ਇਹ ਹੈ ਕਿ ਆਪਣੀ ਉਮਰ ਵਰਗ ਵਿੱਚ ਸੌ ਮੀਟਰ ਦੌੜ ਵਿੱਚ ਹਿੱਸਾ ਲੈਣ ਵਾਲੀ ਬੇਬੇ ਮਾਨ ਕੌਰ ਸਵਾ ਲੱਖ ਹੀ ਸੀ। ਜਦੋਂ ਇਸ ਬੇਬੇ ਨੇ ਜੇਤੂ ਪੱਟੀ ਨੂੰ ਪਾਰ ਕੀਤਾ ਤਾਂ ਇਸ 70 ਅਤੇ 80 ਸਾਲ ਤੋਂ ਉਪਰ ਉਮਰ ਦੇ ਬਾਬਿਆਂ ਨੇ ਉਸ ਦਾ ਜ਼ੋਰ ਦਾ ਸੁਆਗਤ ਕੀਤਾ।ਇਸ ਤਰ੍ਹਾਂ ਦੀ ਨਿਵੇਕਲੀ ਅਥਲੈਟਿਕ ਮੀਟ ਵਿੱਚ 30 ਤੋਂ ਵੱਧ ਅਥਲੀਟਾਂ ਨੇ ਹਿੱਸਾ ਲਿਆ। ਅੰਗਰੇਜ਼ੀ ਤੋਂ ਕੋਰੀ ਇਸ ਬੇਬੇ ਦੇ 78 ਸਾਲਾ ਪੁੱਤ ਗੁਰਦੇਵ ਸਿੰਘ ਨੇ ਦੱਸਿਆ,’ ਮੇਰੀ ਮਾਂ ਨੂੰ ਹੁਣ ਭਾਰਤ ਛੇਤੀ ਜਾਣ ਲਈ ਕਾਹਲੀ ਹੈ ਕਿਉਂਕਿ ਉਹ ਉਥੇ ਜਾ ਕੇ ਸਾਰੇ ਰਿਸ਼ਤੇਦਾਰਾਂ ਨੂੰ ਆਪਣੇ ਤਗ਼ਮੇ ਦਿਖਾਉਣਾ ਚਾਹੁੰਦੀ ਹੈ। ਕੈਨੇਡਾ ਦੀ ਧਰਤੀ ’ਤੇ ਤਗ਼ਮੇ ਜਿੱਤਣ ਬਾਅਦ ਮੇਰੀ ਮਾਂ ਦੇ ਪੱਬ ਨਹੀਂ ਲੱਗ ਰਹੇ।’ ਬੇਬੇ ਨੇ ਜਦੋਂ ਦੌੜ ਪੂਰੀ ਕੀਤੀ ਤਾਂ ਉਸ ਦਾ ਚਿਹਰਾ ਖਿੜਿਆ ਹੋਇਆ ਸੀ ਤੇ ਬਾਹਾਂ ਉਪਰ ਚੁੱਕ ਕੇ ਆਪਣੀ ਜਿੱਤ ਦਾ ਅਹਿਸਾਸ ਕਰਵਾ ਰਹੀ ਸੀ ਪਰ ਇਸ ਸਾਹੋ-ਸਾਹੀ ਹੋਈ ਬੇਬੇ ਨੇ ਦੌੜ ਪੂਰੀ ਕਰਨ ਬਾਅਦ ਪਾਣੀ ਦੀ ਬੋਤਲ ਚੁੱਕੀ ਪਰ ਉਹ ਬੋਲੀ ਕੁੱਝ ਨਾ। ਇਸ ਤੋਂ ਪਹਿਲਾਂ ਉਹ ਜੈਵਲਿਨ ਤੇ ਸ਼ਾਟ ਪੁੱਟ ਵਿੱਚ ਸੋਨ ਤਗਮੇ ਵੀ ਜਿੱਤ ਚੁੱਕੀ ਹੈ। ਗੁਰਦੇਵ ਸਿੰਘ ਨੇ ਕਿਹਾ,’ਬੇਬੇ ਜਦੋਂ 93 ਸਾਲ ਦੀ ਸੀ ਤਾਂ ਮੇਰੇ ਕਹਿਣ ’ਤੇ ਦੌੜ ਲਾਉਣ ਲੱਗੀ ਸੀ ਕਿਉਂਕਿ ਮੈਨੂੰ ਲੱਗਦਾ ਸੀ ਕਿ ਮੇਰੀ ਮਾਂ ਵੀ ਸਟਾਰ ਬਣ ਸਕਦੀ ਹੈ। ਮੈਂ ਆਪਣੀ ਮਾਂ ਨੂੰ ਕਿਹਾ ਕਿ ਬੇਬੇ ਤੇਰੇ ਨਾ ਗੋਡਿਆਂ ਵਿੱਚ ਦਰਦ ਹੈ ਨਾ ਹੀ ਦਿਲ ਦੀ ਕੋਈ ਬਿਮਾਰੀ, ਫੇਰ ਤੂੰ ਦੌੜਿਆ ਕਰ ਤੇ ਇਕ ਦਿਨ ਸਟਾਰ ਬਣ ਜਾਏਂਗੀ।’ ਦੁਨੀਆਂ ਭਰ ਵਿੱਚ ਹੋਈਆਂ ਵੱਖ ਵੱਖ ਮਾਸਟਰਜ਼ ਖੇਡਾਂ ਵਿੱਚ ਮਾਨ ਕੌਰ ਹੁਣ ਤੱਕ 20 ਤੋਂ ਵੱਧ ਤਗਮੇ ਜਿੱਤ ਚੁੱਕੀ ਹੈ। ਚੰਡੀਗੜ੍ਹ ਵਿੱਚ ਵਸਦੀ ਇਹ ਬੇਬੇ ਹਰ ਸ਼ਾਮ ਦੌੜ ਲਾਉਂਦੀ ਹੈ। ਇਸ ਤੋਂ ਇਲਾਵਾ ਇਹ ਬਜ਼ੁਰਗ ਹੋਰ ਔਰਤਾਂ ਨੂੰ ਵੀ ਦੌੜ ਲਾਉਣ, ਚੰਗੀਆਂ ਚੀਜ਼ਾਂ ਖਾਣ ਤੇ ਆਪਣੇ ਬੱਚਿਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਦੀ ਰਹਿੰਦੀ ਹੈ। ਪੰਜ ਵਾਰ ਦੀ ਓਲੰਪੀਅਨ ਤੇ 1984 ਵਿੱਚ ਕੈਨੇਡਾ ਵੱਲੋਂ 4×400 ਮੀਟਰ ਰਿਲੇਅ ਵਿੱਚ ਚਾਂਦੀ ਦਾ ਤਗਮਾ ਜੇਤੂ ਸੀ. ਕਰੁਕ ਨੇ ਬੇਬੇ ਮਾਨ ਕੌਰ ਦੇ ਜ਼ਜਬੇ ਦੀ ਤਾਰੀਫ਼ ਕੀਤੀ ਹੈ।



# ਡਾ. ਅੰਬੇਡਕਰ ਦੀਆਂ ਕਾਮਯਾਬੀਆਂ ਅਤੇ ਮਜਬੂਰੀਆਂ

ਇਹ ਇਕੱਲੀ ਚਮਾਰ ਲਹਿਰ ਨਹੀਂ ਸੀ ਸਗੋਂ ਇਸ ਵੱਲੋਂ ਚਾਰ ਰਹਿਬਰ ਵਾਲਮੀਕਿ, ਨਾਮਦੇਵ, ਕਬੀਰ ਅਤੇ ਰਵਿਦਾਸ ਜੀ ਨੂੰ ਮਾਨਤਾ ਦੇਣ ਕਾਰਨ ਸਮੁੱਚੇ ਅਛੂਤਾਂ/ਡੀਪਰੈਸਡ ਕਲਾਸਾਂ ਦੀ ਲਹਿਰ ਬਣ ਚੁੱਕੀ ਸੀ। ਬਾਬੂ ਮੰਗੂ ਰਾਮ ਨੇ ਜਿੱਥੇ ਵੱਖਰੇ ਤੌਰ ’ਤੇ ਅਛੂਤਾਂ ਨਹੀਂ ਸੰਘਰਸ਼ ਵਿੱਢਿਆ ਹੋਇਆ ਸੀ, ਉਥੇ ਉਨ੍ਹਾਂ ਨੇ ਡਾ. ਅੰਬੇਡਕਰ ਦਾ ਵੀ ਘੋਲ ਵਿਚ ਡੱਟ ਕੇ ਸਾਥ ਦਿੱਤਾ, ਖਾਸ ਕਰਕੇ ਜਦੋਂ ਡਾ. ਅੰਬੇਡਕਰ ਲੰਡਨ ਵਿਚ ਹੋਣ ਵਾਲੀਆਂ ਗੋਲਮੇਜ਼ ਕਾਨਫਰੰਸਾਂ ਦੀ ਤਿਆਰੀ ਵਿਚ ਜੁਟੇ ਹੋਏ ਸਨ, ਉਦੋਂ ਵੀ ਅਤੇ ਕਾਨਫਰੰਸਾਂ ਦੇ ਦਰਮਿਆਨ ਵੀ ਅਤੇ ਫਿਰ ਬਾਅਦ ਵਿਚ ’ਪੂਨਾ ਪੈਕਟ’ ਅਤੇ ਚੋਣਾਂ ਤੱਕ ਵੀ ਨਾਲ ਹੀ ਰਹੇ। ਜਦੋਂ ਦੂਜੀ ਕਾਨਫਰੰਸ ਵਿਚ ਗਾਂਧੀ ਨੇ ਆਪਣੇ ਆਪ ਨੂੰ ਅਛੂਤਾਂ ਦਾ ਨੁਮਾਇੰਦਾ ਹੋਣ ਦਾ ਬਖੇੜਾ ਖੜ੍ਹਾ ਕੀਤਾ ਤਾਂ ਬਾਬੂ ਮੰਗੂ ਰਾਮ ਨੇ ਇਸ ਸਬੰਧ ਵਿਚ 57 ਤਾਰਾਂ ਭਿਜਵਾਈਆਂ। ਜਿਸਦੇ ਨਤੀਜੇ ਵਜੋਂ ਡਾ. ਅੰਬੇਡਕਰ ਨੂੰ ਹੀ ਅਛੂਤਾਂ ਦਾ ਨੁਮਾਇੰਦਾ ਮੰਨੇ ਜਾਣ ਵਿਚ ਵੱਡੀ ਸਹਾਇਤਾ ਮੰਨਿਆ ਗਿਆ।

ਬਾਬੂ ਮੰਗੂ ਰਾਮ 1928 ਵਿਚ 150 ਪ੍ਰਮੁੱਖ ਆਗੂਆਂ ਦਾ ਜਥਾ ਲੈ ਕੇ ਰਾਇਲ ਕਮਿਸ਼ਨ ਨੂੰ ਮਿਲੇ ਅਤੇ ਅਛੂਤਾਂ ਦੀਆਂ ਮੰਗਾਂ ਦਾ ਯਾਦ ਪੱਤਰ ਦਿੱਤਾ। ਡਾ. ਅੰਬੇਡਕਰ ਅਤੇ 18 ਹੋਰ ਦਲਿਤ ਜਥੇਬੰਦੀਆਂ ਵੱਲੋਂ ਰਲ ਕੇ ਸਾਈਮਨ ਕਮਿਸ਼ਨ ਨੂੰ ਵੀ ਯਾਦ ਪੱਤਰ ਦਿੱਤਾ।

ਕਮਿਸ਼ਨ ਨੂੰ ਨਿੱਜੀ ਮੁਲਾਕਾਤ ਕਰਕੇ ਅਛੂਤਾਂ ਦੀ ਦਰਦ ਭਰੀ ਦਾਸਤਾਨ ਸੁਣਾਈ ਕਿ ਸਾਡੇ ਨਾਲ ਹਿੰਦੂਆਂ ਵੱਲੋਂ ਕੁੱਤੇ ਬਿੱਲੀਆਂ ਵਾਲਾ ਸਲੂਕ ਹੁੰਦਾ ਹੈ।

ਉਨ੍ਹਾਂ ਵੱਲੋਂ ਆਪਣੇ ਲਾਭਾਂ ਨਹੀਂ ਸਾਨੂੰ ਨਾਲ ਸ਼ਾਮਲ ਕਰ ਲਿਆ ਜਾਂਦਾ ਹੈ ਅਤੇ ਲਾਭ ਲੈ ਕੇ ਸਾਨੂੰ ਕਿਸਮਤ ਸਹਾਰੇ ਛੱਡ ਦਿੱਤਾ ਜਾਂਦਾ ਹੈ। ਅਸੀਂ ਹਿੰਦੂ, ਮੁਸਲਿਮ, ਇਸਾਈ ਕੁਝ ਵੀ ਨਹੀਂ ਹਾਂ। ਸਾਨੂੰ ਅਲੱਗ ਮੰਨ ਕੇ ਦੂਜੀਆਂ ਸਮੂਦਾਵਾਂ ਵਾਂਗ ਵੱਖ ਅਧਿਕਾਰ ਦਿੱਤੇ ਜਾਣ।

ਅਗਲੇ ਸਾਲ 1929 ਵਿਚ ਪੰਜਾਬ ਦੇ ਗਵਰਨਰ ਜਲੰਧਰ ਆਏ ਤਾਂ 300 ਸਾਥੀਆਂ ਨਾਲ ਰਲ ਕੇ ਫਿਰ ਯਾਦ ਪੱਤਰ ਦਿੱਤਾ। ਡਾ. ਅੰਬੇਡਕਰ ਪਹਿਲੀ ਵਾਰੀ ਪੰਜਾਬ ਆਏ ਤਾਂ ਆਦਿ ਧਰਮ ਮੰਡਲ ਵੱਲੋਂ ਸਵਾਗਤੀ ਭਾਸ਼ਣ ਵਿਚ ਉਹਨਾਂ ਦੀਆਂ ਗੋਲਮੇਜ਼ ਕਾਨਫਰੰਸਾਂ ਵਿਚ ਨਿਭਾਏ ਰੋਲ ਦੀ ਸਰਾਹਣਾ ਕੀਤੀ ਗਈ ਅਤੇ ਅੱਗੋਂ ਵੀ ਉਹਨਾਂ ਦੀ ਅਗਵਾਈ ਵਿਚ ਭਰੋਸਾ ਪ੍ਰਗਟ ਕੀਤਾ ਗਿਆ ਅਤੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਨੂੰ ਅਛੂਤਾਂ ਦੇ ਚੈਂਪੀਅਨ ਵਜੋਂ ਯਾਦ ਰੱਖੇਗੀ ਅਤੇ ਉਹਨਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ‘ਪੂਨਾ ਪੈਕਟ’ ਰਾਹੀਂ ਮਿਲੀਆਂ 8 ਰਾਖਵੀਆਂ ਸੀਟਾਂ ਸ਼ਡਿਊਲਡ ਕਾਸਟ ਫੈਡਰੇਸ਼ਨ ਨਾਲ ਮਿਲ ਕੇ ਲੜੀਆਂ ਅਤੇ 7 ਸੀਟਾਂ ਜਿੱਤੀਆਂ।

ਇੰਝ ਅਸੀਂ ਵੇਖਿਆ ਕਿ ਇਤਿਹਾਸ ਦੀਆਂ ਘਟਨਾਵਾਂ ਵਿਚੋਂ ਉਭਰੇ ਮੌਕਿਆਂ ਤੋਂ ਲਾਭ ਉਠਾ ਕੇ ਡਾ. ਅੰਬੇਡਕਰ ਨੇ ਦਲਿਤਾਂ ਦੀ ਮੁਕਤੀ ਨਹੀਂ ਵਿਧੀਵਤ ਘੋਲ ਕਰਕੇ ਬਰਤਾਨਵੀ ਸਰਕਾਰ ਤੋਂ ’ਕਮਿਊਨਲ ਐਵਾਰਡ’ ਪ੍ਰਾਪਤ ਕਰ ਲਿਆ ਸੀ। ਇਸਦੇ ਹੂਬਹੂ ਲਾਗੂ ਹੋਣ ਨਾਲ ਦਲਿਤਾਂ ਦੀ ਸਦੀਆਂ ਤੋਂ ਚਲੀ ਆ ਰਹੀ ਹਿੰਦੂਆਂ ਉੱਤੇ ਨਿਰਭਰਤਾ ਖਤਮ ਹੋ ਜਾਣੀ ਸੀ ਤੇ ਉਹ ਆਪਣੀ ਕਿਸਮਤ ਦੇ ਆਪ ਮਾਲਕ ਬਣਦੇ। ‘ਕਮਿਊਨਲ ਐਵਾਰਡ’ ਰਾਹੀਂ ਪ੍ਰਾਪਤ ਹੋਏ ਰਾਜਨੀਤਿਕ ਅਧਿਕਾਰ ਗਾਂਧੀ ਦੀ ਚਤੁਰਾਈ ਨਾਲ ਮਰਨ ਵਰਤ ਰਾਹੀਂ ਖੋਹ ਲਏ ਗਏ। ‘ਪੂਨਾ ਪੈਕਟ’ ਰਾਹੀਂ ਅਸੈਂਬਲੀਆਂ ਵਿਚ ਰਾਖਵਾਂਕਰਨ ਤਾਂ ਮਿਲਿਆ ਪਰ ਚੁਣੇ ਜਾਣ ਵਾਲੇ ਨੁਮਾਇੰਦੇ ਦਲਿਤਾਂ ਦੇ ਅਸਲ ਨੁਮਾਇੰਦੇ ਨਾ ਬਣ ਕੇ ਜਾਤੀਵਾਦੀਆਂ ਦੇ ਝੋਲੀ ਚੁੱਕ ਬਣ ਗਏ। ਨਤੀਜੇ ਵਜੋਂ ਦਲਿਤਾਂ ਦਾ ਸੁਧਾਰ ਹੋਣ ਦੀ ਬਜਾਏ ਹੋਰ ਨਿਘਾਰ ਸ਼ੁਰੂ ਹੋ ਗਿਆ।

ਕੁਝ ਗਿਣਤੀ ਦੇ ਹੀ ਫਾਇਦਾ ਲੈ ਗਏ ਪਰ ਸਮੁੱਚਾ ਦਲਿਤ ਸਮਾਜ ਹੋਰ ਪੱਛੜਦਾ ਚਲਾ ਗਿਆ। ਅੱਜ ਦੀ ਹਾਲਤ ਵੀ ਉਸ ਸਮੇਂ ਨਾਲੋਂ ਵੱਖਰੀ ਨਹੀਂ ਹੈ। ਹੁਣ ਕੇਂਦਰੀ ਤੇ ਸੂਬਾ ਅਸੈਂਬਲੀਆਂ ਵਿਚ ਰਾਖਵੇਂਕਰਨ ਅਨੁਸਾਰ ਮੈਂਬਰ ਪੂਰੇ ਹਨ, ਅਫ਼ਸਰਸ਼ਾਹੀ ਵਿਚ ਵੀ ਪੂਰੇ ਹਨ, ਮੰਤਰੀ ਵੀ ਪੂਰੇ ਹਨ ਪਰ ਫਿਰ ਵੀ ਦਲਿਤ ਦਿਨ ਪ੍ਰਤੀ ਦਿਨ ਢਹਿੰਦੀਆਂ ਕਲਾਂ ਵਿਚ ਜਾ ਰਹੇ ਹਨ। ਕਿਸੇ ਵੀ ਮੈਂਬਰ ਜਾਂ ਵਜ਼ੀਰ ਦੀ ਜ਼ੁਰਅਤ ਨਹੀਂ ਕਿ ਉਹ ਇਹਨਾਂ ਦੀ ਭਲਾਈ ਨਹੀਂ ਕੋਈ ਗੱਲ ਕਹਿਣ ਨਹੀਂ ਮੂੰਹ ਖੋਲ੍ਹ ਸਕਣ। ਉਹਨਾਂ ਨੂੰ ਆਪਣੀਆਂ ਕੁਰਸੀਆਂ ਬਚਾਉਣ ਦੀ ਚਿੰਤਾ ਹੁੰਦੀ ਹੈ, ਜਿਸ ਨਹੀਂ ਉਹ ਉਪਰਲਿਆਂ ਦੀ ਜੀ ਹਜ਼ੂਰੀ ਨਹੀਂ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਹਨਾਂ ਦੇ ਇਸੇ ਸਵਾਰਥ ਕਾਰਨ ਅੱਜ ਦਲਿਤਾਂ ਦੀ ਹਾਲਤ ਬਹੁਤ ਚਿੰਤਾਜਨਕ ਸਥਿਤੀ ਵਿਚ ਪਹੁੰਚ ਚੁੱਕੀ ਹੈ। ਝੂਠੇ ਬਹਾਨੇ ਘੜ ਕੇ ਦਲਿਤਾਂ ਨੂੰ ਦੇਸ਼ ਵਿਚ ਥਾਂ ਥਾਂ ਤੇ ਬੇਰਹਿਮੀ ਨਾਲ ਕੁੱਟਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਦੇ ਵਿਕਾਸ ਮਾਡਲ ਪਿਤਰੀ ਸੂਬੇ ਗੁਜਰਾਤ ਵਿਚ ਤਾਂ ਅੱਤ ਹੀ ਹੋ ਗਈ ਹੈ। ਸੋਸ਼ਲ ਮੀਡੀਆ ਅਤੇ ਟੀ. ਵੀ. ’ਤੇ ਦਿਖਾਈ ਵੀਡੀਓ ਵਿਚ ਦਲਿਤਾਂ ਦੀ ਬੇਰਹਿਮੀ ਨਾਲ ਕੁੱਟਮਾਰ ਰੌਂਗਟੇ ਖੜ੍ਹੇ ਕਰਦੀ ਹੈ।

ਇਹ ਨਮੂਨਾ ਮਾਤਰ ਹੀ ਹਨ। ਜੇ ਸਾਡੇ ਇਹ ਰਾਖਵੇਂ ਮੈਂਬਰ ਦਲਿਤਾਂ ਦੇ ਅਸਲ ਨੁਮਾਇੰਦੇ ਹੁੰਦੇ ਤਾਂ ਹਾਲਾਤ ਇਹ ਨਾ ਹੁੰਦੇ। ਸਿਆਣਾ ਮਨੁੱਖ ਜਾਂ ਸਿਆਸੀ ਕੌਮ ਵਿਪਰੀਤ ਹਾਲਾਤ ਨੂੰ ਆਪਣੇ ਹੱਕ ਵਿਚ ਮੋੜਨ ਦੀ ਸਮਰੱਥਾ ਰੱਖਦੇ ਹਨ। ਅੱਜ ਲੋੜ ਹੈ ਦਲਿਤਾਂ ਨੂੰ ਇਹ ਸਮਝਣ ਦੀ ਕਿ ਡਾ. ਅੰਬੇਡਕਰ ਨੂੰ ਤਾਂ ਇਕ ਮਜਬੂਰੀ ਵੱਸ ਅਜਿਹਾ ਕਦਮ ਉਠਾਉਣਾ ਪੈ ਗਿਆ ਸੀ ਪਰ ਹੁਣ ਉਸਤੋਂ ਬਾਅਦ ਪੈਦਾ ਹੋਏ ਹਾਲਾਤ ਨੂੰ ਆਪਣੇ ਹੱਕ ਵਿਚ ਕਿਵੇਂ ਭੁਗਤਾਇਆ ਜਾ ਸਕਦਾ ਹੈ ਤਾਂ ਜੋ ਇਹਨਾਂ ਜੁਗਾਂ ਤੋਂ ਨਿਮਾਣੇ, ਨਿਤਾਣੇ, ਲਿਤਾੜੇ, ਦਬਾਏ ਗਏ ਮਨੁੱਖਾਂ ਨੂੰ ਮਨੁੱਖ ਦਾ ਦਰਜਾ ਦਿਵਾਇਆ ਜਾ ਸਕੇ। ਹਾਲਾਤ ਕਦੇ ਵੀ ਗਰੀਬ ਤੇ ਦੱਬੇ ਕੁਚਲਿਆਂ ਦੇ ਹੱਕ ਵਿਚ ਸਾਜ਼ਗਾਰ ਨਹੀਂ ਹੁੰਦੇ, ਬਣਾਉਣੇ ਪੈਂਦੇ ਹਨ। ਅੱਜ ਇਹ ਸੋਚਣ ਦਾ ਵੇਲਾ ਹੈ ਅਤੇ ਅਮਲ ਕਰਨ ਦਾ ਮੌਕਾ ਹੈ।


# ਗੁਰਦਾਸ ਰਾਮ ਆਲਮ ਦੀ ਸ਼ਖਸੀਅਤ, ਵਿਚਾਰਧਾਰਾ ਅਤੇ ਕਾਵਿ ਸਰੋਕਾਰ



ਡਾ. ਮੋਹਨ ਸਿੰਘ ਤਿਆਗੀ
91-98144-79150

ਗੁਰਦਾਸ ਰਾਮ ਆਲਮ ਸਾਂਝੇ ਪੰਜਾਬ ਦਾ ਸ਼੍ਰੋਮਣੀ ਕਵੀ ਹੈ। ਉਸਦੀ ਸ਼ਖਸੀਅਤ ਵਿਚਾਰਧਾਰਾ ਅਤੇ ਉਸਦੇ ਕਾਵਿ ਸਰੋਕਾਰ ਉਸ ਯੁੱਗ ਚੇਤਨਾ ਦੇ ਸ਼ਾਇਰ ਦੇ ਤੌਰ ਤੇ ਸਥਾਪਿਤ ਕਰਦੇ ਹਨ। ਆਲਮ ਇਕ ਅਜਿਹਾ ਲੋਕ ਕਵੀ ਹੈ ਜਿਸਨੇ ਕਵਿਤਾ ਨੂੰ ਕਵਿਤਾ ਵਾਂਗ ਜੀਵਿਆ। ਭਾਵੇਂ ਕਿ ਉਨ੍ਹਾਂ ਦੀ ਤਮਾਮ ਉਮਰ ਤਲਖੀਆਂ, ਦੁੱਸ਼ਵਾਰੀਆਂ ਅਤੇ ਆਰਥਿਕ ਮੁਸੀਬਤਾਂ ਵਿਚ ਘਿਰੀ ਰਹੀ ਪਰ ਇਸ ਸਭ ਦੇ ਬਾਵਜੂਦ ਉਹ ਭਾਰਤੀ ਸਟੇਟ ਦੀਆਂ ਆਪਹੁਦਰੀਆਂ ਅਤੇ ਵਧੀਕੀਆਂ ਦੇ ਖਿਲਾਫ ਲੜਦੇ ਰਹੇ। ਉਨ੍ਹਾਂ ਨੇ ਜਿੱਥੇ ਕਿਰਤੀ ਕਾਮਿਆਂ ਅਤੇ ਕਿਸਾਨਾਂ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕੀਤੀ, ਉੱਥੇ ਨਾਲ ਹੀ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਬੁਰਛਾਗਰਦੀ ਦੇ ਖਿਲਾਫ ਇਕ ਲੰਮੀ ਸਾਹਿਤਕ ਤੇ ਸਮਾਜਿਕ ਜੰਗ ਲੜੀ। ਉਨ੍ਹਾਂ ਦੀ ਲੋਕ ਪੱਖੀ ਚੇਤਨਾ ਕਰਕੇ ਪੰਜਾਬੀ ਸ਼ਾਇਰੀ ਵਿਚ ਉਨ੍ਹਾਂ ਦਾ ਨਾਂ ਧਰੂ ਤਾਰੇ ਵਾਂਗ ਚਮਕਦਾ ਹੈ।

**ਸ਼ਖਸੀਅਤ :** ਗੁਰਦਾਸ ਰਾਮ ਆਲਮ ਦਾ ਜਨਮ ਜਲੰਧਰ ਜ਼ਿਲੇ ਦੇ ਪਿੰਡ ਬੰਡਾਲਾ ਵਿਖੇ ਉੱਨੀ ਸੌ ਬਾਰਾਂ (1912) ਵਿਚ ਇਕ ਦਲਿਤ ਪਰਿਵਾਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਜੀ ਦਾ ਨਾਮ ਉਮਰਾ ਰਾਮ ਅਤੇ ਮਾਤਾ ਦਾ ਨਾਂ ਜਿਉਣੀ ਸੀ। ਆਲਮ ਹੋਰੀ ਛੇ ਭੈਣ ਭਰਾ ਸਨ। ਉਨ੍ਹਾਂ ਦਿਨਾਂ ਵਿਚ ਦਲਿਤ ਪਰਿਵਾਰਾਂ ਲਈ ਪੜ੍ਹਨਾ ਲਿਖਣਾ ਤਾਂ ਬੜੀ ਦੂਰ ਦੀ ਗੱਲ ਸਗੋਂ ਤਾਲੀਮ ਬਾਰੇ ਸੋਚਣਾ ਵੀ ਕਿਸੇ ਹੋਰ ਗ੍ਰਹਿ ਦਾ ਸੁਪਨਾ ਲੈਣ ਮਾਤਰ ਸੀ। ਉਨ੍ਹਾਂ ਦਿਨਾਂ ਵਿਚ ਦਲਿਤ ਲੋਕ ਵਰਣ ਵਿਵਸਥਾ ਦੀ ਦਲਦਲ, ਛੂਤਛਾਤ ਅਤੇ ਹੁੰਮਸ ਭਰੇ ਮਾਹੌਲ ਵਿਚ ਹਟਕੋਰੇ ਲੈ ਰਹੇ ਸਨ। ਅਜਿਹੀ ਸਥਿਤੀ ਵਿਚ ਗੁਰਦਾਸ ਰਾਮ ਆਲਮ "ਮਾਨਵ ਮੁਕਤੀ" ਦੀ ਸ਼ਾਇਰੀ ਦਾ ਸੂਰਜ ਬਣਕੇ ਉਦੈ ਹੋਇਆ। ਇਕ ਮਜ਼ਦੂਰ ਪਰਿਵਾਰ ਵਿਚ ਪੈਦਾ ਹੋਣ ਕਰਕੇ ਉਨ੍ਹਾਂ ਨੂੰ ਵਿਰਾਸਤ ਵਿਚ ਇਕ ਦਾਤੀ ਅਤੇ ਪੱਲੀ ਹੀ ਨਸੀਬ ਹੋਈ ਪਰੰਤੂ ਇਸ ਆਲੇ ਦੁਆਲੇ ਦੇ ਅੰਧਕਾਰ ਦੇ ਖਿਲਾਫ ਲੜਨ ਲਈ ਇਕ ਦਾਤੀ ਪੱਲੀ ਹੀ ਕਾਫੀ ਨਹੀਂ ਸੀ, ਇਸ ਤਰ੍ਹਾਂ ਉਸਨੇ ਜਾਤਪਾਤ, ਛੂਆ ਛਾਤ, ਧਾਰਮਿਕ ਆਡੰਬਰ ਅਤੇ ਜਗੀਰਦਾਰੀ ਢਾਂਚੇ ਦਾ ਖਿਲਾਫ ਲੜਨ ਲਈ ਆਪਣੀ ਕਲਮ ਨੂੰ ਇਕ ਪ੍ਰਭਾਵੀ ਹਥਿਆਰ ਬਣਾਇਆ। ਇਕ ਅਤਿ ਗਰੀਬ ਪਰਿਵਾਰ ਵਿਚ ਪੈਦਾ ਹੋਣ ਕਰਕੇ ਭਾਵੇਂ ਉਸਨੂੰ ਰਸਮੀ ਵਿਦਿਆ ਬਿਲਕੁਲ ਹੀ ਨਸੀਬ ਨਾ ਹੋਈ ਪਰ ਅੱਖਰ ਗਿਆਨ ਦੀ ਪ੍ਰਬਲ ਜਿਗਿਆਸਾ ਹੋਣ ਕਾਰਨ ਉਸਨੇ ਨਿੱਜੀ ਤੌਰ ਤੇ ਪੰਜਾਬੀ, ਉਰਦੂ ਅਤੇ ਫਾਰਸੀ ਵਿਚ ਚੰਗੀ ਤਾਲੀਮ ਹਾਸਲ ਕਰ ਲਈ ਸੀ। ਉਸਨੇ ਸ਼ਾਇਰੀ ਦੀਆਂ ਬਾਰੀਕੀਆਂ ਸਿੱਖਣ ਲਈ ਬਾਕਾਇਦਾ ਉਸਤਾਦ ਆਲਮ ਉਮਰ ਦੀਨ 'ਉਲਫਤ' ਨੂੰ ਆਪਣਾ ਗੁਰੂ ਧਾਰਿਆ। ਆਲਮ ਭਾਵੇਂ ਇਕ ਦਲਿਤ ਪਰਿਵਾਰ ਨਾਲ ਸਬੰਧ ਰੱਖਦਾ ਸੀ, ਪਰ ਉਸ ਦੀ ਸੋਚ, ਰਹਿਣੀ ਬਹਿਣੀ ਅਤੇ ਕਹਿਣੀ ਕਰਨੀ ਵਡੇਰੇ ਮਾਨਵੀ ਮੁੱਲਾਂ ਦੀ ਤਰਜ਼ਮਾਨੀ ਕਰਦੀ ਹੈ। ਖੱਦਰ ਦੇ ਕੁੜਤੇ ਪਜਾਮੇ ਅਤੇ ਚਿੱਟੀ ਦਸਤਾਰ ਵਿਚ ਸਜੀ ਉਸ ਦੀ ਤਲਵਾਰ ਵਰਸੀ ਸ਼ਖਸੀਅਤ ਉਸਨੂੰ ਇਕ 'ਲੋਹ ਪੁਰਸ਼' ਦੇ ਤੌਰ ਤੇ ਸਥਾਪਿਤ ਕਰਦੀ ਸੀ। ਗੁਰਦਾਸ ਰਾਮ ਆਲਮ ਕਵੀ ਦੇ ਤੌਰ ਲੁਤੇ ਸਥਾਪਿਤ ਹੋਣ ਤੋਂ ਪਹਿਲਾਂ ਕਈ ਸਾਲ ਲਗਾਤਾਰ ਕਰੜੀ ਮਿਹਨਤ ਮੁੱਕਤ ਅਤੇ ਮਜ਼ਦੂਰੀ ਕਰਦਾ ਰਿਹਾ ਜਿਸ ਕਰਕੇ ਉਹ ਮਜ਼ਦੂਰ ਸ਼੍ਰੇਣੀ ਦੇ ਦੁੱਖਾਂ ਤਕਲੀਫਾਂ ਅਤੇ ਹਾਲਾਤਾਂ ਬਾਰੇ ਚੰਗੀ ਤਰ੍ਹਾਂ ਜਾਣੂ ਸੀ। ਉਹ ਕਵਿਤਾ ਨਾਲ ਐਨੀ ਸ਼ਿੱਦਤ ਨਾਲ ਜੁੜਿਆ ਹੋਇਆ ਸੀ ਕਿ ਉਹ ਬੱਕਰੀ ਚਾਰਦਿਆਂ, ਹੁੱਕਾ ਗੁੜ ਗੁੜਗੁੜਾਦਿਆਂ ਅਤੇ ਤਾਸ ਦੀ ਬਾਜ਼ੀ ਲਾਉਂਦਿਆਂ ਹੋਇਆਂ ਵੀ ਕੁਝ ਨਾ ਕੁਝ ਗੁਣਗੁਣਾਉਂਦਾ ਰਹਿੰਦਾ ਸੀ। ਸ਼ਾਇਰੀ ਉਸਦੇ ਲਹੂ ਵਿਚ ਰਚੀ ਹੋਈ ਸੀ। ਉਸਨੇ ਵਰਣ ਵਿਵਸਥਾ ਦੀ ਕੋਝੀ ਰਾਜਨੀਤੀ ਦੇ ਤਹਿਤ ਮਨੁੱਖੀ ਗੌਰਵ ਤੋਂ ਵਿਰਵੇ ਅਤੇ ਸਮਾਜਿਕ ਬਨਵਾਸ ਹੰਢੇ ਰਹੇ ਦਲਿਤ ਮਨੁੱਖ ਨੂੰ ਆਪਣੀਆਂ ਕਵਿਤਾਵਾਂ ਦਾ ਨਾਇਕ ਬਣਾ ਕੇ ਉਸ ਦੀ ਸਮਾਜਿਕ ਪਛਾਣ ਦਾ ਮਸਲਾ ਹੀ ਨਹੀਂ ਉਠਾਇਆ ਸਗੋਂ ਸਦੀਆਂ ਤੋਂ ਚਲੇ ਆ ਰਹੇ ਇਸ ਅਣਮਨੁੱਖੀ ਵਰਤਾਰੇ ਦੇ ਖਿਲਾਫ ਇਕ ਸਿੱਧੀ ਜੰਗ ਦਾ ਐਲਾਨ ਵੀ ਕੀਤਾ। ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਡਾ. ਬੀ. ਆਰ. ਅੰਬੇਦਕਰ ਅਤੇ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਦੀ ਸ਼ਖਸੀਅਤ ਦਾ ਵੀ ਗਹਿਰਾ ਪ੍ਰਭਾਵ ਕਬੂਲਿਆ। ਇਹ ਪ੍ਰਭਾਵ ਉਨ੍ਹਾਂ ਦੀ ਕਵਿਤਾ ਵਿਚ ਵਾਰ ਵਾਰ ਦ੍ਰਿਸ਼ੀਗੋਚਰ ਹੁੰਦਾ ਹੈ। ਲੰਮਾਂ ਸਮਾਂ ਸਟੇਜੀ ਕਵਿਤਾ ਨਾਲ ਜੁੜੇ ਹੋਣ ਕਾਰਨ ਉਹ ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ ਸਨ ਉਨ੍ਹਾਂ ਵਿੱਚ ਸਮਾਜਿਕ ਅਤੇ ਰਾਜਨੀਤਕ ਚੇਤਨਾ ਕੁੱਟ ਕੁੱਟ ਕੇ ਭਰੀ ਹੋਈ ਸੀ। ਉਹ ਸਮਾਜਿਕ ਅਤੇ ਰਾਜਨੀਤਕ ਯਥਾਰਥ ਦੀ ਡੂੰਘੀ ਸਮਝ ਰੱਖਦੇ ਸਨ। ਉਨ੍ਹਾਂ ਨੇ ਕਵਿਤਾ ਨੂੰ ਫੋਕੇ ਸੁਹਜ ਸੁਆਦਾਂ ਦੀ ਪੂਰਤੀ ਕਰਨ ਦੀ ਬਜਾਏ ਇਸਨੂੰ ਸਮਾਜਿਕ ਕ੍ਰਾਂਤੀ ਦਾ ਵਾਹਕ ਬਣਾਇਆ। ਇਹੀ ਨਹੀਂ ਉਨ੍ਹਾਂ ਨੇ ਆਪਣੇ ਆਲੇ ਦੁਆਲੇ ਸਮਾਜਿਕ ਤ੍ਰਿਸਕਾਰ ਭੋਗ ਰਹੇ ਲੋਕਾਂ ਦੀ ਚੇਤਨਾ ਨੂੰ ਜਗਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦੀਆਂ ਕਵਿਤਾਵਾਂ ਅਤੇ ਗੀਤਾਂ ਨੇ ਇਸ ਅਸਾਵੇਂ ਸਮਾਜ ਵਿਚ ਮਾਨਵ ਮੁਕਤੀ ਦੀ ਇਕ ਨਵੀਂ ਲਹਿਰ ਖੜ੍ਹੀ ਕੀਤੀ। ਇਹੀ ਕਾਰਨ ਹੈ ਕਿ ਅੱਜ ਵੀ ਉਨ੍ਹਾਂ ਦੀ ਸ਼ਾਇਰੀ ਸਮਾਜਿਕ ਕਲਿਆਣ ਲਈ ਲੜ ਰਹੇ ਲੋਕਾਂ ਲਈ ਪ੍ਰੇਰਨਾ ਸਰੋਤ ਬਣੀ ਹੋਈ ਹੈ। ਆਲਮ ਸਟੇਜੀ ਕਵਿਤਾ ਦਾ ਸਮਰੱਥ ਸ਼ਾਇਰ ਸੀ। ਉਸਦਾ ਕਵਿਤਾ ਕਹਿਣ ਦਾ ਵੀ ਆਪਣਾ ਇਕ ਵਿਲੱਖਣ ਅੰਦਾਜ਼ ਸੀ। ਉਹ ਜਦ ਉਚੀ ਅਤੇ ਸੋਜ਼ਮਈ ਆਵਾਜ਼ ਵਿਚ ਕਵਿਤਾ ਪੜ੍ਹਦਾ ਤਾਂ ਕਵਿਤਾ ਕਹਿਣ ਤੇ ਸੁਣਨ ਵਾਲਿਆਂ ਦੇ ਲੂੰ ਕੰਡੇ ਖੜੇ ਕਰ ਦਿੰਦਾ ਸੀ। ਉਸਦੇ ਸ਼ਬਦ ਬੰਦੇ ਦੀ ਬੰਦਗੀ ਨੂੰ ਵੰਗਾਰ ਕੇ ਉਸਨੂੰ ਆਲੇ ਦੁਆਲੇ ਬਾਰੇ ਮੁੜ ਤੋਂ ਸੋਚਣ ਲਈ ਮਜਬੂਰ ਕਰ ਦਿੰਦੇ ਸਨ। ਉਹ ਸਾਮੰਤਾ, ਰਜਵਾੜਿਆਂ ਅਤੇ ਪੂੰਜੀਪਤੀਆਂ ਦੇ ਖਿਲਾਫ ਬੜੀ ਤਿੱਖੀ ਅਤੇ ਵਿਅੰਗਮਈ ਸ਼ੈਲੀ ਵਿਚ ਗੱਲ ਕਰਦਾ ਸੀ। ਉਸਦਾ ਲਹਿਜਾ ਬੜਾ ਵਿਅੰਗਮਈ ਅਤੇ ਕਟਾਖਸ਼ ਸੀ। ਉਸਨੇ ਇਤਿਹਾਸ ਅਤੇ ਮਿਥਿਹਾਸ ਵਿਚ ਪਏ ਉਨ੍ਹਾਂ ਮਾਨਵ ਵਿਰੋਧੀ ਤੱਤਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਵੀ ਕੀਤਾ ਜਿਸਦੇ ਤਹਿਤ ਧਰਮ ਅਤੇ ਰਾਜਨੀਤੀ ਵਰਣ ਵਿਵਸਥਾ ਦੀ ਆੜ ਹੇਠ ਆਮ ਮਨੁੱਖ ਤੋਂ ਉਸਦਾ ਗੌਰਵ ਖੋਹ ਕੇ ਉਸ ਨਾਲ ਪਸ਼ੂਆਂ ਤੋਂ ਵੀ ਬਦਤਰ ਸਲੂਕ ਕਰਦੇ ਆਏ ਸਨ। ਜੇਕਰ ਉਨ੍ਹਾਂ ਨੂੰ ਪੰਜਾਬੀ ਕਵਿਤਾ ਦਾ "ਵਿਲੀਅਮ ਬਲੇਕ" ਆਖ ਲਿਆ ਜਾਵੇ ਤਾਂ ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਉਹ ਗਰੀਬਾਂ, ਮਜ਼ਦੂਰਾਂ, ਕਿਰਤੀ ਕਾਮਿਆਂ ਅਤੇ ਕਿਸਾਨਾਂ ਦੇ ਸੱਚੇ ਹਮਦਰਦ ਸਨ। ਉਹ ਸਮਾਜਵਾਦੀ ਖਿਆਲਾਂ ਦੇ ਧਾਰਨੀ ਸਨ। ਜਦੋਂ ਆਜ਼ਾਦੀ ਉਪਰੰਤ ਵੀ ਉਨ੍ਹਾਂ ਨੂੰ ਦਲਿਤ ਮੁਕਤੀ ਦਾ ਕੋਈ ਰਾਹ ਨਜ਼ਰ ਨਾ ਆਇਆ ਤਾਂ ਉਨ੍ਹਾਂ ਨੇ "ਆਜ਼ਾਦੀ" ਵਰਗੀ ਬੇਮਿਸਾਲ ਕਵਿਤਾ ਲਿਖਕੇ ਭਾਰਤੀ ਸਟੇਟ ਦੇ ਖਿਲਾਫ ਆਪਣਾ ਭਾਵਪੂਰਤ ਤੇ ਵਿਰੋਧੀ ਪ੍ਰਤੀਕਰਮ ਪੇਸ਼ ਕੀਤਾ। ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਝੋਰਾ ਸੀ ਕਿ ਲੱਖਾਂ ਲੋਕਾਂ ਦੇ ਖੂਨ ਨਾਲ ਸਿੰਜੇ ਆਜ਼ਾਦੀ ਦੇ ਬੋਹੜ ਨੂੰ ਚੰਦ ਕੁ ਪੂੰਜੀਪਤੀਆਂ ਅਤੇ ਜਗੀਰਦਾਰਾਂ ਨੇ ਹਥਿਆ ਲਿਆ ਸੀ। ਉਹ ਆਜ਼ਾਦੀ ਨੂੰ ਆਮ ਆਦਮੀ ਦੀਆਂ ਬਰੂਹਾਂ ਤੱਕ ਅਪੜਿਆ ਵੇਖਣਾ ਚਾਹੁੰਦੇ ਸਨ। ਇਹੀ ਨਹੀਂ ਉਨ੍ਹਾਂ ਨੇ ਭਾਰਤ ਦੇ ਟਪਰੀਵਾਸਾਂ, ਖਾਨਾਬਦੋਸ਼ਾਂ ਅਤੇ ਕਬੀਲਿਆਂ ਦੀ ਖਾਨਬਦੌਂ ਅਤੇ ਗੁਰਬਤ ਭਰੀ ਜ਼ਿੰਦਗੀ ਤੇ ਚਿੰਤਾ ਵਿਅਕਤ ਕਰਦਿਆਂ ਹੋਇਆ ਉਨ੍ਹਾਂ ਦੀ ਬੰਦ ਖਲਾਸੀ ਲਈ ਵੀ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਭਾਰਤੀ ਰਾਜਨੀਤੀ ਦੇ ਉਨ੍ਹਾਂ ਸਭ ਕਾਰਨਾਂ ਨੂੰ ਆਪਣੀ ਰਚਨਾ ਦੇ ਦਾਇਰੇ ਵਿੱਚ ਲਿਆਂਦਾ ਜਿਹੜੇ ਕਿ ਕਿਰਤੀ ਕਾਮਿਆਂ ਅਤੇ ਮਜ਼ਦੂਰਾਂ ਦੀ ਤਰਸਯੋਗ ਆਰਥਿਕ ਸਥਿਤੀ ਲਈ ਜ਼ਿੰਮੇਵਾਰ ਸਨ। ਆਲਮ ਦੀ ਸ਼ਾਇਰੀ ਦੀ ਖਾਸ ਵਿਸ਼ੇਸ਼ਤਾ ਇਹ ਹੈ ਕਿ ਉਸ ਦੀ ਸ਼ਾਇਰੀ ਸਮੂਹ ਮਜ਼ਦੂਰਾਂ, ਕਿਰਤੀ ਕਾਮਿਆਂ ਅਤੇ ਕਿਸਾਨਾਂ ਦੀ ਗੱਲ ਕਰਦੀ ਹੈ। ਉਹ ਸਾਵੇਂ ਅਤੇ ਸੰਤੁਲਿਤ ਸਮਾਜ ਦੀ ਸਿਰਜਣਾ ਦੀ ਗੱਲ ਕਰਦਾ ਹੈ। ਉਸ ਦੀ ਦ੍ਰਿਸ਼ਟੀ ਬਹੁਤ ਵਿਸ਼ਾਲ ਹੈ। ਉਹ ਇਕੋ ਇਕ ਅਜਿਹਾ ਮੁਢਲਾ ਦਲਿਤ ਸ਼ਾਇਰ ਹੈ ਜਿਹੜਾ ਸਿਰਫ ਦਲਿਤ ਸਮੂਹਾਂ ਅਤੇ ਕਿਰਤੀਆਂ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਸਰਬਵਿਆਪੀ ਸਮਾਜਿਕ ਕ੍ਰਾਂਤੀ ਦੀ ਗੱਲ ਕਰਦਾ ਹੈ। ਇਸ ਮਾਰਗ ਤੇ ਚਲਦਿਆਂ ਉਹ ਕਦੇ ਵੀ ਉਲਾਰ ਨਹੀਂ ਹੁੰਦਾ। ਉਸ ਦੀ ਕਵਿਤਾ ਅਸਲ ਦੁਸ਼ਮਨ ਦੀ ਤਲਾਸ਼ ਵਿਚ ਅਗਰਸਰ ਰਹਿੰਦੀ ਹੈ।



**ਵਿਚਾਰਧਾਰਾ:** ਗੁਰਦਾਸ ਰਾਮ ਆਲਮ ਤੇ ਕਾਰਲ ਮਾਰਕਸ ਅਤੇ ਡਾ. ਬੀ. ਆਰ. ਅੰਬੇਦਕਰ ਦੀ ਵਿਚਾਰਧਾਰਾ ਦਾ ਗਹਿਰਾ ਪ੍ਰਭਾਵ ਹੈ। ਉਸ ਦੀ ਕਵਿਤਾਵਾਂ "ਡਾ. ਅੰਬੇਦਕਰ" ਅਤੇ "ਸੋਸ਼ਲਿਜ਼ਮ" ਇਸਦੀਆਂ ਸ਼ਕਤੀਸ਼ਾਲੀ ਉਦਾਹਰਨਾਂ ਹਨ। ਗੁਰਦਾਸ ਰਾਮ ਆਲਮ ਦੇ ਉੱਘੇ ਮਾਰਕਸੀ ਆਗੂ ਹਰਕ੍ਰਿਸ਼ਨ ਸਿੰਘ ਸੁਰਜੀਤ ਨਾਲ ਨੇੜਲੇ ਸਬੰਧ ਸਨ। ਉਹ ਕੰਮੀ, ਕਿਰਤੀਆਂ, ਮਜ਼ਦੂਰ ਕਿਸਾਨਾਂ ਦੇ ਹੱਕ ਲਈ ਚਲੀਆਂ ਲੋਕ ਲਹਿਰਾਂ ਦਾ ਮੁਦੱਈ ਸੀ। ਉਸ ਦੀ ਦੀ ਸਾਰੀ ਦੀ ਸਾਰੀ ਕਵਿਤਾ ਇਨ੍ਹਾਂ ਲੋਕ ਲਹਿਰਾਂ ਦੀ ਪ੍ਰੇਰਨਾ ਸਰੋਤ ਬਣਨ ਦੇ ਨਾਲ ਨਾਲ ਇਨ੍ਹਾਂ ਜਨਤਕ ਘੋਲਾਂ ਦੀ ਅਗਵਾਈ ਵੀ ਕਰਦੀ ਹੈ। ਉਹ ਜਾਤ ਅਤੇ ਜਮਾਤ ਅਧਾਰਤ ਸਮਾਜ ਵਿਚ ਸਦੀਆਂ ਤੋਂ ਇਕ ਸੋਚੀ ਸਮਝੀ ਰਾਜਨੀਤੀ ਦੇ ਤਹਿਤ ਸ਼ੂਦਰ ਬਣਾ ਦਿੱਤੇ ਗਏ ਲੋਕਾਂ ਦੀ ਮੁਕਤੀ ਅਤੇ ਬੰਦਖਲਾਸੀ ਵੀ ਸਮਾਜਵਾਦ ਨਾਲ ਜੋੜਕੇ ਵੇਖਦਾ ਸੀ। ਉਹ ਡਾ. ਅੰਬੇਦਕਰ ਨੂੰ ਦਲਿਤਾਂ ਅਤੇ ਦੱਬੇ ਕੁਚਲੇ ਲੋਕਾਂ ਦੇ ਉਸਰੱਈਏ ਅਤੇ ਬੁਲਾਰੇ ਦੇ ਤੌਰ ਤੇ ਵੇਖਦਾ ਸੀ ਕਿਉਂਕਿ ਡਾ. ਬੀ. ਆਰ. ਅੰਬੇਦਕਰ ਨੇ ਜਾਤੀ ਦੀ ਭਾਰਤੀ ਪ੍ਰਸੰਗ ਵਿਚ ਮੁੜ ਵਿਆਖਿਆ ਕਰਕੇ ਇਸਨੂੰ ਤਰਕਮਈ ਢੰਗ ਨਾਲ ਨਜਿੱਠਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ। ਇਹੀ ਨਹੀਂ ਉਸਨੇ ਵਿਸ਼ੇਸ ਸੰਵਿਧਾਨਕ ਹੱਕਾਂ ਰਾਹੀ ਮਨੂੰਵਾਦੀ ਦਮਨਚੱਕਰ ਦਾ ਸ਼ਿਕਾਰ ਲੋਕਾਂ ਦੀ ਸਮਾਜਿਕ ਪਛਾਣ ਅਤੇ ਅਤੇ ਆਤਮ ਸਨਮਾਨ ਦੀ ਪੈਰਵਾਈ ਕੀਤੀ। ਉਹ ਕਾਰਲ ਮਾਰਕਸ ਦੇ ਦਰੱਨ ਅਤੇ ਅੰਬੇਦਕਰ ਦੀ ਵਿਚਾਰਧਾਰਾ ਨੂੰ ਇਕੋ ਸਿੱਕੇ ਦੇ ਦੋ ਪਾਸੇ ਕਿਆਸ ਕਰਦਾ ਹੈ। ਉਹ ਦੁਨੀਆਂ ਭਰ ਦੇ ਕਿਰਤੀ ਕਾਮਿਆਂ ਅਤੇ ਮਜ਼ਦੂਰਾਂ ਦੀ ਮੁਕਤੀ ਨੂੰ ਸਮਾਜਵਾਦ ਨਾਲ ਜੋੜਦਾ ਹੋਇਆ ਸਮਾਜਿਕ ਕ੍ਰਾਂਤੀ ਦਾ ਹੋਕਾ ਦਿੰਦਾ ਹੈ। ਉਹ ਵਿਹਾਰਕ ਪੱਧਰ ਤੇ ਖੱਬੇਪੱਖੀ ਸੋਚ ਦਾ ਧਾਰਨੀ ਹੈ। ਉਹ ਸਮਾਜਿਕ ਇਨਕਲਾਬ ਨੂੰ ਸਿਰਫ ਦਲਿਤ ਵਰਗ ਤੱਕ ਹੀ ਸੀਮਤ ਕਰਕੇ ਨਹੀਂ ਵੇਖਦਾ ਸਗੋਂ ਦੁਨੀਆਂ ਭਰ ਦੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਵੀ ਇਸ ਜਦੋ ਜਹਿਦ ਵਿਚ ਸ਼ਾਮਿਲ ਹੋਇਆ ਵੇਖਣਾ ਚਾਹੁੰਦਾ ਹੈ। ਜੇਕਰ ਗੁਰਦਾਸ ਰਾਮ ਆਲਮ ਦੀਆਂ ਰਚਨਾਵਾਂ ਵਿੱਚ ਦਿੱਤੇ ਗਏ ਹਵਾਲਿਆਂ ਅਤੇ ਵੇਰਵਿਆਂ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਇਹ ਗੱਲ ਸਪਸ਼ੱਟ ਹੋ ਜਾਂਦੀ ਹੈ ਕਿ ਉਸਨੇ ਕਾਰਲ ਮਾਰਕਸ, ਬੀ.ਆਰ. ਅੰਬੇਡਕਰ ਅਤੇ ਖੱਬੇਪੱਖੀ ਸੋਚ ਵਾਲੇ ਲੇਖਕਾਂ ਅਤੇ ਚਿੰਤਕਾਂ ਦਾ ਗਹਿਰਾ ਅਧਿਐਨ ਕੀਤਾ ਹੋਇਆ ਸੀ। ਉਦਾਹਰਨ ਵਜੋਂ ਉਸ ਦੀ ਦੀ ਕਵਿਤਾ "ਖੋਤਾ" ਜੌਰਜ ਓਰਵੈਲ" ਦੇ ਨਾਵਲ "ਐਨੀਮਲ ਫਾਰਮ" 'ਤੇ ਅਧਾਰਿਤ ਹੈ ਜਦਕਿ ਉਨ੍ਹਾਂ ਦੀ ਕਵਿਤਾ ਗੁਲਾਮਾਂ ਦੀ ਬਗਾਵਤ ਹਾਵਰਡ ਫਾਸਟ ਦੇ ਨਾਵਲ "ਸਪਾਰਟਕਸ" 'ਤੇ ਅਧਾਰਿਤ ਹੈ। ਇਸ ਤਰ੍ਹਾਂ ਉਸ ਦੀਆਂ ਰਚਨਾਵਾਂ ਦਾ ਗਹਿਰ ਗੰਭੀਰ ਅਧਿਐਨ ਕੀਤਿਆਂ ਬੜੇ ਮਹੱਤਵਪੂਰਨ ਤੱਥ ਦ੍ਰਿਸ਼ਟੀਗੋਚਰ ਹੁੰਦੇ ਹਨ। ਉਹ ਜਮਾਤੀ ਖਾਸੇ ਵਾਲੇ ਸਮਾਜ ਵਿਚ ਸਮਾਜਵਾਦ ਨੂੰ ਮਾਨਵਮੁਕਤੀ ਦਾ ਇਕੋ ਇਕ ਗਾਡੀ ਰਾਹ ਤਸੱਵਰ ਕਰਦਾ ਹੈ। ਆਲਮ ਦੀ ਕਵਿਤਾ "ਮੰਡੀਲੁ ਭਾਰਤੀ ਲੋਕਤੰਤਰਿਕ ਢਾਂਚੇ ਦੇ ਭ੍ਰਿਸ਼ਟਾਚਾਰੀ ਅਤੇ ਲੋਟੂ ਕਿਰਦਾਰ ਤੇ ਵਿਅੰਗ ਕਸਦੀ ਹੋਈ ਇਕ ਨਵਾਂ ਵਿਚਾਰਧਾਰਕ ਪੈਂਤੜਾ ਅਖਤਿਆਰ ਕਰਦੀ ਹੈ। ਉਹ ਭਾਰਤ ਦੀ ਆਜ਼ਾਦੀ ਤੇ ਕੁਝ ਕੁ ਰਾਜਨੀਤਕ ਪਰਿਵਾਰਾਂ ਅਤੇ ਪੂੰਜੀਪਤੀਆਂ ਦੇ ਕਬਜ਼ਾ ਕਰ ਲੈਣ ਤੇ ਗਹਿਰਾ ਕਟਾਖਸ਼ ਕਰਦਾ ਹੋਇਆ ਲਿਖਦਾ ਹੈ :-

ਬੜੀ ਮਸ਼ਹੂਰ ਹੈ ਆੜ੍ਹਤੀਆਂ ਦੀ ਇਕ ਦੁਕਾਨ ਪੁਰਾਣੀ,
ਦੇਖ ਭਾਲ ਕਰਦੀ ਰਹੀ ਹੁਣ ਤੱਕ ਜਿਸਦੀ ਇਕ ਸੁਆਣੀ

ਇਸ ਤਰ੍ਹਾਂ ਉਸ ਦੀ ਕਵਿਤਾ "ਮੰਡੀ" ਦੀਆਂ ਇਹ ਉਪਰੋਕਤ ਸਤਰਾਂ ਉਸ ਦੀ ਵਿਚਾਰਧਾਰਾ ਦੇ ਪ੍ਰਸੰਗ ਵਿਚ ਬਹੁਤ ਗੌਲਣਯੋਗ ਹਨ। ਅਜ਼ਾਦੀ ਤੋਂ ਤੁਰੰਤ ਬਾਅਦ ਭਾਰਤੀ ਲੋਕਤੰਤਰ ਤੇ ਉਦਯੋਗਪਤੀਆਂ ਅਤੇ ਪੂੰਜੀਪਤੀਆਂ ਦੇ ਪ੍ਰਭਾਵੀ ਹੋਣ ਜਾਣ ਤੇ ਉਸਨੂੰ ਸ਼ਹੀਦਾਂ, ਸੁਤੰਤਰਤਾ ਸੰਗਰਾਮੀਆਂ ਅਤੇ ਕਿਰਤੀ ਕਾਮਿਆਂ ਦਾ ਰੋਜ਼ੀ ਰੋਟੀ ਤੇ ਆਤਮ ਸਨਮਾਨ ਦਾ ਸੁਪਨਾ ਚਕਨਾਚੂਰ ਹੁੰਦਾ ਨਜ਼ਰ ਆਇਆ। ਉਸਨੇ ਇਸ ਮੂੰਹਜ਼ੋਰ ਵਰਤਾਰੇ ਦੇ ਖਿਲਾਫ ਆਪਣੀ ਕਲਮ ਚਲਾਉਂਦਿਆਂ ਹੋਇਆ ਆਪਣੀ ਜੁਝਾਰੂ ਚੇਤਨਾ ਦਾ ਪ੍ਰਮਾਣ ਦਿੱਤਾ। ਉਨ੍ਹਾਂ ਨੇ ਭਾਰਤੀ ਲੋਕਰਾਜ ਵਿਚ ਵੋਟਾਂ ਦੀ ਹੁੰਦੀ ਖਰੀਦੋ-ਫਰੋਖਤ ਤੇ ਦਲ ਦਲਬਦਲੀਆਂ ਨੂੰ ਖੁਲ੍ਹੇਆਮ ਆਪਣੀ ਕਵਿਤਾ ਰਾਹੀਂ ਬੇਨਕਾਬ ਕੀਤਾ। ਉਨ੍ਹਾਂ ਦੀ ਕਵਿਤਾ ਮੰਡੀ ਦੀਆਂ ਕੁਝ ਸਤਰਾਂ ਹਨ :-

ਇਉਂ ਵੋਟਾਂ ਦੀ ਬੋਲੀ ਹੁੰਦੀ,
ਜਿਉਂ ਅੰਮ੍ਰਿਤਸਰ ਝੋਨਾ
ਪਾਰਲੀਮੈਂਟ ਦੇ ਮੈਂਬਰ ਵਿਕਦੇ
ਜਿਉਂ ਫਗਵਾੜੇ ਪੋਨਾ
ਜੇ ਚਾਹੁੰਦੇ ਹੋ ਜ਼ਿਆਦਾ ਕੀਮਤ,
ਤਾਂ ਫਿਰ ਦਲ ਬਦਲਾਵੋ
ਦਿੱਲੀ ਦੇ ਵਿਚ ਮੰਡੀ ਲੱਗੀ, ਸੁਣ
ਲਓ ਭੈਣ ਭਰਾਵੋ।

ਇਸ ਤਰ੍ਹਾਂ ਉਪਰੋਕਤ ਹਵਾਲਿਆਂ ਦੀ ਰੌਨੀ ਵਿਚ ਅਸੀ ਆਖ ਸਕਦੇ ਹਾਂ ਕਿ ਆਲਮ ਬੜੀ ਵਿਸ਼ੱਾਲ ਦ੍ਰਿਸ਼ਟੀ ਵਾਲਾ ਸ਼ਾਇਰ ਹੈ। ਉਸ ਦੀ ਦੀ ਕਵਿਤਾ ਅਥਾਹ ਊਰਜਾ ਦਾ ਸੰਚਾਰ ਕਰਦੀ ਹੈ। ਉਸਦਾ ਦਾ ਸਮਾਜਵਾਦ ਵਿਚ ਅਟੱਲ ਵਿੱਵਾਂ ਸੀ। ਉਸਦਾ ਦੀ ਹਰ ਇਕ ਕਵਿਤਾ ਵਿਚ ਇਹ ਧੁਨੀ ਵਾਰ ਵਾਰ ਉਭਰਵੇਂ ਰੂਪ ਵਿਚ ਉਭਰਦੀ ਸੁਣਾਈ ਦਿੰਦੀ ਹੈ। ਇਹੀ ਹੀ ਨਹੀਂ ਉਨ੍ਹਾਂ ਨੇ ਦਲਿਤ ਵਰਗ ਦੀਆਂ ਤਲਖੀਆਂ ਦੁਸ਼ਵਾਰੀਆਂ ਅਤੇ ਸਮੱਸਿਆਵਾਂ ਨੂੰ ਮਾਰਕਸ ਦੀ ਵਿਚਾਰਧਾਰਾ ਦੀ ਰੋਸ਼ਨੀ ਵਿਚ ਪੜ੍ਹਿਆ ਵਿਚਾਰਿਆ ਅਤੇ ਪੁਨਰ ਪਰਿਭਾਸ਼ਿਤ ਕੀਤਾ।

**ਗੁਰਦਾਸ ਆਲਮ ਦਾ ਕਾਵਿ-ਜਗਤ:-** ਗੁਰਦਾਸ ਰਾਮ ਆਲਮ ਨੇ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਚਾਰ ਕਾਵਿ-ਪੁਸਤਕਾਂ ਪਾਈਆਂ। ਇਨ੍ਹਾਂ ਵਿਚੋਂ "ਜੇ ਮੈਂ ਮਰ ਗਿਆ", "ਅੱਲ੍ਹੇ ਫੱਟ", "ਉਡਦੀਆਂ ਧੂੜਾਂ", ਅਤੇ "ਆਪਣਾ ਆਪ" ਹੁਣ ਮਾਨਵਵਾਦੀ ਰਚਨਾ ਮੰਚ, ਪੰਜਾਬ ਵਲੋਂ "ਆਲਮ-ਕਾਵਿ" ਦੇ ਨਾਂ ਹੇਠ ਇਕ ਜਿਲਦ ਵਿਚ ਛਾਪੀਆਂ ਗਈਆਂ ਹਨ। ਉਸ ਨੇ (1912 ਤੋਂ 1989) ਤੱਕ 77 ਵਰਿਆਂ ਦਾ ਸੰਘਰਸ਼ੀਲ ਜੀਵਨ ਜੀਵਿਆ। ਉਸਨੇ ਆਪਣੀ ਪਹਿਲੀ ਸਟੇਜੀ ਕਵਿਤਾ "ਆਲਮ ਜਲੰਧਰੀ" ਦੇ ਨਾਂ ਹੇਠ ਪੜ੍ਹੀ ਤੇ ਫਿਰ ਮੁੜਕੇ ਪਿੱਛੇ ਨਹੀਂ ਦੇਖਿਆ। ਉਸਨੇ 1935-36 ਵਿਚ "ਪੰਜਾਬੀ ਦਰਬਾਰ ਕੋਇਟਾ" ਨਾਂ ਦੀ ਸਾਹਿਤ ਸਭਾ ਬਣਾਈ ਜਿਸਦਾ ਕਿ ਉਹ 1945 ਤੱਕ ਪ੍ਰਧਾਨ ਰਿਹਾ। ਉਹ "ਪੰਜਾਬੀ ਦਿਹਾਤੀ ਮਜ਼ਦੂਰ ਸਭਾ" ਦਾ ਪ੍ਰਧਾਨ ਵੀ ਰਿਹਾ। ਉਸਨੇ ਸਵਰਗੀ ਪੰਡਤ ਬਖਸ਼ੀ ਰਾਮ ਨਾਲ ਮਿਲਕੇ ਆਦਿ ਧਰਮ ਮੰਡਲ ਲਈ ਵੀ ਕਾਫੀ ਕੰਮ ਕੀਤਾ। ਉਸ ਨੇ 1972 ਤੇ 1975 ਵਿਚ ਬਰਤਾਨੀਆਂ ਦਾ ਦੌਰਾ ਵੀ ਕੀਤਾ ਜਿੱਥੇ ਕਿ ਉਸ ਦੀ ਸ਼ਾਇਰੀ ਨੂੰ ਭਰਭੂਰ ਹੁੰਗਾਰਾ ਮਿਲਿਆ। ਗੁਰਦਾਸ ਰਾਮ ਆਲਮ ਕਰਤਾਰ ਸਿੰਘ ਬਲੱਗਣ, ਵਿਧਾਤਾ ਸਿੰਘ ਤੀਰ, ਨੰਦ ਲਾਲ ਨੂਰਪੁਰੀ, ਧਨੀ ਰਾਮ ਚਾਤ੍ਰਿਕ ਦਾ ਸਮਕਾਲੀ ਸੀ। ਉਸਨੇ ਸ਼ਿਵ ਕੁਮਾਰ ਬਟਾਲਵੀ ਅਤੇ ਅਮ੍ਰਿਤਾ ਪ੍ਰੀਤਮ ਨਾਲ ਵੀ ਸਟੇਜਾਂ ਸਾਂਝੀਆਂ ਕੀਤੀਆਂ ਅਤੇ ਆਪਣੀ ਵਿਲੱਖਣ ਅਤੇ ਇਨਕਲਾਬੀ ਸ਼ਾਇਰੀ ਦੀ ਧਾਕ ਜਮਾਈ। ਸਾਡੇ ਉਘੇ ਇਨਕਲਾਬੀ ਕਵੀ ਪਾਸ਼ ਅਤੇ ਜਗਤਾਰ ਆਲਮ ਦੀ ਸ਼ਾਇਰੀ ਦੇ ਵੱਡੇ ਪ੍ਰਸ਼ੰਸ਼ਕ ਸਨ। ਉਹ ਆਲਮ ਦੀ ਜ਼ਿੰਦਾਦਿਲੀ ਅਤੇ ਕ੍ਰਾਂਤੀਕਾਰੀ ਸੋਚ ਦੇ ਕਾਇਲ ਸਨ। ਉਸ ਦੀ ਕਿਰਤੀ ਕਾਮਿਆਂ ਅਤੇ ਨਿੱਘਰ ਸਮਾਜਿਕ ਸਰੋਕਾਰਾਂ ਨਾਲ ਪ੍ਰਤੀਬੱਧਤਾ ਉਸਨੂੰ ਪੰਜਾਬੀ ਦੇ ਮੁਢਲੇ ਸ਼ਾਇਰਾਂ ਵਿਚ ਜ਼ਿਕਰਯੋਗ ਸਥਾਨ ਪ੍ਰਦਾਨ ਕਰਦੀ ਹੈ। ਜੇਕਰ ਸਮੁੱਚੇ ਆਲਮ ਕਾਵਿ ਦਾ ਗਹੁ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਆਲਮ ਕੰਮੀ ਕਿਰਤੀਆਂ ਅਤੇ ਕਿਸਾਨਾਂ ਦਾ ਕਵੀ ਹੈ। ਉਸ ਦੀ ਬਹੁਤੀ ਕਵਿਤਾ ਮਜ਼ਦੂਰ, ਜੁਲਾਹਿਆਂ, ਮੋਚੀਆਂ, ਪਥੇਰਿਆਂ, ਭੰਗੀਆਂ, ਭਾਰਤ ਦੇ ਟੱਪਰੀਵਾਸਾਂ ਅਤੇ ਖਾਨਾਬਦੋਸ਼ਾਂ ਦੇ ਸੰਘਰਸ਼ਸੀਲ ਜੀਵਨ ਨੂੰ ਸਮਰਪਿਤ ਹੈ। ਉਹ ਕਿਰਤੀ ਜਮਾਤ ਦੀ ਚੇਤਨਾ ਨੂੰ ਪ੍ਰਗਟ ਕਰਦਾ ਹੈ। ਉਸ ਦੀ ਸੋਚ ਪ੍ਰਗੀਤਵਾਦੀ ਹੈ। ਉਸ ਦੀ ਕਵਿਤਾ ਦੀ ਇਕ ਖਾਸ ਵਿੱਤਾ ਇਹ ਹੈ ਕਿ ਉਸਨੇ ਅਛੂਤ ਅਤੇ ਆ-ਧਰਮੀ ਸਦਵਾਉਣ ਵਾਲੇ ਲੋਕਾਂ ਨੂੰ ਆਪਣੀ ਕਵਿਤਾ ਦਾ ਨਾਇਕ ਬਣਾਇਆ ਅਤੇ ਕਿਰਤ ਦੇ ਸ਼ਾਨਮੱਤੀ ਇਤਿਹਾਸ ਨੂੰ ਨਵੇਂ ਅਰਥਾਂ ਵਿਚ ਪੁਨਰ ਪਰਿਭਾਸ਼ਿਤ ਕੀਤਾ। ਉਸਨੇ ਵਰਣ ਵਿਵਸਥਾ ਅਤੇ ਜਗੀਰਦਾਰੀ ਢਾਂਚੇ ਵਿਚ ਮਨੁੱਖ ਨੂੰ ਪਸ਼ੂ ਤੋਂ ਵੀ ਬਦਹਾਲ ਕਰ ਦੇਣ ਵਾਲੀਆਂ ਧਿਰਾਂ ਦੇ ਖਿਲਾਫ ਤਿੱਖੀ ਸੁਰ ਵਿਚ ਆਪਣਾ ਕਾਵਿ ਪ੍ਰਤੀਕਰਮ ਪੇਸ਼ ਕੀਤਾ। ਉਸਨੇ ਭਾਰਤ ਦੇ ਕਪਟੀ ਲੀਡਰਾਂ, ਜਗੀਰਦਾਰਾਂ, ਜ਼ੈਲਦਾਰਾਂ, ਨੰਬਰਦਾਰਾਂ ਅਤੇ ਕਿਰਤੀ ਕਾਮਿਆਂ ਦਾ ਸੌਣ ਕਰਨ ਵਾਲੀਆਂ ਧਿਰਾਂ ਨੂੰ ਵੰਗਾਰ ਕੇ ਆੜੇ ਹੱਥੀਂ ਲਿਆ। ਉਹ ਆਪਣੇ ਹੀ ਸ਼ਬਦਾਂ ਵਿਚ ਕਵਿਤਾ ਨੂੰ "ਅਵਾਮ ਵਿਚ ਨਵੀਂ ਰੂਹ ਫੂਕ ਦੇਣ ਵਾਲੀ ਕਲਾ" ਦੇ ਤੌਰ ਤੇ ਤਸਦੀਕ ਕਰਦਾ ਸੀ। ਉਹ ਖਪਤਵਾਦੀ ਪਰਵਿਰਤੀਆਂ ਹਿੱਤ ਲਿਖੀ ਗਈ ਕਵਿਤਾ ਦੇ ਸਕ੍ਰਤ ਖਿਲਾਫ ਸਨ। ਉਸਨੇ ਭਾਰਤੀ ਸੰਸਕ੍ਰਿਤੀ ਅਤੇ ਸੱਭਿਆਚਾਰ ਵਿਚ ਫੈਲੇ ਜਾਤਪਾਤ ਅਤੇ ਉਚ-ਨੀਚ ਦੇ ਕੋਹੜ ਨੂੰ ਰੱਜਕੇ ਭੰਡਿਆਂ ਹੀ ਨਹੀਂ ਸਗੋਂ ਜਾਤਪਾਤ ਦੀ ਰਾਜਨੀਤਕ ਸਾਜਿਸ਼ ਅਤੇ ਇਸ ਸਾਜਿਸ਼ ਪਿੱਛੇ ਕਾਰਜਸ਼ੀਲ ਸ਼ਕਤੀਆਂ ਨੂੰ ਵੀ ਆਪਣੇ ਕਾਵਿ ਮਾਧਿਅਮ ਰਾਹੀਂ ਤਰਕਮਈ ਢੰਗ ਨਾਲ ਬੇਨਕਾਬ ਕੀਤਾ। ਉਸਨੇ ਵਰਣ ਵਿਵਸਥਾ ਦੇ ਦਮਨਚੱਕਰ ਵਿਚ ਫਸੀ ਹੋਈ ਲੋਕਾਈ ਅਤੇ ਸਦੀਆਂ ਤੋਂ ਗੁਲਾਮਾਂ ਵਾਲਾ ਜੀਵਨ ਬਸਰ ਕਰ ਰਹੇ ਲੋਕਾਂ ਦੀ ਚੇਤਨਾ ਅਤੇ ਭੂਮਿਕਾ ਨੂੰ ਪੁਨਰ ਪਰਿਭਾਸ਼ਿਤ ਕਰਦੇ ਹੋਏ ਉਨ੍ਹਾਂ ਦੇ ਲਹੂ ਵਿਚ ਇਕ ਨਵੀਂ ਊਰਜਾ ਦਾ ਸੰਚਾਰ ਕੀਤਾ। ਉਨ੍ਹਾਂ ਦੀ ਹੇਠ ਦਿਤੀ ਕਵਿਤਾ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ :-

ਲੰਬੜਾਂ ਦੀ ਕੰਧ ਟੱਪਕੇ, ਮੁੰਡਾ ਕੰਡਿਆਂ ਚੋਂ ਬੇਰ ਲਿਆਇਆ
ਤਲੀ ਉੱਤੇ ਜਾਨ ਰੱਖਕੇ, ਉਹਨੇ ਬੇਰੀ ਦੇ ਪਿੰਡੇ ਨੂੰ ਹੱਥ ਪਾਇਆ।
ਜਿਸ ਵੇਲੇ ਰੋਕ ਨਾ ਸਕੀ ਨਵੇਂ ਪੈਰਾਂ ਨੂੰ ਦੀਵਾਰ ਪੁਰਾਣੀ
ਨੱਸਕੇ ਅੰਦਰ ਲੁਕ ਗਈ, ਕੁੰਡਾ ਮਾਰਕੇ ਵੱਡੀ ਚੌਧਰਾਣੀ
ਮੁੱਛਾਂ ਉੱਤੇ ਹੱਥ ਫੇਰਕੇ ਨਾਲੇ ਖੰਘਿਆ ਤੇ ਨਾਲੇ ਮੁਸਕਾਇਆ
ਲੰਬੜਾਂ ਦੀ ਕੰਧ ਟੱਪਕੇ ਮੁੰਡਾ ਕੰਡਿਆਂ ਚੋਂ ਬੇਰ ਲਿਆਇਆ।

ਇਸ ਤਰ੍ਹਾਂ ਗੁਰਦਾਸ ਰਾਮ ਆਲਮ ਦਾ ਇਹ ਉਪਰੋਕਤ ਗੀਤ ਉਸ ਦੀ ਦੀ ਕਵਿਤਾ ਦੀ ਵਿਸ਼ੇਗਤ ਪਹੁੰਚ ਅਤੇ ਸਮਰੱਥਾ ਨੂੰ ਵਿਅਕਤ ਕਰਦਾ ਹੈ। ਇਹ ਗੀਤ ਆਲਮ ਦੀ ਸਮੁੱਚੀ ਕਵਿਤਾ ਦੀ ਕੂੰਜੀ ਹੈ। ਇਸ ਗੀਤ ਦਾ ਵਿਸ਼ਲੇਸ਼ਣ ਕਰਕੇ ਅਸੀਂ ਉਸ ਦੀ ਸਮੁੱਚੀ ਕਵਿਤਾ ਦੇ ਪਾਠ ਵਿਚੋਂ ਸਹਿਜੇ ਹੀ ਲੰਘ ਸਕਦੇ ਹਾਂ। ਇਸ ਕਵਿਤਾ ਵਿਚ ਕੰਧ, ਬੇਰੀ, ਕੰਡੇ, ਪਿੰਡਾ, ਦੀਵਾਰ, ਚੌਧਰਾਣੀ, ਕੁੱਤਾ, ਚੋਂਕੀਦਾਰ, ਲੰਬੜ ਅਤੇ ਪਟਵਾਰੀ ਭਾਰਤ ਦੀ ਸਦੀਆਂ ਪੁਰਾਣੀ ਵਰਣ ਵਿਵਸਥਾ ਅਤੇ ਉਸ ਦੀਆਂ ਲੀਹਾਂ ਤੇ ਚਲਦੇ ਆ ਰਹੇ ਜਗੀਰਦਾਰੀ ਪ੍ਰਬੰਧ ਦਾ ਪ੍ਰਤੀਕ ਹਨ ਜਿਹੜੇ ਕੇ ਮਨੂੰਵਾਦੀ ਢਾਂਚੇ ਵਿਚ ਦਹਿੱਤ ਅਤੇ ਸ਼ੋਸਣ ਦੇ ਦਾਬੇ ਹੇਠ ਸਦੀਆਂ ਤੋਂ ਰਾਜ ਕਰਦੇ ਆਏ ਹਨ। ਇਸਦੇ ਉਲਟ ਗੀਤ ਵਿਚ ਲੰਬੜਾਂ ਦੇ ਖਿਲਾਫ ਵਿਦਰੋਹ ਕਰਨ ਵਾਲਾ ਮੁੰਡਾ ਸੋਤਿ ਧਿਰਾਂ ਦੇ ਸਮੂਹਿਕ ਅਵਚੇਤਨ ਦੀ ਆਵਾਜ਼ ਬਣਦਾ ਹੈ ਅਤੇ ਲੰਬੜਾਂ ਦੀ ਕੰਧ ਟੱਪਣ ਦੀ ਜ਼ੁਅਰਤ ਕਰਕੇ ਆਪਣੇ ਰੋਹ ਵਿਦਰੋਹ ਦਾ ਪ੍ਰਗਟਾਵਾ ਕਰਦਾ ਹੈ।

ਇਹ ਗੀਤ ਸਹੀਂ ਅਰਥਾਂ ਵਿਚ ਭਾਰਤੀ ਬੁਰਜ਼ਆਜ਼ੀ ਅਤੇ ਪਰੋਲੋਤਾਰੀ ਦੇ ਭੇੜ ਨੂੰ ਸਾਕਾਰ ਕਰਦਾ ਹੋਇਆ ਜਾਤੀ ਅਤੇ ਜਮਾਤੀ ਚੇਤਨਾ ਦਾ ਪ੍ਰਗਟਾਵਾ ਕਰਦਾ ਹੈ। ਰੋਹ ਵਿਦਰੋਹ ਦੀ ਇਹ ਸੁਰ ਪੰਜਾਬ ਦੇ ਹੋਰ ਸ਼ਾਇਰਾਂ ਅਤੇ ਗੀਤਕਾਰਾਂ ਵਿਚ ਵੀ ਪਛਾਣੀ ਜਾ ਸਕਦੀ ਹੈ। ਜਨਾਬ ਦੀਪਕ ਜੈਤੋਈ ਦਾ ਗੀਤ "ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ ਵੇ ਅਸਾਂ ਨਹੀਂ ਕਨੌੜ ਝੱਲਣੀ" ਵੀ ਭਾਰਤੀ ਜਾਤੀਗਤ ਢਾਂਚੇ ਵਿਚ ਜਗੀਰਦਾਰੀ ਪ੍ਰਬੰਧ ਲਈ ਇਕ ਵੰਗਾਰ ਖੜ੍ਹੀ ਕਰਦਾ ਹੈ। ਭਾਵੇਂ ਕਿ ਉਹ ਭਾਰਤੀ ਪ੍ਰਸੰਗ ਵਿੱਚ ਭੀਮ ਰਾਓ ਅੰਬੇਦਕਰ ਨੂੰ ਦਲਿਤਾਂ ਦਾ ਮਸੀਹਾ ਕਿਆਸ ਕਰਦਾ ਹੈ ਪਰ ਉਹ ਵਡੇਰੇ ਪਰਿਪੇਖ ਵਿਚ ਕਾਰਲ ਮਾਰਕਸ ਦੀ ਵਿਚਾਰਧਾਰਾ ਨੂੰ ਹੀ ਸਮਾਜਵਾਦ ਦਾ ਇਕੋ ਇਕ ਮਾਰਗ ਸਮਝ ਕੇ ਅੰਗੀਕਾਰ ਵੀ ਕਰਦਾ ਹੈ। ਪਰ ਇਸਦੇ ਨਾਲ ਹੀ ਭਾਰਤੀ ਖੱਬੇ ਪੱਖੀ ਪਾਰਟੀਆਂ ਦੇ ਨਿਰੋਲ ਸੰਸਦ ਤੱਕ ਸੀਮਤ ਹੋ ਜਾਣ ਤੇ ਪੂੰਜੀਪਤੀਆਂ ਦੇ ਹੱਕ ਵਿਚ ਭੁਗਤਣ ਦੀ ਸਥਿਤੀ ਵਿੱਚ ਉਹ ਆਪਣੀ ਕਵਿਤਾ ਸੋਸ਼ਲਿਜਮ" ਵਿਚ ਇਸ ਨਾਂਹਪੱਖੀ ਵਰਤਾਰੇ ਤੇ ਟਕੋਰ ਵੀ ਕਰਦਾ ਹੈ :-

ਆਵੋ ਅਸਲੀ ਸੋਸਲਿਜ਼ਮ ਨੂੰ, ਇਕ ਹੋ ਕੇ ਲੈ ਆਈਏ
ਲੁੱਟ ਖਸੁੱਟ ਬੇਕਾਰੀ ਹੱਥੋਂ, ਆਲਮਲੁ ਮੁਕਤ ਕਰਾਈਏ

ਇਸ ਤਰ੍ਹਾਂ ਉਹ "ਸੋਸ਼ਲਿਜ਼ਮ" ਨੂੰ ਵਡੇਰੇ ਮਾਨਵੀ ਹਿੱਤਾ ਦੇ ਪ੍ਰਸੰਗ ਵਿੱਚ ਰੱਖਕੇ ਵਿਚਾਰਦਾ ਹੈ। ਸਮੁੱਚੇ ਆਲਮ ਕਾਵਿ ਦਾ ਅਧਿਐਨ ਕਰਦਿਆਂ ਇਹ ਧੁਨੀ ਵਾਰ ਵਾਰ ਉੱਭਰਦੀ

(ਬਾਕੀ ਅਗਲੇ ਸਫੇ ਤੇ)

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ



### ਸਾਖ਼ਰਤਾ ਦਾ ਨਾਅਰਾ

ਮੇਜਰ ਸਿੰਘ ਨਾਭਾ
91-94635-53962

ਸਾਖ਼ਰਤਾ ਦਾ ਨਾਅਰਾ ਲੈ ਕੇ,
ਪਿੰਡ ਪਿੰਡ ਵਿੱਚ ਅਸਾਂ ਨੇ ਜਾਣਾ।
ਅਨਪੜ੍ਹਤਾ ਦੇ ਅੰਧੇਰੇ ਨੂੰ,
ਸਦਾ ਲਈ ਹੈ ਮਿਟਾਉਣਾ।
ਸਾਖ਼ਰਤਾ ਦੀ ਹੈ ਜੋਤ ਜਗਾਉਣੀ,
ਅੰਧੇਰੇ ਵਿੱਚ ਹੈ ਰੋਸ਼ਨੀ ਲਿਆਉਣੀ।
ਅਨਪੜ੍ਹਤਾ ਦੇ ਬੂਟੇ ਚੁਣ-ਚੁਣ,
ਸਾਖ਼ਰਤਾ ਦੀ ਪਿਉਂਦ ਚੜ੍ਹਾਉਣੀ।
ਤੁਸੀਂ ਵੀ ਸਾਰੇ ਸਾਖ਼ਰ ਹੋ,ਜੋ,
ਪ੍ਰਣ ਕਰ ਲਓ ਅਨਪੜ੍ਹਾਂ ਨੂੰ ਪੜ੍ਹਾਉਣਾ।
ਪੰਜਾਬ ਸਾਡੇ ਨੂੰ ਕਰ ਦਿਓ ਨਿਆਰਾ,
ਕੇਰਲਾ ਰਾਜ ਵਾਂਗ ਹੈ ਨਾਂ ਚਮਕਾਉਣਾ।
ਅੰਗੂਠਾ ਛਾਪ ਕੋਈ ਰਹਿਣ ਨਹੀਂ ਦੇਣਾ,
ਦੇ ਕੇ ਦਾਨ ਵਿਦਿਆ ਇਹ ਕਰਮ ਕਮਾਉਣਾ।
ਇਹ ਹੈ ਸਾਡਾ ਫਰਜ਼ ਇਖ਼ਲਾਕੀ,
ਇਸ ਤੋਂ ਅਸਾਂ ਨਾ ਜ਼ਰਾ ਘਬਰਾਉਣਾ।
ਸਾਖ਼ਰਤਾ ਦਾ ਨਾਅਰਾ ਲੈ ਕੇ,
ਪਿੰਡ ਪਿੰਡ ਵਿੱਚ ਅਸਾਂ ਨੇ ਜਾਣਾ।
ਅਨਪੜ੍ਹਤਾ ਦੇ ਅੰਧੇਰੇ ਨੂੰ,
ਸਦਾ ਲਈ ਹੈ ਮਿਟਾਉਣਾ।

### ਸਾਵਣ

ਸੁਖਵਿੰਦਰ ਕੌਰ
'ਹਰਿਆਓ'



ਨਹੀਂ ਕਦਰ ਉਸਨੂੰ ਜਿਸ ਤੇ ਸਾਵਣ ਬਰਸੇ ਸਦੈ।
ਨਹੀ ਖ਼ਬਰ ਉਸਨੂੰ ਕੋਈ ਕਣੀ ਲਈ ਤਰਸੇ ਸਦੈ।

ਹਿਸਾਬ ਨਹੀ ਮੈਨੂੰ ਵਾਧੇ ਘਾਟਿਆਂ ਦਾ,
ਤੇਰੇ ਲਈ ਬਚਾਏ ਤੇਰੇ ਲਈ ਸਾਹ ਖ਼ਰਚੇ ਸਦੈ।

ਔੜਾਂ ਪਾਈਆਂ ਜ਼ਿੰਦਗੀ ਵਿੱਚ ਹਾਸਿਆਂ ਦੀਆਂ,
ਮੇਰੇ ਨੈਣਾਂ ਵਿੱਚ ਇਕ ਸਾਵਣ ਬਰਸੇ ਸਦੈ।

ਆ ਜਾਵੀਂ ਚਾਹੇ ਜ਼ਿੰਦਗੀ 'ਚ ਜਦੋਂ ਫੁਰਸਤ ਮਿਲੇ,
ਉਮਰ ਭਰੀ ਤੇਰੀ ਇਬਾਦਤ ਲਈ ਖਾਲੀ ਦਿਲ ਦੇ ਵਰਕੇ ਸਦੈ।

ਕੁੱਝ ਵਕਤ ਦੀ ਮੋਹਲਤ ਦੇਵੇਂ ਇੰਤਜ਼ਾਰ ਕਿਸੇ ਦਾ,
ਖੜ੍ਹੀ ਨਹੀਂ ਰਹਿਣੀ ਜ਼ਿੰਦਗੀ ਬਰ ਵਿਚ ਚੁਰਸਤੇ ਸਦੈ।

### ਸਾਡੀ ਭੈਣ ਜੀ

ਕਸ਼ਮੀਰ ਘੇਸਲ
94636-56047

ਸਾਡੀ ਭੈਣ ਜੀ ਸਭ ਤੋਂ ਨਿਆਰੀ।
ਕਹਾਣੀ ਸੁਣਾਵੇ ਪਿਆਰੀ ਪਿਆਰੀ।
ਨਿੱਤ ਪੰਜਾਬੀ ਦਾ ਪਾਠ ਪੜ੍ਹਾਵੇ।
ਕਵਿਤਾ ਬੋਲਣੀ ਵੀ ਸਿਖਲਾਵੇ।
ਕਦੇ ਕਦੇ ਬੁਝਾਰਤਾਂ ਪਾਉਂਦੀ ਹੈ।
ਚੰਗੇ ਗੁਣ ਵੀ ਨਾਲ ਸਿਖਾਉਂਦੀ ਹੈ।
ਚਿੜੀਆਘਰ ਵੀਲੈ ਕੇ ਜਾਵੇ ।
ਬੱਚਿਆਂ ਦਾ ਵੀ ਦਿਲ ਬਹਿਲਾਵੇ।
ਭੈਣ ਜੀ ਸੱਚੀਆਂ ਗੱਲਾਂ ਕਰਦੀ।
ਦੇਸ਼ ਪਿਆਰ ਵੀ ਮਨ ਵਿੱਚ ਭਰਦੀ।
ਪੜ੍ਹਨ ਲਈ ਉਹ ਨਿੱਤ ਪ੍ਰੇਰੇ।
ਨਿਗਾਹ ਵੀ ਰੱਖਦੀ ਚਾਰ ਚੁਫੇਰੇ ।
ਗਿਆਨ ਦੀ ਜੋਤ ਜਗਾਉਂਦੀ ਹੈ।
ਇਸੇ ਲਈ ਉਹ ਮਨ ਨੂੰ ਭਾਉਂਦੀ ਹੈ।

# ਸਿੱਖ ਕਮਿਉਨਟੀ ਉਰਲੈਂਡੋ ਵਲੋਂ ਸ਼ਰਨਾਰਥੀਆਂ ਵਾਸਤੇ ਖਾਣ ਪੀਣ ਦੀਆਂ ਵਸਤਾਂ ਦਾਨ ਕੀਤੀਆਂ





**ਉਰਲੈਂਡੋ ,( ਹੁਸਨ ਲੜੋਆ ਬੰਗਾ) –** ਅਮਰੀਕਾ ਦੀ ਫੈਡਰਲ ਸਰਕਾਰ ਵਲੋਂ ਦੁਨੀਆਂ ਦੇ ਵੱਖ ਵੱਖ ਮੁਲਕਾਂ ਚੋਂ ਸ਼ਰਨਾਰਥੀ ਲੋਕਾਂ ਨੂੰ ਲਿਆ ਕੇ ਅਮਰੀਕਾ ਚ ਪੱਕੇ ਤੌਰ ਤੇ ਵਸਾਇਆ ਗਿਆ ਹੈ, ਨਵੇਂ ਆਏ ਸ਼ਰਨਾਰਥੀਆਂ ਲਈ ਮੁ- ਢਲੀਆਂ ਸਹੂਲਤਾਂ ਜਿਸ ਵਿੱਚ ਪਹਿਨਣ ਲਈ ਕੱਪੜੇ, ਟੂਥ ਪੇਸਟ ਬੁਰਸ਼, ਬੱਚਿਆਂ ਦੇ ਖਿਡ- ਉਣੇ, ਤੇ ਖਾਣ ਪੀਣ ਦਾ ਸਮਾਨ ਸਮਾਜ ਸੇਵੀ ਸੰਸਥਾਵਾਂ ਵਲੋਂ ਦਾਨ ਦੇ ਕੇ ਸਰਕਾਰ ਦੀ ਅਤੇ ਸ਼ਰਨਾਰਥੀਆਂ ਦੀ ਮੱਦਦ ਕੀਤੀ ਜਾਂਦੀ ਹੈ, ਪਰ ਸਿੱਖ ਭਾਈਚਾਰੇ ਨੇ ਦਿਆਨਤਦਾਰੀ ਦਿਖ- ਾਉਦਿਆਂ ਬਲਜੀਤ ਸਿੰਘ ਜੌਹਲ ਉੱਘੇ ਕਾਰੋਬਾਰੀ ਦੀ ਅਗਵਾਈ 'ਚ ਉਰਲੈਡੋ ਦੀਆਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਸ਼ਰਨਾਰਥੀਆਂ ਵਾਸਤੇ ਖਾਣ ਪੀਣ ਦੀਆਂ ਵਸਤਾਂ ਤੇ ਹੋਰ ਸਮੱ- ਗਰੀ ਉਰਲੈਡੋ ਡਾਉਨ ਟਾਉਨ ਸਥਿੱਤ ਟਰਿਨਟੀ ਲੂਥਰਨ ਚਰਚ ਰਾਹੀਂ ਪਹੁੰਚਦਾ ਕੀਤਾ ਗਿਆ, ਮੌਕੇ ਤੇ ਮੌਜੂਦ ਕੰਬੋਡੀਆ ਤੋਂ ਆਏ ਹੋਏ ਸ਼ਰਨਾਰਥੀਆਂ ਪਰਿਵਾਰਾਂ ਨੂੰ ਮਿਲ ਕੇ ਉਨਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਮੁਢਲੀਆਂ ਲੋੜਾਂ ਦੀ ਜਾਣਕਾਰੀ ਹਾਸਲ ਕੀਤੀ ਤਾਂ ਕਿ ਭਵਿੱਖ ਵਿੱਚ ਵੀ ਉਨਾਂ ਦੀ ਮੱਦਦ ਠੀਕ ਤਰੀਕੇ ਨਾਲ ਕੀਤੀ ਜਾ ਸਕੇ, ਬਲਜੀਤ ਸਿੰਘ ਜੌਹਲ ਵਲੋਂ ਉਥੋਂ ਦੇ ਦਫਤਰ ਚ ਮੌਜੂਦ ਅਮਰੀਕਨ ਸਟਾਫ ਨੂੰ ਸਿੱਖ ਧਰਮ ਬਾਰੇ ਜਾਣੂ ਕਰਵਾਇਆ ਗਿਆ ਅਤੇ ਦਸਤਾਰ, ਖੁਲੇ ਦਾਹੜੇ ਬਾਰੇ ਵੀ ਜਾਣਕਾਰੀ ਦਿੱਤੀ, ਚਰਚ ਦੇ ਸੰਚਾਲਕ ਸਟੀਵ ਸੇਸੰਚੀ ਨੇ ਬੜੇ ਪਿਆਰ ਸਤਿਕਾਰ ਨਾਲ ਧਾਰਿਮਕ ਵਿਚਾਰ ਵਿਟਾਂਦਰਾ ਕੀਤਾ ਅਤੇ ਦੱਸਿਆ ਕਿ ਉਹ ਅੱਜ ਤੋਂ ਪਹਿਲਾਂ ਖੁੱਲੇ ਦਾਹੜੇ ਤੇ ਦਸਤਾਰ ਵਾਲਿਆਂ ਨੂੰ ਮੁਸਲਮਾਨ ਸਮਝਦੇ ਸਨ, ਸਟੀਵ ਨੇ ਦੱਸਿਆ ਕਿ ਅੱਜ ਸਾਡੇ ਵਲੋਂ ਦਾਨ ਕੀਤਾ ਗਿਆ ਖਾਣਾ ਅਗਲੇ ਛੇ ਮਹੀਨਿਆਂ ਲਈ ਕਾਫੀ ਹੋਵੇਗਾ, ਅੰਤ ਵਿੱਚ ਸਟੀਵ ਵਲੋਂ ਸਿੱਖ ਕਮਿਉਨਟੀ ਉਰਲੈਡੋ ਨੂੰ ਧੰਨਵਾਦੀ ਪੱਤਰ ਦਿੱਤਾ ਗਿਆ ਅਤੇ ਸਿੱਖ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ

## ਕਿਸਾਨ ਤੇ ਮੈਡਲ



ਜਰਨੈਲ ਸਿੰਘ ਕੁਹਾੜ
91- 98720-80301

ਜਗੀਰ ਸਿੰਘ ਨੇ ਸਰਕਾਰ ਤੋਂ ਕਰਜਾ ਚੁੱਕ ਕੇ ਮੁੰਡੇ ਨੂੰ ਇਟਲੀ ਭੇਜਿਆ। ਜਲਦੀ ਹੀ ਕੁੜੀ ਦਾ ਵਿਆਹ ਕਰਨਾ ਪਿਆ, ਕਰਜਾ ਦੁਗਣਾ ਹੋ ਗਿਆ। ਕੰਮ ਨਾ ਮਿਲਣ ਕਰਕੇ ਮੁੰਡੇ ਤੋਂ ਕੋਈ ਪੈਸਾ ਨਾ ਉਤਾਰ ਹੋਇਆ। ਹਰ ਰੋਜ਼ ਖ਼ਬਰਾਂ ਆ ਰਹੀਆ ਸਨ ਕਿ ਕਰਜੇ ਦੇ ਮਾਰੇ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਜਗੀਰ ਨੇ ਰੱਸਾ ਲਿਆ 'ਤੇ ਖੂਹ ਤੇ ਪੁਰਾਣੇ ਨਿੰਮ ਦੇ ਰੁੱਖ ਨਾਲ ਫਾਹਾ ਲੈਣ ਦੀ ਸੋਚੀ।

ਇੰਨੇ ਨੂੰ ਰੱਖਿਆ ਕਾਮਾ ਬੋਲਿਆ, "ਤਾਇਆ ਤੈਨੂੰ ਪਿੰਡ ਸੱਥ 'ਚ ਬੁਲਾਇਆ ਸਰਕਾਰੀ ਬੰਦਿਆਂ ਨੇ"।

"ਮੈਂ ਨਹੀਂ ਜਾਣਾ ਭਤੀਜ, ਸਾਰੇ ਪਿੰਡ ਨੂੰ ਪਤਾ ਏ ਮੈਂ ਸਰਕਾਰ ਦਾ ਕਰਜਾਈ ਹਾਂ। ਐਵੇਂ ਬੇਇਜ਼ਤੀ ਕਰਨਗੇ"।

"ਚੱਲੀਏ ਤਾਇਆ ਸ਼ਾਇਦ ਕਰਜਾ ਹੀ ਮੁਆਫ਼ ਕਰ ਦੇਣ"।

ਇਸ ਆਸ ਤੇ ਸੱਥ 'ਚ ਪਹੁੰਚੇ ਤਾਂ ਸਪੀਕਰ 'ਚ ਬੋਲਿਆ ਗਿਆ, "ਜਗੀਰ ਸਿੰਘ ਦੇ ਹੌਸਲੇ ਨੂੰ ਸਾਡਾ ਸਲਾਮ ਹੈ। ਇਸ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਨੇ ਹੱਲੇ ਤੱਕ ਖੁਦਕੁਸ਼ੀ ਨਹੀਂ ਕੀਤੀ"। ਮੈਡਲ ਪਵਾ ਕੇ ਜਗੀਰ ਦੇ ਹੰਝੂ ਵਹਿ ਤੁਰੇ ਕਿ ਕਰਜਾ ਤਾਂ ਸਿਰ ਦਾ ਸਿਰ ਹੀ ਰਹਿ ਗਿਆ।

# ਗੁਰਦਾਸ ਰਾਮ ਆਲਮ ਦੀ ਸ਼ਖਸੀਅਤ, ਵਿਚਾਰਧਾਰਾ ਅਤੇ ਕਾਵਿ ਸਰੋਕਾਰ

ਵਿਖਾਈ ਦਿੰਦੀ ਹੈ ਕਿ ਆਲਮ ਆਪਣੇ ਕਾਵਿ ਸਰੋਕਾਰਾਂ ਬਾਰੇ ਪੂਰੀ ਤਰ੍ਹਾਂ ਸੁਚੇਤ ਹੈ। ਉਸ ਦੀ ਕਵਿਤਾ ਹੋਵੇ ਜਾਂ ਫਿਰ ਕੋਈ ਵੀ ਗੀਤ, ਉਹ ਜਦ ਵੀ ਬੋਲਦਾ ਹੈ, ਆਪਣੀ ਚੇਤਨਾ ਵਿਚੋਂ ਬੋਲਦਾ ਹੈ। ਉਸਦਾ ਬਿਆਨ ਤਿੱਖਾ ਅਤੇ ਸਪੱਟ ਹੈ। ਇਸ ਸੰਦਰਭ ਵਿੱਚ ਉਸ ਦੀ ਕਵਿਤਾ "ਮੰਡੀ" ਵਿਚਾਰੀ ਜਾ ਸਕਦੀ ਹੈ :-

ਰਿਜ਼ਰਵੇਸ਼ਨ ਦੇ ਰੂਲ ਮੁਤਾਬਕ, ਨਵੀਂ ਹਦੈਤ ਇਹ ਆਈ
ਦਲਿਤ ਵਰਗ ਨੂੰ ਮੁਫਤ ਮਿਲੇਗੀ ਤੰਗੀ ਤੇ ਮਹਿੰਗਾਈ
ਜਿਨ ਜਿਨ ਇਹ ਸਹੂਲਤ ਲੈਣੀ ਅਪਣਾ ਨਾਮ ਲਿਖਾਵੋ
ਦਿੱਲੀ ਦੇ ਵਿਚ ਮੰਡੀ ਲੱਗੀ ਸੁਣ ਲਓ ਭੈਣ ਭਰਾਵੋ

ਆਲਮ ਦੀ ਕਵਿਤਾ "ਗੁਲਾਮਾਂ ਦੀ ਬਗਾਵਤ" ਲੋਕ ਚੇਤਨਾ ਨੂੰ ਜਗਾਉਂਦੀ ਹੋਈ ਕਿਰਤੀ ਕੰਮੀਆਂ ਅਤੇ ਕਿਸਾਨਾਂ ਨੂੰ ਲੋਕ ਯੁੱਧ ਲਈ ਲਾਮਬੰਦ ਕਰਦੀ ਹੈ। ਕਵੀ ਲੋਕ ਚੇਤਨਾ ਨੂੰ ਜਥੇਬੰਦ ਕਰਨ ਲਈ ਆਪਣੀ ਸ਼ਾਇਰੀ ਵਿਚ ਅਜਿਹੇ ਇਤਿਹਾਸਕ ਅਤੇ ਮਿਥਿਹਾਸਕ ਹਵਾਲੇ ਲਿਆਉਂਦਾ ਹੈ ਜਿਹੜੇ ਕਿ ਉਸਦੇ ਕਾਵਿ-ਕਰਮ ਦੀ ਪੂਰਤੀ ਕਰਦੇ ਹਨ। ਆਲਮ ਬਹੁਪੱਖੀ ਚੇਤਨਾ ਦਾ ਕਵੀ ਹੈ।

ਉਸ ਦੀ ਸ਼ਾਇਰੀ ਦੀ ਓਪਰਲੀ ਪੜ੍ਹਤ ਜਿੰਨੀ ਸਾਦੀ ਅਤੇ ਸਰਲ ਹੈ, ਉਸ ਵਿਚਲੀ ਬਣਤਰ ਓਨੀ ਹੀ ਡੂੰਘੀ ਅਤੇ ਗੁੰਝਲਦਾਰ ਹੈ। ਉਹ ਜਦ ਆਪਣੀ ਕਵਿਤਾ ਵਿਚ ਦੁਨੀਆਂ ਭਰ ਦੇ ਪ੍ਰਸਿੱਧ "ਕ੍ਰਾਂਤੀਕਾਰੀ ਸਾਹਿਤ" ਦੇ ਹਵਾਲੇ ਦਿੰਦਾ ਹੈ ਤਾਂ ਉਸ ਦੀ ਰਚਨਾ ਵਡੇਰੇ ਪ੍ਰਸੰਗਾਂ ਵਿਚ ਹੋਰ ਵੀ ਮੁੱਲਵਾਨ ਹੋ ਨਿਬੜਦੀ ਹੈ। ਜੇਕਰ ਗੁਰਦਾਸ ਰਾਮ ਆਲਮ ਦੇ ਕਾਵਿ-ਸਰੋਕਾਰਾਂ ਬਾਰੇ ਗੱਲ ਕੀਤੀ ਜਾਵੇ ਤਾਂ ਇਸ ਵਿਚ ਸਾਂਝੇ ਪੰਜਾਬ, ਆਜ਼ਾਦ ਭਾਰਤ ਅਤੇ ਹਰੀ ਕ੍ਰਾਂਤੀ ਤੱਕ ਦੀਆਂ ਆਰਥਿਕ ਸਮਾਜਿਕ ਅਤੇ ਰਾਜਨੀਤਕ ਪ੍ਰਸਥਿਤੀਆਂ ਨੂੰ ਬੜੀ ਡੂੰਘੀ ਸੂਝ ਨਾਲ ਬਿਆਨ ਕੀਤਾ ਗਿਆ ਹੈ। ਉਸਦਾ ਮੁੱਖ ਉਦੇਂ ਕਿਸਾਨਾਂ, ਮਜ਼ਦੂਰਾਂ ਅਤੇ ਕਿਰਤੀ ਵਰਗ ਦੀਆਂ ਤਲਖੀਆਂ, ਦੁਸ਼ਵਾਰੀਆਂ, ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਨੂੰ ਚਿਤਰਤ ਕਰਨਾ ਹੈ।

ਆਲਮ ਦੀ ਕਵਿਤਾ "ਅਛੂਤ ਦਾ ਇਲਾਜ" ਸਦੀਆਂ ਤੋਂ ਜਾਤ ਪਾਤ ਦਾ ਸੰਤਾਪ ਹੰਢਾ ਰਹੇ ਲੋਕਾਂ ਦੀ ਭਾਵਪੂਰਤ ਇਲਿਜੀ ਬਣਦੀ ਹੋਈ ਭਾਰਤੀ ਲੋਕਤੰਤਰ ਅੱਗੇ ਕਈ ਪ੍ਰੱਨ ਚਿਨ੍ਹ ਲਾਉਂਦੀ ਹੈ। ਪੰਜਾਬ ਦੇ ਦਲਿਤਾਂ ਨੇ ਜਿੱਥੇ ਵਰਣ ਵਿਵਸਥਾ ਦੀ ਦਹਿੱਤ ਅਤੇ ਦਾਬੇ ਹੇਠ ਸਦੀਆਂ ਤੋਂ ਪਸ਼ੂਆਂ ਅਤੇ ਢੋਰਾਂ ਵਰਗਾਂ ਅਣਮਨੁੱਖੀ ਜੀਵਨ ਜੀਵਿਆ ਉੱਥੇ ਭਾਰਤ ਦੇ ਬ੍ਰਾਹਮਣਵਾਦੀ ਮਨੂੰਵਾਦੀ ਢਾਚੇ ਇਨ੍ਹਾਂ ਲੋਕਾਂ ਨੇ ਸਮਾਜਿਕ ਸੱਭਿਆਚਾਰਕ ਇਕਲਾਪਾ ਭੋਗਦਿਆਂ ਹੋਇਆ ਬੰਧੂਆ ਬੇਗਾਰਾਂ ਦਾ ਇਕ ਲੰਬਾ ਸੰਤਾਪ ਵੀ ਭੋਗਿਆ ਹੈ। ਦਲਿਤ ਲੋਕਾਂ ਲਈ ਇਹ ਸਮਾਂ ਅੰਧਕਾਰ ਅਤੇ ਜ਼ਹਾਲਤ ਦਾ ਸਮਾਂ ਸੀ।

ਸਦੀਆਂ ਤੋਂ ਸਮਾਜਕ ਪਛਾਣ ਅਤੇ ਆਰਥਿਕ ਵਸੀਲਿਆਂ ਤੋਂ ਵਿਰਵੇ ਰਹਿਣ ਕਾਰਨ ਜਦ ਇਨ੍ਹਾਂ ਲੋਕਾਂ ਦਾ ਆਜ਼ਾਦ ਭਾਰਤ ਦੇ ਲੋਕਤੰਤਰੀ ਢਾਂਚੇ ਵਿਚ ਵੀ ਕੋਈ ਛੁਟਕਾਰਾ ਨਾ ਹੋਇਆ ਤਾਂ ਇਸ ਵਰਤਾਰੇ ਪ੍ਰਤੀ ਪ੍ਰਗਤੀਵਾਦੀ ਕਾਵਿਧਾਰਾ ਦੇ ਪ੍ਰਭਾਵ ਹੇਠ ਕੁਝ ਆਵਾਜ਼ਾਂ ਉਠਣੀਆਂ ਸ਼ੁਰੂ ਹੋਈਆਂ ਜਿਨ੍ਹਾਂ ਵਿਚ ਦਲਿਤ ਅਤੇ ਸ਼ੋਸ਼ਿਤ ਧਿਰਾਂ ਦੀ ਅਗਵਾਈ ਕਰਨ ਵਾਲੀ ਇਕ ਆਵਾਜ਼ ਗੁਰਦਾਸ ਰਾਮ ਆਲਮ ਦੀ ਵੀ ਸੀ ਜਿਹੜੀ ਕਿ ਬਾਅਦ ਵਿਚ ਸੰਤ ਰਾਮ ਉਦਾਸੀ ਅਤੇ ਲਾਲ ਸਿੰਘ ਦਿਲ ਦੀ ਕਵਿਤਾ ਵਿਚ ਇਕ ਜਨ ਅੰਦੋਲਨ ਦਾ ਰੂਪ ਧਾਰ ਗਈ। ਇਸ ਤਰ੍ਹਾਂ ਆਲਮ ਕਾਵਿ ਜਿੱਥੇ ਇਕ ਸਾਰਥਿਕ ਅਤੇ ਮਹੱਤਵਪੂਰਨ ਦਿਸ਼ਾ ਅਖਤਿਆਰ ਕਰਦਾ ਹੈ, ਉੱਥੇ ਨਾਲ ਹੀ ਭਾਰਤੀ ਸਮਾਜਿਕ ਸੰਰਚਨਾ ਦੇ ਆਰ ਪਾਰ ਫੈਲੇ ਹੋਏ ਰੰਗ, ਨਸਲ, ਜਾਤਪਾਤ ਅਤੇ ਮਾਨਵ ਵਿਰੋਧੀ ਵਰਤਾਰਿਆਂ ਦਾ ਤਰਕਮਈ ਢੰਗ ਨਾਲ ਵਿੱਲੋਣ ਵੀ ਕਰਦਾ ਹੈ।

ਉਹ ਪੁੱਤ ਦਰ ਪੁੱਤ, ਪੀੜ੍ਹੀ ਦਰ ਪੀੜ੍ਹੀ ਕਿਰਤੀ ਕਾਮਿਆਂ ਅਤੇ ਮਜ਼ਦੂਰਾਂ ਨਾਲ ਹੁੰਦੇ ਆ ਰਹੇ ਸਮਾਜਿਕ ਵਿਤਕਰੇ ਦਾ ਖਿਲਾਫ ਆਵਾਜ਼ ਉਠਾਉਂਦਾ ਹੈ :-

ਡਾਕਟਰ ਸਾਹਿਬ ਤਕੜੇ ਹੋ ਕੇ ਹੱਥ ਪਾਇਓ
ਚੌਖੇ ਸਾਲ ਹੋ ਗਏ ਤਾਣ ਲਾ ਚੁੱਕਾਂ
ਛੂਤ ਛਾਤ ਦੀ ਭੂਤਨੀ ਨਿਕਲੀ ਨਹੀ।
ਜਾ ਜਾ ਗੰਗਾ ਦੇ ਦੂੰਨਾ ਲਾਹ ਚੁੱਕਾ
ਮੁਸਲਮ ਹਿੰਦੂ ਇਸਾਈ ਤੇ ਸਿੱਖ ਸਾਰੇ
ਲਿਆ ਕੇ ਮਾਂਦਰੀ ਨਬਜ਼ ਵਿਖਾ ਚੁੱਕਾਂ

ਉਪਰੋਕਤ ਕਵਿਤਾ ਦੀਆਂ ਸਤਰਾਂ ਸਾਡੇ ਸਮਾਜ ਸੱਭਿਆਚਾਰ ਅਤੇ ਅਵਚੇਤਨ ਦਾ ਹਿੱਸਾ ਬਣ ਚੁੱਕੇ ਜਾਤ ਅਧਾਰਿਤ ਸਮਾਜਿਕ ਤਾਣੇ ਬਾਣੇ ਅਤੇ ਇਸ ਸਿਸਟਮ ਪਿੱਛੇ ਕਾਰਜਸ਼ੀਲ ਬਲਸ਼ਾਲੀ ਅਤੇ ਪ੍ਰਭਾਵੀ ਧਿਰਾਂ ਦੇ ਦਮਨ ਚੱਕਰ ਅਤੇ ਉਤਪੀੜਨ ਦੇ ਖਿਲਾਫ ਬੜੇ ਤਰਕਮਈ ਅਤੇ ਸੰਵਦੇਨਸ਼ੀਲ ਢੰਗ ਨਾਲ ਪਰਹਾਰ ਕਰਦੀਆਂ ਹਨ।

ਆਲਮ ਕੰਮੀ, ਕਿਰਤੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਸੋਸ਼ਿਤ ਧਿਰਾਂ ਦਾ ਬੁਲਾਰਾ ਹੈ। ਉਹ ਸਿਰਫ ਇਕ ਧਿਰ ਦੀ ਹੀ ਅਗਵਾਈ ਨਹੀਂ ਕਰਦਾ ਸਗੋਂ ਮਾਲੀਆਂ, ਚਪੜਾਸੀਆਂ, ਭੰਗੀਆਂ, ਮੋਚੀਆਂ, ਕਾਮਿਆਂ ਅਤੇ ਕਿਰਤੀ ਕਿਸਾਨਾਂ ਦੇ ਸਮੂਹਿਕ ਅਵਚੇਤਨ ਦੀ ਅਗਵਾਈ ਕਰਦਾ ਹੈ। ਉਹ ਇਨ੍ਹਾਂ ਸਾਰੀਆਂ ਦਮਿਤ ਧਿਰਾਂ ਦੀ ਲੋਕ ਚੇਤਨਾਂ ਨੂੰ ਜਥੇਬੰਦ ਕਰਦਾ ਹੋਇਆ ਸਮਾਜਿਕ ਕ੍ਰਾਂਤੀ ਦਾ ਹੋਕਾ ਦਿੰਦਾ ਹੈ। ਇਸ ਸੰਦਰਭ ਵਿਚ ਉਸ ਦੀ ਕਵਿਤਾ "ਕਾਫਲੇ ਦਾ ਗੀਤ" ਦੀ ਸਤਰਾਂ ਗੌਲਣਯੋਗ ਹਨ।

ਇਕ ਮਿਕ ਹੋ ਕੇ ਸਾਰੇ ਜੱਗ ਦੇ ਕਿਸਾਨਾਂ ਨੇ
ਬੀੜਾ ਚੁੱਕ ਲਿਆ, ਨੰਗੇ ਭੁਖਿਆਂ ਜੁਆਨਾਂ ਨੇ
ਮਾਲੀ, ਚਪੜਾਸੀ, ਭੰਗੀ, ਮੋਚੀ ਤੇ ਕੰਗਾਲ ਆ
ਸਿੱਧੇ ਤੁਰੇ ਜਾਣੇ ਸਾਡੀ ਤਿੱਖੀ ਤਿੱਖੀ ਚਾਲ ਆ

ਇਸ ਤਰ੍ਹਾਂ ਉਪਰੋਕਤ ਹਵਾਲਿਆਂ ਦੇ ਸਬੰਧ ਵਿਚ ਜੇਕਰ ਆਲਮ ਕਾਵਿ ਦਾ ਅਧਿਐਨ ਕੀਤਾ ਜਾਵੇ ਤਾਂ ਆਲਮ ਦੀ ਕਵਿਤਾ ਦਾ ਮੁੱਢ ਮੁਢਲੇ ਪ੍ਰਗਤੀਵਾਦੀ ਕਵੀਆਂ ਦੇ ਨਾਲ ਜਾ ਜੁੜਦਾ ਹੈ। ਜਿਨ੍ਹਾਂ ਨੇ ਭਾਰਤੀ ਦੇ ਦਕੀਆਨੂਸੀ, ਗਲੇ ਸੜ੍ਹੇ ਅਤੇ ਵਕਤ ਵਿਗ ਚੁੱਕੇ ਸਾਮੰਤੀ ਢਾਂਚੇ ਦੇ ਖਿਲਾਫ ਆਪਣੀ ਰੋਹ ਭਰੀ ਚੇਤਨਾ ਦਾ ਪ੍ਰਗਟਾਵਾ ਕੀਤਾ। ਗੁਰਦਾਸ ਰਾਮ ਆਲਮ ਇਸੇ ਕਾਵਿ ਧਾਰਾ ਦੀ ਇਕ ਅਹਿਮ ਕੜੀ ਦੇ ਰੂਪ ਵਿਚ ਆਪਣੀ ਸਾਰੀ ਦੀ ਸਾਰੀ ਕਵਿਤਾ ਵਿਚ ਦਲਿਤ ਪਛਾਣ ਅਤੇ ਕਤੀਕਰਨ ਦਾ ਮਸਲਾ ਵਾਰ ਵਾਰ ਉਭਾਰਦਾ ਹੈ।

ਗੁਰਦਾਸ ਰਾਮ ਆਲਮ ਦੀ ਕਵਿਤਾ ਦੀ ਪਹਿਲੀ ਪੜ੍ਹਤ ਭਾਵੇਂ ਪਹਿਲੀ ਵਾਰ ਬੜੀ ਸਾਦੀ ਅਤੇ ਇਕਹਰੀ ਪ੍ਰਤੀਤ ਹੁੰਦੀ ਹੈ ਪਰ ਇਹ ਬੀਜ ਰੂਪ ਵਿਚ ਆਪਣੇ ਅੰਦਰ ਬੜਾ ਕੁਝ ਸਮਾਈ ਬੈਠੀ ਹੈ। ਇਸ ਤਰ੍ਹਾਂ ਰਾਸ਼ਟਰਵਾਦ ਅਤੇ ਸਮਾਜਕ ਕ੍ਰਾਂਤੀ ਦਾ ਹੋਕਾ ਦੇਣ ਵਾਲੀ ਇਹ ਕਵਿਤਾ ਅਚਨਚੇਤ ਜੁਝਾਰਵਾਦੀ ਰੁੱਖ ਅਖਤਿਆਰ ਕਰ ਜਾਂਦੀ ਹੈ ਜਿਨ੍ਹਾਂ ਵਿਚ ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ ਅਤੇ ਪਾਸ਼ ਵਰਗੇ ਇਨਕਲਾਬੀ ਕਵੀ ਭਾਰਤੀ ਸਟੇਟ ਦੀ ਰਾਜਨੀਤਕ ਬੁਰਛਾਗਰਦੀ ਦੇ ਖਿਲਾਫ ਆਪਣੀ ਵਿਦਰੋਹੀ ਸੁਰ ਦਾ ਪ੍ਰਮਾਣ ਦਿੰਦੇ ਹਨ। ਇਸ ਸਬੰਧ ਵਿਚ ਅਸੀਂ ਗੁਰਦਾਸ ਰਾਮ ਆਲਮ ਦੀ ਕਵਿਤਾ ਬਾਰੇ ਇਹ ਆਖ ਸਕਦੇ ਹਾਂ ਕਿ ਗੁਰਦਾਸ ਰਾਮ ਆਲਮ ਪੰਜਾਬੀ ਦੇ ਉਨ੍ਹਾਂ ਮੁਢਲੇ ਅਤੇ ਨਿਵੇਕਲੇ ਕਵੀਆਂ ਵਿਚੋਂ ਉਹ ਸਮਰੱਥ ਸ਼ਾਇਰ ਸੀ ਜਿਸਨੇ ਕਿਰਤੀ ਸ਼੍ਰੇਣੀ ਦੀ ਸਦੀਆਂ ਤੋਂ ਦਰੜੀ ਜਾ ਰਹੀ ਮਾਨਸਿਕਤਾ ਨੂੰ ਭਾਵਪੂਰਤ ਜ਼ੁਬਾਨ ਦਿੱਤੀ ਅਤੇ ਭਾਰਤ ਦੇ ਦਲਿਤਾਂ, ਚਰਵਾਹਿਆਂ ਅਤੇ ਖਾਨਾਬਦੋਸ਼ਾ ਦੀ ਸਮਾਜਿਕ ਪਛਾਣ ਦਾ ਮਸਲਾ ਬੜੀ ਉੱਚੀ ਸੁਰ ਵਿਚ ਉਭਾਰਨ ਹਿੱਤ ਆਪਣਾ ਕਾਵਿ-ਕਰਮ ਨਿਭਾਇਆ। ਆਲਮ ਕਾਵਿ ਦੀ ਵਿਲੱਖਣਤਾ ਵੀ ਇਸੇ ਗੱਲ ਵਿਚ ਪਈ ਹੋਈ ਹੈ।

# ਇਹ ਹਨ ਰਿਓ ਉਲੰਪਿਕ ਦੇ ਕੁਝ ਦਰਦਨਾਕ ਪਲ

**ਚਾਰ ਸਾਲ ਵਿਚ ਇਕ ਵਾਰ ਹੋਣ ਵਾਲੀਆਂ ਉਲੰਪਿਕ ਖੇਡਾਂ ਵਿਚ ਅਸੀਂ ਪੂਰੀ ਦੁਨੀਆਂ ਦੇ ਖਿਡਾਰੀਆਂ ਦਾ ਜਨੂੰਨ ਦੇਖਦੇ ਹਾਂ। ਰਿਓ ਉਲੰਪਿਕ ਵਿਚ ਵੀ ਅਜਿਹਾ ਹੀ ਹੋਇਆ ਅਤੇ ਅਲੱਗ ਅਲੱਗ ਦੇਸ਼ਾਂ ਤੋਂ ਆਏ ਖਿਡਾਰੀਆਂ ਨੇ ਆਪਣਾ ਦਮ ਦਿਖਾਇਆ ਪਰ ਕੁਝ ਨੇ ਇਸ ਜਨੂੰਨ ਦੀ ਇੰਤਿਹਾ ਵਿਚ ਖੁਦ ਨੂੰ ਸੱਟਾਂ ਵੀ ਮਰਵਾ ਲਈਆਂ ਖੇਡ ਦੇ ਦੌਰਾਨ ਆਈਆਂ ਸੱਟਾਂ ਦੀ ਟੱਕਰ ਤੋਂ ਮੈਡਲ ਜਿੱਤਣ ਦੇ ਉਹਨਾਂ ਦੇ ਸੁਪਨੇ ਵੀ ਚੂਰ ਹੋ ਗਏ। ਆਓ ਦੇਖਦੇ ਹਾਂ ਰਿਓ ਵਿਚ ਅਜਿਹੇ ਹੀ ਕੁਝ ਦਰਦਨਾਕ ਪਲ**




ਰਿਓ ਉਲੰਪਿਕ ਵਿਚ ਭਾਰ ਚੁੱਕਦੇ ਵਕਤ ਆਰਮੀਨੀਅਨ ਵੇਟਲਿਫਟਰ ਐਂਡ੍ਰਨਿਕ ਕੇਰਾਪੇਟੀਅਨ ਦੀ ਐਲਬੋ ਬੁਰੀ ਤਰ੍ਹਾਂ ਡਿਸਲੋਕੇਟ ਹੋ ਗਈ ਅਤੇ ਇਸ ਤਰ੍ਹਾਂ ਉਹਨਾਂ ਦਾ ਪਹਿਲਾ ਉਲੰਪਿਕ ਮੈਡਲ ਜਿੱਤਣ ਦਾ ਸੁਪਨਾ ਵੀ ਚਕਨਾਚੂਰ ਹੋ ਗਿਆ।



20 ਸਾਲਾ ਐਂਡ੍ਰਨਿਕ 77 ਕਿਲੋਗ੍ਰਾਮ ਵਰਗ ਵਿਚ ਕਾਫੀ ਲੋਕਪ੍ਰਿਆ ਖਿਡਾਰੀ ਸਨ ਅਤੇ ਉਹਨਾਂ ਦੇ ਮੈਡਲ ਜਿੱਤਣ ਦੀਆਂ ਕਾਫੀ ਸੰਭਾਵਨਾਵਾਂ ਵੀ ਦੱਸੀਆਂ ਜਾ ਰਹੀਆਂ ਸਨ ਪਰ ਉਹਨਾਂ ਦੇ ਨਾਲ ਵਾਪਰੀ ਦੁਰਘਟਨਾ ਵਿਚ ਉਹਨਾਂ ਦੀ ਉਹਨਾਂ ਦੇ ਫੈਨਜ਼ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ।



ਉਲੰਪਿਕ ਵਿਚ ਰੈਸਲਿੰਗ ਦੇ ਦੌਰਾਨ ਹਰ ਖਿਡਾਰੀ ਆਪਣਾ ਪੂਰਾ ਜ਼ੋਰ ਦਿਖਾਉਂਦਾ ਹੈ ਅਤੇ ਮੈਡਲ ਦੇ ਲਈ ਟੀਚਾ ਰੱਖਦਾ ਹੈ। ਪਰ ਕਦੀ ਕਦੀ ਮੌਕੇ ਤੇ ਤੁਹਾਡਾ ਸਰੀਰ ਤੁਹਾਡਾ ਸਾਥ ਛੱਡ ਦਿੰਦਾ ਹੈ। ਅਜਿਹਾ ਹੀ ਕੁਝ ਹੋਇਆ ਆਸਟ੍ਰੇਲੀਆਈ ਰੈਸਲਰ ਟੈਲਗਟ ਇਲਯਾਸੋ ਦੇ ਨਾਲ। ਮੈਚ ਦੇ ਦੌਰਾਨ ਉਹਨਾਂ ਦੀ ਐਲਬੋ ਵਿਚ ਗੰਭੀਰ ਸੱਟ ਲੱਗੀ ਸੀ।



ਸਾਲ 2020 ਲਈ ਓਲੰਪਿਕ ਝੰਡਾ ਟੋਕੀਓ ਪਹੁੰਚ ਗਿਆ ਜਿਸ ਨਾਲ ਜਪਾਨ ਦੀ ਰਾਜਧਾਨੀ ਨੇ 2020 ਓਲੰਪਿਕ ਖੇਡਾਂ ਦੀ ਮੇਜ਼ਬਾਨੀ ਲਈ ਕਮਰ ਕਸ ਲਈ ਹੈ ਅਤੇ ਰੀਓ 2016 ਖੇਡਾਂ ਵਿਚ ਉਤਰਾਅ ਚੜ੍ਹਾਅ ਮਗਰੋਂ ਅਧਿਕਾਰੀਆਂ ਨੇ ਵਾਅਦਾ ਕੀਤਾ ਹੈ ਕਿ ਅਗਲੀਆਂ ਖੇਡਾਂ ਬਿਨਾਂ ਕਿਸੇ ਸਮੱਸਿਆ ਦੇ ਹੋਣਗੀਆਂ।

ਟੋਕੀਓ ਦੀ ਗਵਰਨਰ ਯੁਰਿਕੋ ਕੋਇਕੇ ਬਰਾਜ਼ੀਲ ਦੇ ਮੇਜ਼ਬਾਨ ਸ਼ਹਿਰ ਤੋਂ ਓਲੰਪਿਕ ਝੰਡਾ ਲੈ ਕੇ ਸ਼ਹਿਰ ਦੇ ਹਾਂਦੇਕਾ ਹਵਾਈ ਅੱਡੇ 'ਤੇ ਸਮਾਰੋਹ 'ਚ ਪਹੁੰਚੀ। ਯੁਰਿਕੋ ਨੇ ਕਿਹਾ ਕਿ ਉਹ ਅਗਲੀਆਂ ਓਲੰਪਿਕ ਖੇਡਾਂ ਲਈ ਵੱਡੀ ਜ਼ਿੰਮੇਵਾਰੀ ਮਹਿਸੂਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਉਹ 50 ਸਾਲ ਤੋਂ ਵੱਧ ਸਮੇਂ ਮਗਰੋਂ ਓਲੰਪਿਕ ਝੰਡਾ ਵਾਪਸ ਲੈ ਸਕੇ ਹਨ। ਟੋਕੀਓ ਨੇ ਪਿਛਲੀ ਵਾਰੀ 1964 ਵਿੱਚ ਓਲੰਪਿਕ ਦੀ ਮੇਜ਼ਬਾਨੀ ਕੀਤੀ ਸੀ। ਇਸ ਮੌਕੇ ਓਲੰਪਿਕ ਝੰਡਾ ਲੈ ਕੇ ਪਹੁੰਚੀ ਕੋਇਕੇ ਦੇ ਨਾਲ ਵੱਡੀ ਗਿਣਤੀ 'ਚ ਭੀੜ ਵੀ ਮੌਜੂਦ ਸੀ ਜੋ ਝੰਡੇ ਦੇ ਦੀਦਾਰ ਕਰਨ ਲਈ ਲੰਮੇ ਸਮੇਂ ਤੋਂ ਹਵਾਈ ਅੱਡੇ 'ਤੇ ਮੌਜੂਦ ਸੀ।

ਕੋਇਕੇ ਨੇ ਬੀਤੇ ਐਤਵਾਰ ਨੂੰ ਰੀਓ ਓਲੰਪਿਕ ਦੇ ਸਮਾਪਤੀ ਸਮਾਗਮ ਮੌਕੇ ਹਜ਼ਾਰਾਂ ਅਥਲੀਟਾਂ ਤੇ ਖੇਡ ਪ੍ਰੇਮੀਆਂ ਦੀ ਹਾਜ਼ਰੀ ਵਿੱਚ ਥੌਮਸ ਬਾਖ ਤੋਂ ਓਲੰਪਿਕ ਝੰਡਾ ਲਿਆ ਸੀ। ਇਸ ਮੌਕੇ ਜਪਾਨ ਦੇ ਪ੍ਰਧਾਨ ਮੰਤਰੀ ਸ਼ਿਜ਼ੋ ਅਬੇ ਵੱਲੋਂ ਟੋਕੀਓ ਵਿੱਚ ਓਲੰਪਿਕ ਖੇਡਾਂ ਬਾਰੇ ਇੱਕ ਵੀਡੀਓ ਵੀ ਦਿਖਾਈ ਗਈ ਸੀ। ਉਨ੍ਹਾਂ ਉਥੇ ਕਿਹਾ ਸੀ ਕਿ ਉਹ ਟੋਕੀਓ ਵਿੱਚ ਓਲੰਪਿਕ ਖੇਡਾਂ ਦੀ ਕਾਮਯਾਬੀ ਲਈ ਪੂਰੀ ਮਿਹਨਤ ਕਰਨਗੇ।



ਰਿਓ ਉਲੰਪਿਕ ਦੇ ਪਹਿਲੇ ਹਫਤੇ ਵਿਚ ਹੀ ਆਪਣੇ ਵਾਲਟ ਦੇ ਦੌਰਾਨ ਫਰਾਂਸੀਸੀ ਜਿਮਨਾਸਟ ਸਾਮਿਰ ਐਟ ਦਾ ਖੱਬਾ ਪੈਰ ਟੁੱਟ ਗਿਆ। ਤਸਵੀਰ ਵਿਚ ਸਾਮਿਰ ਦੇ ਚਿਹਰੇ ਤੇ ਦਰਦ ਸਾਫ ਦੇਖਿਆ ਜਾ ਸਕਦਾ ਹੈ। ਸੱਟ ਦੇ ਕਾਰਨ ਸਾਮਿਰ ਆਪਣੇ ਮੈਡਲ ਦੀ ਉਮੀਦ ਵੀ ਗੁਆ ਬੈਠੇ।



ਆਸਟ੍ਰੇਲੀਆ ਦੀ ਜੈਵਲਿਨ ਥ੍ਰੋ ਪਲੇਅਰ ਕਿਮ ਮਿਕਲ ਰਿਓ ਉਲੰਪਿਕ ਵਿਚ ਜੈਵਲਿਨ ਥ੍ਰੋ ਦੇ ਦੌਰਾਨ ਸੱਟ ਖਾ ਬੈਠੀ ਸੀ। ਕੁਆਲੀਫਾਈਂਗ ਮੈਚ ਦੇ ਦੌਰਾਨ ਹੀ ਉਹਨਾਂ ਦੇ ਸੱਜੇ ਮੋਢੇ ਤੇ ਸੱਟ ਲੱਗ ਗਈ ਸੀ।



ਰਿਓ ਉਲੰਪਿਕ ਵਿਚ ਇਕ ਹੋਰ ਦੁਰਘਟਨਾ ਹੋਈ, ਜਿਸ ਵਿਚ ਇਕ ਕੈਮਰਾ ਲੋਕਾਂ ਤੇ ਡਿੱਗ ਗਿਆ ਅਤੇ ਉਹ ਜ਼ਖਮੀ ਹੋ ਗਏ। ਇਕ ਓਵਰਹੈਡ ਟੈਲੀਵਿਜਨ ਕੈਮਰਾ 65 ਫੁੱਟ ਦੀ ਉਚਾਈ ਤੋਂ ਉਲੰਪਿਕ ਪਾਰਕ ਵਿਚ ਡਿੱਗਿਆ ਅਤੇ ਇਸ ਦੁਰਘਟਨਾ ਵਿਚ 7 ਲੋਕ ਜ਼ਖਮੀ ਹੋ ਗਏ।

## ਅਮਰੀਕਾ ਦੇ 40 ਤੋਂ ਵੱਧ ਸੰਸਦ ਮੈਂਬਰ ਸਿੱਖ ਖਿਡਾਰੀਆਂ ਦੇ ਹੱਕ ਵਿਚ ਡਟੇ

ਅਮਰੀਕਾ ਦੇ 40 ਤੋਂ ਵੱਧ ਸੰਸਦ ਮੈਂਬਰਾਂ ਦੇ ਗਰੁੱਪ ਨੇ ਕੌਮਾਂਤਰੀ ਬਾਸਕਟਬਾਲ ਫੈਡਰੇਸ਼ਨ ਨੂੰ ਅਪੀਲ ਕੀਤੀ ਹੈ ਕਿ ਉਹ ਪੱਗਾਂ ਨੂੰ ਲੈ ਕੇ ਸਿੱਖ ਖਿਡਾਰੀਆਂ ਖ਼ਿਲਾਫ 'ਪੁਰਾਣੀ ਤੇ ਭੇਦਭਾਵ ਵਾਲੀ' ਨੀਤੀ ਖਤਮ ਕਰਨ। ਸੰਸਦ ਮੈਂਬਰਾਂ ਨੇ ਕੌਮਾਂਤਰੀ ਬਾਸਕਟਬਾਲ ਫੈਡਰੇਸ਼ਨ (ਫਿਬਾ) ਦੇ ਪ੍ਰਧਾਨ ਹੋਰਾਸਿਓ ਮੁਰਾਤੋਰੀ ਨੂੰ ਭੇਜੀ ਚਿੱਠੀ ਵਿਚ ਲਿਖਿਆ ਹੈ ਕਿ ਸਿੱਖ ਦੁਨੀਆਂ ਭਰ ਵਿੱਚ ਕਈ ਖੇਡਾਂ 'ਚ ਭਾਗ ਲੈਂਦੇ ਹਨ ਅਤੇ ਇੱਕ ਵੀ ਅਜਿਹੀ ਘਟਨਾ ਨਹੀਂ ਹੈ ਜਿਸ ਵਿੱਚ ਪੱਗ ਕਾਰਨ ਕਿਸੇ ਸੱਟ ਵੱਜੀ ਹੋਵੇ ਜਾਂ ਨੁਕਸਾਨ ਪਹੁੰਚਿਆ ਹੋਵੇ ਜਾਂ ਖੇਡ ਵਿੱਚ ਪੱਗ ਕਾਰਨ ਕੋਈ ਰੁਕਾਵਟ ਪੈਦਾ ਹੋਈ ਹੋਵੇ।

ਕਰਾਲੀ ਅਤੇ ਭਾਰਤੀ ਮੂਲ ਦੀ ਏਮੀ ਬੇਰਾ ਦੀ ਅਗਵਾਈ ਹੇਠ ਭੇਜੇ ਗਏ ਇਸ ਪੱਤਰ ਵਿੱਚ 40 ਤੋਂ ਵੱਧ ਸੰਸਦ ਮੈਂਬਰਾਂ ਨੇ ਦਸਤਖ਼ਤ ਕੀਤੇ ਹਨ। ਇਹ ਪੱਤਰ ਕੌਮਾਂਤਰੀ ਫੈਡਰੇਸ਼ਨ ਦੇ ਸੰਭਾਵੀ ਫ਼ੈਸਲੇ ਤੋਂ ਪਹਿਲਾਂ ਲਿਖਿਆ ਗਿਆ ਹੈ। ਕਰਾਲੀ ਅਤੇ ਏਮੀ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਹਰ ਰੋਜ਼ ਫਿਬਾ ਇਸ ਫ਼ੈਸਲੇ ਨੂੰ ਅਗਲੇ ਦਿਨ ਲਈ ਟਾਲ ਰਿਹਾ ਹੈ ਕਿ ਸਿੱਖ ਖੇਡ ਨਹੀਂ ਸਕਦੇ।

ਕਰਾਲੀ ਅਤੇ ਏਮੀ ਨੇ ਕਿਹਾ ਕਿ ਇਹ ਅਜਿਹੀ ਨੀਤੀ ਹੈ ਜਿਸ ਨੂੰ ਪੁਰਾਣੀ, ਭੇਦਭਾਵ ਭਰੀ ਅਤੇ ਟੀਮ ਖੇਡ ਦੀ ਭਾਵਨਾ ਦੇ ਬਿਲਕੁਲ ਉਲਟ ਕਰਾਰ ਦਿੱਤਾ ਜਾ ਸਕਦਾ ਹੈ ਅਤੇ ਇਸ ਨੂੰ ਤਬਦੀਲ ਕਰਨ ਦਾ ਸਮਾਂ ਕਾਫੀ ਪਹਿਲਾਂ ਹੀ ਆ ਚੁੱਕਾ ਹੈ। ਇਸ ਲਈ ਉਹ ਕਾਰਵਾਈ ਲਈ ਜ਼ੋਰ ਦੇ ਰਹੇ ਹਨ, ਜਿਸ ਵਿੱਚ ਉਨ੍ਹਾਂ ਦਾ ਨਵਾਂ ਪੱਤਰ ਵੀ ਸ਼ਾਮਲ ਹੈ ਅਤੇ ਉਹ ਉਨ੍ਹਾਂ ਸਭ ਦਾ ਧੰਨਵਾਦ ਕਰਨਾ ਚਾਹੁੰਦੇ ਹਨ ਜਿਨ੍ਹਾਂ ਸਿੱਖਾਂ ਦੇ ਹੱਕ ਵਿੱਚ ਆਵਾਜ਼ ਉਠਾਈ ਹੈ।

ਉਨ੍ਹਾਂ ਕਿਹਾ ਕਿ ਫਿਬਾ ਨੂੰ ਸਾਡਾ ਸੁਨੇਹਾ ਸਪੱਸ਼ਟ ਹੈ, 'ਉਨ੍ਹਾਂ ਨੂੰ ਖੇਡਣ ਦਿਓ'। ਫਿਬਾ ਦੀ ਇਹ ਭੇਦਭਾਵ ਵਾਲੀ ਨੀਤੀ 2014 ਵਿੱਚ ਉਸ ਸਮੇਂ ਸਾਹਮਣੇ ਆਈ ਸੀ ਜਦੋਂ ਦੋ ਸਿੱਖ ਖਿਡਾਰੀਆਂ ਨੂੰ ਰੈਫਰੀਆਂ ਨੇ ਕਿਹਾ ਸੀ ਕਿ ਜੇਕਰ ਉਨ੍ਹਾਂ ਫਿਬਾ ਦੇ ਏਸ਼ੀਆ ਕੱਪ ਵਿੱਚ ਖੇਡਣਾ ਹੈ ਤਾਂ ਉਨ੍ਹਾਂ ਨੂੰ ਆਪਣੀਆਂ ਪੱਗਾਂ ਉਤਾਰਨੀਆਂ ਪੈਣਗੀਆਂ।

## ਮੈਡਲ ਜਿੱਤਣੇ ਹਨ ਤਾਂ ਭਾਰਤ ਨੂੰ ਖੇਡ ਸੱਭਿਆਚਾਰ ਪੈਦਾ ਕਰਨਾ ਹੋਵੇਗਾ

ਲੰਦਨ ਤੋਂ ਰੀਓ ਤੱਕ ਦੇ ਸਫਰ ਦੌਰਾਨ ਤਗਮਿਆਂ ਦੀ ਗਿਣਤੀ ਵਧਾਉਣ ਲਈ ਭਾਰਤ ਸਰਕਾਰ ਵੱਲੋਂ ਨਾ ਸਿਰਫ ਵਿਸ਼ੇਸ਼ ਅਭਿਆਨ ਛੇੜਿਆ ਗਿਆ ਬਲਕਿ ਜਿਨ੍ਹਾਂ ਮੁਕਾਬਲਿਆਂ ਵਿਚ ਤਗਮੇ ਦੀ ਬਹੁਤ ਉਮੀਦ ਸੀ ਉਨ੍ਹਾਂ ਨਾਲ ਸੰਬੰਧਿਤ ਖਿਡਾਰੀਆਂ ਨੂੰ ਵਿਸ਼ੇਸ਼ ਆਰਥਿਕ ਸਹਿਯੋਗ ਦਿੱਤਾ ਗਿਆ ਤਾਂ ਕਿ ਉਹ ਚੰਗੀ ਤਿਆਰੀ ਕਰ ਸਕਣ। ਬਾਵਜੂਦ ਇਸ ਦੇ ਹੁਣ ਤੱਕ ਕੁਝ ਵੀ ਸਫਲ ਹੁੰਦਾ ਨਜ਼ਰ ਨਹੀਂ ਆ ਰਿਹਾ ਹੈ। ਇਸ ਅਸਫਲਤਾ ਦਾ ਮੁੱਲਾਂਕਣ ਬਾਅਦ ਵਿਚ ਹੀ ਕੀਤਾ ਜਾ ਸਕਦਾ ਹੈ, ਪਰ ਸੋਚਣ ਦੀ ਗੱਲ ਇਹ ਹੈ ਕਿ ਕੀ ਅਗਲੀ ਪੀੜ੍ਹੀ ਨੂੰ ਇਸ ਤਰ੍ਹਾਂ ਨਾਲ ਤਿਆਰ ਕੀਤਾ ਜਾ ਸਕਦਾ ਹੈ ਕਿ ਉਹ ਉਲੰਪਿਕ ਤੇ ਹੋਰ ਕੌਮਾਂਤਰੀ ਮੰਚਾਂ 'ਤੇ ਤਗਮਾ ਜੇਤੂ ਬਣ ਸਕਣ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਪਣੇ ਦੇਸ਼ ਵਿਚ ਜ਼ਿਆਦਾਤਰ ਮਾਂ-ਬਾਪ ਆਪਣੇ ਬੱਚਿਆਂ ਨੂੰ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੋਤਸਾਹਿਤ ਨਹੀਂ ਕਰਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਖੇਡਾਂ ਵਿਚ ਹਿੱਸੇਦਾਰੀ ਸਮਾਂ ਤੇ ਪੈਸੇ ਦੀ ਬਰਬਾਦੀ ਹੈ ਅਤੇ ਬੱਚੇ ਨੂੰ ਸਿਰਫ ਸਿੱਖਿਆ 'ਤੇ ਧਿਆਨ ਦੇਣਾ ਚਾਹੀਦਾ ਤਾਂ ਕਿ ਉਹ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ। ਇਸ ਪਿਠਭੂਮੀ ਵਿਚ ਕੇਂਦਰੀ ਵਿੱਦਿਆਲੇ ਸੰਗਠਨ ਨੇ ਜੋ ਬੀਤੀ 13 ਅਗਸਤ ਨੂੰ ਨਿਰਦੇਸ਼ ਜਾਰੀ ਕੀਤੇ ਹਨ, ਉਹ ਮਹੱਤਵਪੂਰਨ ਅਤੇ ਸਮੀਖਿਆ ਯੋਗ ਹੋ ਜਾਂਦੇ ਹਨ। ਕੇਂਦਰੀ ਵਿੱਦਿਆਲੇ ਸੰਗਠਨ ਦਾ ਉਦੇਸ਼ ਇਹ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਦਾ ਖੇਡ ਸਰਗਰਮੀਆਂ ਵੱਲ ਝੁਕਾਅ ਹੈ ਉਨ੍ਹਾਂ ਨੂੰ ਅਕੈਡਮਿਕ ਮੁਆਵਜ਼ਾ ਉਪਲਬਧ ਕਰਵਾਇਆ ਜਾਵੇ। ਜੋ ਵਿਦਿਆਰਥੀ ਖੇਡ ਪ੍ਰਤੀਯੋਗਤਾਵਾਂ ਲਈ ਤਿਆਰੀ ਕਰਦੇ ਹਨ ਉਨ੍ਹਾਂ ਲਈ ਵਾਧੂ ਕਲਾਸਾਂ ਆਯੋਜਿਤ ਕਰਨ ਦੀ ਵੀ ਯੋਜਨਾ ਹੈ। ਧਿਆਨ ਰਹੇ ਕਿ ਮਾਨਵ ਸੰਸਾਧਨ ਵਿਕਾਸ ਵਿਭਾਗ ਦੇ ਅਧੀਨ ਕੇਂਦਰੀ ਵਿੱਦਿਆਲੇ ਸੰਗਠਨ ਇਕ ਸਿਹਤਮੰਦ ਸੰਸਥਾ ਹੈ। ਉਹ ਮਾਂ-ਬਾਪ ਨੂੰ ਇਹ ਗੱਲ ਸਮਝਾਉਣਾ ਚਾਹੁੰਦੀ ਹੈ ਕਿ ਜੋ ਵਿਦਿਆਰਥੀ ਖੇਡਾਂ ਵਿਚ ਹਿੱਸਾ ਲੈਂਦੇ ਹਨ, ਉਨ੍ਹਾਂ ਨੂੰ ਆਪਣੀ ਅਕੈਡਮਿਕ ਤਰੱਕੀ ਦੀ ਕੀਮਤ 'ਤੇ ਅਜਿਹਾ ਨਹੀਂ ਕਰਨਾ ਪਵੇਗਾ। ਪ੍ਰਸਤਾਵਤ ਯੋਜਨਾ ਦੇ ਰਾਹੀਂ ਕੇਂਦਰ ਸਰਕਾਰ ਦੇ ਸਕੂਲਾਂ ਵਿਚ ਬਦਲਵਾਂ ਅਕੈਡਮਿਕ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ ਅਤੇ ਉਨ੍ਹਾਂ ਵਿਦਿਆਰਥੀਆਂ ਲਈ ਵਾਧੂ ਕਲਾਸਾਂ ਦਾ ਪ੍ਰਬੰਧ ਹੋਵੇਗਾ ਜੋ ਖੇਡ ਸਰਗਰਮੀਆਂ ਦੇ ਕਾਰਨ ਆਮ ਜਮਾਤਾਂ ਵਿਚ ਹਿੱਸਾ ਨਹੀਂ ਲੈ ਪਾਉਣਗੇ। ਜਿਵੇਂ, ਜੇਕਰ ਕੋਈ ਵਿਦਿਆਰਥੀ ਵੱਖਰੀ ਥਾਂ 'ਤੇ ਆਯੋਜਿਤ ਕੋਚਿੰਗ ਕੈਂਪ ਵਿਚ ਹਿੱਸਾ ਲੈਂਦਾ ਹੈ ਅਤੇ ਇਸ ਕਾਰਨ ਕਾਫੀ ਸਮੇਂ ਤੱਕ ਜਮਾਤ ਵਿਚ ਨਹੀਂ ਜਾ ਪਾਉਂਦਾ ਤਾਂ ਸੰਬੰਧਿਤ ਅਧਿਕਾਰੀਆਂ ਨੂੰ ਯਕੀਨੀ ਬਣਾਉਣਾ ਹੋਵਗਾ ਕਿ ਸਕੂਲ ਉਸ ਲਈ ਵਿਸ਼ੇਸ਼ ਜਮਾਤਾਂ ਦਾ ਆਯੋਜਨ ਕਰੇ। ਇਹ ਆਦੇਸ਼ ਕੇਂਦਰੀ ਵਿੱਦਿਆਲੇ ਮੁਖੀ ਨੇ ਦੇਸ਼ ਭਰ ਦੇ ਪ੍ਰਿੰਸੀਪਲਾਂ ਨੂੰ ਜਾਰੀ ਕੀਤਾ ਹੈ। ਇਸ ਯੋਜਨਾ ਦੇ ਪਿੱਛੇ ਸੋਚ ਇਹ ਹੈ ਕਿ ਮਾਂ-ਬਾਪ ਖੇਤਰੀ ਪੱਧਰ ਦੀਆਂ ਸਨਮਾਨਿਤ ਪ੍ਰਤੀਯੋਗਤਾਵਾਂ ਵਿਚ ਵੀ ਆਪਣੇ ਬੱਚਿਆਂ ਨੂੰ ਹਿੱਸਾ ਲੈਣ ਲਈ ਭੇਜਣ ਤੋਂ ਬਚਦੇ ਹਨ ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਇਸ ਨਾਲ ਬੱਚਿਆਂ ਦੇ ਅਕੈਡਮਿਕ ਪ੍ਰਦਰਸ਼ਨ 'ਤੇ ਬੁਰਾ ਪ੍ਰਭਾਵ ਪਵੇਗਾ।





ਪਰ ਕੇਂਦਰੀ ਵਿੱਦਿਆਲੇ ਸੰਗਠਨ ਅਕੈਡਮਿਕਸ ਦੇ ਨਾਲ ਖੇਡਾਂ ਨੂੰ ਵੀ ਪ੍ਰੋਤਸਾਹਿਤ ਕਰਨਾ ਚਾਹੁੰਦਾ ਹੈ ਤਾਂ ਕਿ ਇਸ ਪ੍ਰਕਿਰਿਆ ਨਾਲ ਦੇਸ਼ ਵਿਚ ਖੇਡ ਸੱਭਿਆਚਾਰ ਵਿਕਸਿਤ ਹੋ ਸਕੇ।

ਸੰਗਠਨ ਇਸ ਗੱਲ ਨੂੰ ਵੀ ਧਿਆਨ ਵਿਚ ਲਿਆ ਰਿਹਾ ਹੈ ਕਿ ਕੁਝ ਵਿਦਿਆਰਥੀ ਖੇਡਾਂ ਵਿਚ ਤਾਂ ਚੰਗਾ ਪ੍ਰਦਰਸ਼ਨ ਕਰਦੇ ਹਨ ਪਰ ਚੰਗੇ ਅੰਕ ਨਾ ਲਿਆਉਣ ਦੀ ਵਜ੍ਹਾ ਨਾਲ ਸਨਮਾਨਿਤ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਦਾਖਲਾ ਨਹੀਂ ਲੈ ਪਾਉਂਦੇ ਹਨ। ਇਸ ਤਰ੍ਹਾਂ ਦੇ ਵਿਦਿਆਰਥੀਆਂ ਨੂੰ ਖੇਡ ਕੋਟਾ ਰਾਹੀਂ ਦਾਖ਼ਲਾ ਦਿਵਾਉਣ ਦੀ ਯੋਜਨਾ ਹੈ।

ਦੇਸ਼ ਭਰ ਵਿਚ 1100 ਤੋਂ ਜ਼ਿਆਦਾ ਕੇਂਦਰੀ ਵਿੱਦਿਆਲੇ ਹਨ ਜਿਨ੍ਹਾਂ ਵਿਚੋਂ ਲਗਭਗ 12 ਲੱਖ ਵਿਦਿਆਰਥੀ ਹਨ। ਇਨ੍ਹਾਂ ਵਿਦਿਆਰਥੀਆਂ ਵਿੱਚੋਂ ਰਾਜਵਰਧਨ ਸਿੰਘ ਰਾਠੌਰ ਨਿਕਲੇ ਜਿਨ੍ਹਾਂ ਨੇ ਉਲੰਪਿਕ ਵਿਚ ਕਾਂਸੀ ਤਗਮਾ ਹਾਸਲ ਕੀਤਾ ਸੀ ਅਤੇ ਏਅਰ ਪਿਸਟਲ ਮਾਹਿਰ ਜਸਪਾਲ ਰਾਣਾ ਵੀ ਇਨ੍ਹਾਂ ਸਕੂਲਾਂ ਦੀ ਹੀ ਦੇਣ ਹੈ।

ਪਰ ਸਵਾਲ ਇਹ ਹੈ ਕਿ ਇਹ ਖਿਡਾਰੀ ਆਪਣੇ ਦਮ 'ਤੇ ਅੰਤਰਰਾਸ਼ਟਰੀ ਸਫਲਤਾ ਹਾਸਲ ਕਰ ਸਕੇ ਜਾਂ ਉਨ੍ਹਾਂ ਦੀ ਕਾਮਯਾਬੀ ਵਿਚ ਕੇਂਦਰੀ ਵਿੱਦਿਆਲਿਆਂ ਦਾ ਵੀ ਕੋਈ ਹੱਥ ਹੈ? ਧਿਆਨ ਰਹੇ ਕਿ ਖੇਡ ਸਰਗਰਮੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਕੇਂਦਰੀ ਵਿੱਦਿਆਲੇ ਸੰਗਠਨ ਅਥਲੈਟਿਕਸ, ਸਿਵਿੰਮਿੰਗ, ਹਾਕੀ, ਫੁੱਟਬਾਲ, ਕ੍ਰਿਕਟ, ਟੇਬਲ ਟੈਨਿਸ, ਬੈਡਮਿੰਟਨ, ਹੈਂਡ ਬਾਲ, ਬਾਸਕਟਬਾਲ, ਖੋ-ਖੋ ਅਤੇ ਕਬੱਡੀ ਵਿਚ ਸਕਾਲਰਸ਼ਿਪ ਪ੍ਰਦਾਨ ਕਰਦਾ ਹੈ। ਰਾਜਵਰਧਨ ਰਾਠੌਰ ਅਤੇ ਜਸਪਾਲ ਰਾਣਾ ਨੇ ਸ਼ੂਟਿੰਗ ਵਿਚ ਸਫਲਤਾ ਹਾਸਲ ਕੀਤੀ ਹੈ ਭਾਵ ਉਨ੍ਹਾਂ ਦੀ ਕਾਮਯਾਬੀ ਵਿਚ ਕੇਂਦਰੀ ਵਿੱਦਿਆਲਿਆਂ ਦੀ ਕੋਈ ਵਿਸ਼ੇਸ਼ ਭੂਮਿਕਾ ਨਹੀਂ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਪਿਛਲੇ ਸਾਲ ਰਾਸ਼ਟਰੀ ਖੇਡਾਂ ਵਿਚ ਕੇਂਦਰੀ ਵਿੱਦਿਆਲਿਆਂ ਦੇ 15000 ਤੋਂ ਵੀ ਜ਼ਿਆਦਾ ਵਿਦਿਆਰਥੀਆਂ ਨੇ ਹਿੱਸਾ ਲਿਆ ਸੀ। ਹਾਲ ਹੀ ਵਿਚ ਕੇਂਦਰੀ ਵਿੱਦਿਆਲੇ ਦੇ ਇਕ ਵਿਦਿਆਰਥੀ, ਜਿਸ ਦਾ ਸਬੰਧ ਜੰਮੂ ਨਾਲ ਹੈ, ਨੇ ਸ੍ਰੀਲੰਕਾ ਵਿਚ ਆਯੋਜਿਤ ਰਾਸ਼ਟਰਕੁਲ ਸ਼ਤਰੰਜ ਪ੍ਰਤੀਯੋਗਤਾ ਵਿਚ ਸੋਨ ਤਗਮਾ ਹਾਸਲ ਕੀਤਾ ਹੈ। ਕੇਂਦਰੀ ਵਿੱਦਿਆਲਿਆ ਸੰਗਠਨ ਸ਼ਤਰੰਜ ਦੇ ਖਿਡਾਰੀਆਂ ਨੂੰ ਵੀ ਸਕਾਲਰਸ਼ਿਪ ਪ੍ਰਦਾਨ ਨਹੀਂ ਕਰਦਾ ਹੈ। ਕੁੱਲ ਮਿਲਾ ਕੇ ਸਿੱਟਾ ਇਹ ਹੈ ਕਿ ਹੁਣ ਤੱਕ ਆਪਣੇ ਦੇਸ਼ ਦੇ ਜੋ ਖਿਡਾਰੀ ਦੇਸ਼ ਦਾ ਨਾਂਅ ਰੌਸ਼ਨ ਕਰ ਰਹੇ ਹਨ ਜਿਵੇਂ ਅਭਿਨਵ ਬਿੰਦਰਾ, ਸੁਸ਼ੀਲ ਕੁਮਾਰ, ਰੋਹਨ ਬੋਪੰਨਾ, ਲਿਏਂਡਰ ਪੇਸ, ਸਾਨੀਆ ਮਿਰਜ਼ਾ, ਸਾਇਨਾ ਨੇਹਵਾਲ, ਕੇ. ਸ੍ਰੀਕਾਂਤ, ਲਲਿਤਾ ਬਾਬਰ, ਦੀਪਾ ਕਰਮਾਕਰ ਆਦਿ ਉਹ ਆਪਣੀਆਂ ਨਿੱਜੀ ਕੋਸ਼ਿਸ਼ਾਂ ਦੀ ਵਜ੍ਹਾ ਨਾਲ ਜ਼ਿਆਦਾ ਸਫਲ ਹੋਏ ਹਨ ਬਜਾਏ ਕਿਸੇ ਵਿਵਸਥਾ ਜਾਂ ਸਿਸਟਮ ਦੇ। ਦੇਸ਼ ਵਿਚ ਖੇਡਾਂ ਨੂੰ ਪ੍ਰੋਤਸਾਹਿਤ ਕਰਨ ਲਈ ਜਿੰਨੇ ਵੀ ਖੇਡ ਸੰਘ ਹਨ, ਉਹ ਰਾਜਨੀਤੀ ਦਾ ਅਖਾੜਾ ਜ਼ਿਆਦਾ ਹਨ ਬਜਾਏ ਇਸ ਦੇ ਕਿ ਪ੍ਰਤਿਭਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਅੱਗੇ ਵਧਾਉਣ ਵਿਚ ਸਹਿਯੋਗ ਕਰਨ। ਖੇਡ ਅਧਿਕਾਰੀਆਂ ਦਾ ਖੇਡ ਸੱਭਿਆਚਾਰ ਵਿਕਸਿਤ ਕਰਨ ਵਿਚ ਕਿੰਨੀ ਦਿਲਚਸਪੀ ਤੇ ਗੰਭੀਰਤਾ ਹੈ, ਇਸ ਗੱਲ ਦਾ ਅੰਦਾਜ਼ਾ ਇਸੇ ਤੋਂ ਲਗਾਇਆ ਜਾ ਸਕਦਾ ਹੈ ਕਿ ਰੀਓ ਵਿਚ ਪਹੁੰਚ ਕੇ ਇਨ੍ਹਾਂ ਅਧਿਕਾਰੀਆਂ ਨੇ ਸਿਰਫ ਮਜ਼ਾਕ ਹੀ ਉਡਵਾਇਆ ਅਤੇ ਕੁਝ ਨਹੀਂ ਕੀਤਾ। ਪੁਰਸ਼ ਹਾਕੀ ਟੀਮ ਦੇ ਕੋਲ ਤਾਂ ਯੂਨੀਫਾਰਮ ਤੱਕ ਵੀ ਨਹੀਂ ਸੀ, ਜਿਸ ਕਰਕੇ ਉਹ ਉਦਘਾਟਨ ਸਮਾਰੋਹ ਵਿਚ ਹਿੱਸਾ ਨਹੀਂ ਲੈ ਸਕੇ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਆਪਣੇ ਦੇਸ਼ ਵਿਚ ਪ੍ਰਤਿਭਾਵਾਂ ਦੀ ਕੋਈ ਘਾਟ ਨਹੀਂ ਹੈ ਜਿਵੇਂ ਕਿ ਦੀਪਾ ਕਰਮਾਕਰ, ਲਲਿਤਾ ਬਾਬਰ, ਸਾਇਨਾ ਨੇਹਵਾਲ, ਪੀ. ਵੀ. ਸਿੰਧੂ ਤੇ ਸਾਕਸ਼ੀ ਮਲਿਕ ਆਦਿ ਦੀਆਂ ਕੋਸ਼ਿਸ਼ਾਂ ਤੋਂ ਸਪੱਸ਼ਟ ਹੈ। ਪਰ ਇਨ੍ਹਾਂ ਪ੍ਰਤਿਭਾਵਾਨ ਖਿਡਾਰੀਆਂ ਨੂੰ ਲੱਭਣਾ ਅਤੇ ਤਰਾਸ਼ਣਾ ਇਕ ਜ਼ਿੰਮੇਦਾਰੀ ਦਾ ਕੰਮ ਹੈ ਜਿਸ ਲਈ ਰਾਸ਼ਟਰੀ ਨੀਤੀ ਦੀ ਜ਼ਰੂਰਤ ਹੈ, ਜੋ ਕਿ ਕੇਂਦਰੀ ਵਿੱਦਿਆਲੇ ਸੰਗਠਨ ਦੀਆਂ ਯੋਜਨਾਵਾਂ ਤੋਂ ਕਿਤੇ ਬਿਹਤਰ ਚਾਹੀਦੀਆਂ ਹਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ

## ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਜਥਾ ਕਰਨਗੇ ਸ਼ਬਦ ਗਾਇਨ



ਸ੍ਰੀ ਗੁਰੂ ਰਵਿਦਾਸ ਜੀ

ਸਿੱਖ ਪੰਥ ਦਾ ਪ੍ਰਸਿੱਧ ਰਾਗੀ ਜਥਾ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ 11 ਸਤੰਬਰ 2016 (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਰਸ ਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਤਿਕਾਰਯੋਗ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਅਵਸਰ ’ਤੇ ਆਪ ਆਪਣੇ ਪਰਿਵਾਰਕ ਮੈਂਬਰਾਂ ਨਾਲ ਹਾਜ਼ਰੀਆਂ ਲਗਵਾ ਕੇ ਰਸ-ਭਿੰਨਾ ਸ਼ਬਦ ਸਰਵਣ ਕਰੋ ਜੀ।



ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ)

4 ਸਤੰਬਰ 2016 ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਭਾਈ ਸੁਰਿੰਦਰ ਰੱਤੂ ਅਤੇ ਬੀਬੀ ਮੀਨਾ ਰੱਤੂ ਦੁਆਰਾ ਆਪਣੀ ਭਤੀਜੀ ਸ਼ਵੇਤਾ ਅਤੇ ਸਾਲੇ ਦਿਨੇਸ਼ ਰੱਤੂ ਦੀ ਚੰਗੀ ਸਿਹਤ ਦੀ ਅਰਦਾਸ ਕਰਦਿਆਂ ਕਰਦੀ ਜਾਵੇਗੀ। ਵਾਹਿਗੁਰੂ ਇਸ ਗੁਰੂ ਘਰ ਨੂੰ ਸਮਰਪਿਤ ਪਰਿਵਾਰ ਨੂੰ ਚੜ੍ਹਦੀ ਕਲਾ ਬਖਸ਼ੇ।

ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਫਕੀਰਾ (ਰਮੇਸ਼) ਮਹਿਮੀ
(925) 698-1341

ਦਿਲਬਾਗ ਸਿੰਘ
(209) 834- 4641

**SRI GURU RAVIDASS TEMPLE PITTSBARG (CA)**
**2150 CRESTVIEW DRIVE, PITTSBURG, CA 94565**


# TANDOOR
**Indian Restaurant**

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
**ਮੱਛੀ ਦੇ ਪਕੌੜਿਆਂ ਲਈ ਮਸ਼ਹੂਰ**

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



# L.A. MERCHANDISE
**Whole Sale +Retail**



ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

**500 N. Palora Ave. Yuba City, CA 95991**

530-671-0439, Fax 530-822-0439 Cell- 530-844-3250

# ਰੀਅ'ਜ਼ ਫੈਸ਼ਨ ਦਾ ਸ਼ਾਨਦਾਰ ਉਦਘਾਟਨ




ਐਲਕ ਗਰੋਵ (ਡੀ. ਡੀ. ਬੀ.) ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੇ ਨਾਲ ਲੱਗਦੇ ਸ਼ਹਿਰ ਐਲਕ ਗਰੋਵ 'ਚ ਫੈਸ਼ਨ ਦੀ ਦੁਨੀਆਂ 'ਚ 'ਰੀਅ'ਜ਼ ਫੈਸ਼ਨ' ਸਟੋਰ ਦਾ 27 ਅਗਸਤ ਦਿਨ ਸ਼ਨਿਚਰਵਾਰ ਨੂੰ ਸ਼ਾਨਦਾਰ ਉਦਘਾਟਨ ਕੀਤਾ ਗਿਆ। ਇਸ ਸਟੋਰ ਦੇ ਰਸਮੀ ਉਦਘਾਟਨ ਸਮੇਂ ਸ੍ਰੀ ਕਰਨੈਲ ਵਿਰਕ ਨੇ 'ਦੇਸ਼ ਦੁਆਬਾ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਇਸ ਸਟੋਰ ਤੋਂ ਵਧੀਆ ਕੁਆਲਟੀ ਦੇ ਡਿਜ਼ਾਇਨ ਕੀਤੇ ਸੂਟਸ, ਲਹਿੰਗੇ, ਸਾੜੀਆਂ, ਵਿਆਹ ਲਈ ਲਹਿੰਗੇ, ਬੱਚਿਆਂ-ਔਰਤਾਂ ਅਤੇ ਆਦਮੀਆਂ ਲਈ ਸੂਟਸ, ਜਿਊਲਰੀ ਆਦਿ ਹੋਰ ਬਹੁਤ ਸਾਰੀਆਂ ਫੈਸ਼ਨ ਦੀ ਦੁਨੀਆਂ ਦੀਆਂ ਆਈਟਮਾਂ ਖਰੀਦੀਆਂ ਜਾ ਸਕਦੀਆਂ ਹਨ।

ਇਹ ਸਟੋਰ ਨਿਊ ਇੰਡੀਆ ਸਟਾਪ ਜਾਣੇ ਪਹਿਚਾਣੇ ਸਟੋਰ ਦੇ ਬਿਲਕੁਲ ਨਾਲ ਹੈ, ਜਾਣੀ ਕਿ 9165 ELK GROVE FLORIN Rd. ELK GROVE CA 95624 ਵਿਖੇ ਸਥਿਤ ਹੈ। ਇਸ ਉਦਘਾਟਨੀ ਸਮਾਰੋਹ ਮੌਕੇ ਇਲਾਕਾ ਨਿਵਾਸੀ ਤੇ ਦੂਰੋਂ-ਨੇੜਿਉਂ ਪੁੱਜੀਆਂ ਸ਼ਖਸੀਅਤਾਂ ਨੇ ਇਸ ਨਵੇਂ ਬਿਜ਼ਨਸ ਦੇ ਖੁੱਲ੍ਹਣ ਤੇ ਸਮੂਹ ਵਿਰਕ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਅਤੇ ਬਿਜਨਸ ਦੇ ਵਾਧੇ ਲਈ ਸ਼ੁਭ ਕਾਮਨਾਵਾਂ ਦਿੱਤੀਆਂ।













# ਯੂਬਾ ਸਿਟੀ, ਕੈਲੀਫੋਰਨੀਆ ਦੇ ਟਾਇਰਾ ਬਿਊਨਾ ਗੁਰਦੁਆਰਾ ਸਾਹਿਬ ਵਿਚ ਹੋਈ ਚੋਣ ਦੌਰਾਨ "ਪੰਥਕ ਸਲੇਟ" ਦੀ ਹੋਈ ਭਾਰੀ ਜਿੱਤ ਤੇ ਪੰਥ ਦਰਦੀਆਂ ਨੂੰ ਮੁਬਾਰਕਬਾਦ!

ਨਵੀਂ ਪ੍ਰਬੰਧਕ ਕਮੇਟੀ 'ਪੰਥਕ ਸਲੇਟ' ਸੰਗਤਾਂ ਨੂੰ ਵਿਸ਼ਵਾਸ ਦਿਵਾਉਂਦੀ ਹੈ ਕਿ ਵਿਸ਼ਵ ਭਰ ਵਿਚ ਚਰਚਿਤ ਨਗਰ ਕੀਰਤਨ ਐਤਕਾਂ ਹੋਰ ਵੀ ਜਾਹੋ ਜਲੋਅ ਨਾਲ ਮਨਾਇਆ ਜਾਵੇਗਾ ਤੇ ਅਮਰੀਕਾ ਦੇ ਇਸ ਖਿੱਤੇ 'ਚ ਸਿੱਖ ਸੰਗਤ ਤੋਂ ਸਿੱਖੀ ਦੀ ਚੜ੍ਹਦੀ ਕਲਾ ਤੇ ਸਿੱਖੀ ਮਰਿਆਦਾ ਲਈ ਕੀਤੇ ਜਾ ਰਹੇ ਵੱਖ ਵੱਖ ਕਾਰਜਾਂ ਲਈ ਸਹਿਯੋਗ ਦੀ ਹਮੇਸ਼ਾ ਆਸ ਰਹੇਗੀ।


ਪੰਥਕ ਸਲੇਟ ਦੇ ਜੇਤੂ ਉਮੀਦਵਾਰ ਸਰਬ ਥਿਆੜਾ

## ਸੰਗਤ ਦਾ ਦਾਸ

### ਪੰਥਕ ਸਲੇਟ ਦੇ ਜੇਤੂ ਉਮੀਦਵਾਰ

# ਸਰਬ ਥਿਆੜਾ


ਸਰਬ ਥਿਆੜਾ ਅਤੇ ਉਹਨਾਂ ਦੇ ਸਹਿਯੋਗੀ